RNI No. - PUNPUN/2022/82997

ISSN : 2584-1211

# ਆਪਣੀ ਆਵਾਜ਼

# अपनी आवाज़

# APNI AAWAAZ


| Vol. 5 | Issue 10 | October 2026 | Punjabi Monthly | Published at Jalandhar | Price : Your Love & Affection | Page : 68 |
|---|---|---|---|---|---|---|
| ਸਾਲ 5 | ਅੰਕ 10 | ਅਕਤੂਬਰ 2026 | ਪੰਜਾਬੀ ਮਾਸਿਕ | ਜਲੰਧਰ ਤੋਂ ਪ੍ਰਕਾਸ਼ਿਤ | ਕੀਮਤ : ਤੁਹਾਡਾ ਪਿਆਰ | ਸਫ਼ੇ 68 |




ਫੋਟੋ : ਸ਼ਹਿਬਾਜ਼ ਖ਼ਾਨ

| ਸਾਲ 5 | Vol. 5 | ਅੰਕ 10 | Issue 10 | ਮਾਸਿਕ | Monthly | ਅਕਤੂਬਰ 2026 | October 2026 |
|---|---|---|---|---|---|---|---|

A Refereed Journal of Punjabi Language & Literature

# Apni Aawaaz

Punjabi Monthly

**Editorial Board**

**Chief Editor**

Surinder Singh Sunner
693-GTB Nagar, Jalandhar Punjab
e-mail : ssunner@gmail.com

**Editor :**

Dr. Ram Murti
Village Mallian Khurd,
Tehsil Nakodar (144623)
e-mail : rammurti2014@gmail.com

**Members :**

Sant Sandhu
Surinder Khiwa
Baljit Singh Sangha

**Advisory Board :**

Prof. Harjit Singh Ashak (U.K.)
Principal Kulwinder Singh Sarai
Prof. Kulwant Aujla
Amarjit Kaur Sidhu

**Reffaries :**

Dr Jasvir Singh Principal
Dr Paramjit Singh
Dr. Harpreet Singh
Dr. Baljit Singh
Prithvi Raj Thapar
Jagdeep Singh

**Contact :**

+9194174-49665
+9198725-21575
Email : apniaawaazjal@gmail.com
Website : aapniawaaz.com

## ਇਸ ਅੰਕ ਵਿੱਚ

| | | |
|---|---|---|
| 1. ਪੰਜਾਬ ਪੰਜਾਬੀ ਅਤੇ ਸਿੱਖ | ਸੁਰਿੰਦਰ ਸਿੰਘ ਸੁੰਨੜ | 3 |
| 2. ਸੰਪਾਦਕੀ – ਪਰ ਕਾ ਬੁਰਾ ਨ ਰਾਖਹੁ ਚੀਤ | ਡਾ. ਰਾਮ ਮੂਰਤੀ | 4 |
| 3. ਮਨੋਰਥਮੁਖੀ ਰਚਨਾਕਾਰੀ ਦਾ ਪ੍ਰਖ਼ਰਤਾ ਪ੍ਰਵਚਨ : ਯੁੱਧਵੀਰ | ਡਾ. ਪ੍ਰਿਤਪਾਲ ਸਿੰਘ ਮਹਿਰੋਕ | 5 |
| 4. "ਆਤਮ ਵਿਸ਼ਵਾਸ ਨਾਲ ਹੀ ਆਤਮ ਬਲ ਪੈਦਾ ਹੁੰਦਾ ਹੈ ... | ਜਸਵੀਰ ਸ਼ਰਮਾਂ ਦੱਦਾਹੂਰ | 9 |
| 5. ਹਰਪ੍ਰੀਤ ਪੱਤੋ ਦੀਆਂ ਤਿੰਨ ਕਵਿਤਾਵਾਂ | ਹਰਪ੍ਰੀਤ ਪੱਤੋ | 11 |
| 6. ਪ੍ਰਸਿੱਧ ਉਰਦੂ ਹਾਸ-ਵਿਅੰਗ ਲੇਖਕ : ਫ਼ਿਕਰ ਤੌਂਸਵੀ | ਪ੍ਰੋ. ਨਵ ਸੰਗੀਤ ਸਿੰਘ | 12 |
| 7. ਕਵਿਤਾ – ਅਧਿਆਪਕ ਸੂਰਜ ਦਾ ਸਿਰਨਾਵਾਂ | ਬਲਵਿੰਦਰ ਬਾਲਮ | 14 |
| 8. ਪੜ੍ਹਾਈ ਨੂੰ ਬੋਝ ਨਾ ਬਣਨ ਦਿਓ | ਮੂਲ : ਸ਼ਿਖਰ ਚੰਦ ਜੈਨ | 15 |
| 9. ਗੁਰੂ ਰਵਿਦਾਸ ਜੀ ਦੀ ਸਮਾਨਤਾ ਅਤੇ ਇਸਤਰੀ ਮਾਣ ਦੀ ਸੋਚ | ਪ੍ਰਭਲੀਨ ਕੌਰ ਗੋਂਦਪੁਰ | 17 |
| 10. ਗ਼ਜ਼ਲ | ਸੁਰਜੀਤ ਸਾਜਨ | 20 |
| 11. ਸੁਰਿੰਦਰ ਸਿੰਘ ਸੁੰਨੜ ਦਾ ਰਚਨਾ ਜਗਤ | ਚੇਤਨ ਸਿੰਘ | 21 |
| 12. ਬਾਲ ਕਹਾਣੀ – ਬਾਲਾਂ ਦੇ ਸੁਪਨੇ | ਹਰੀ ਕ੍ਰਿਸ਼ਨ ਮਾਇਰ | 25 |
| 13. ਸ਼ਬਦ – ਖੰਜਰ ਬਾਬਰ ਕੋਲ ਸੀ, ਬਾਬੇ ਕੋਲ ਵਿਚਾਰ | ਲਖਵਿੰਦਰ ਸਿੰਘ ਬਾਜਵਾ | 27 |
| ਬਾਲ-ਗੀਤ – ਸਵੇਰ ਦੀ ਸਭਾ | ਗੁਰਪ੍ਰੀਤ ਸਿੰਘ ਬੀੜ | 27 |
| 14. ਵਿਦਿਅਕ ਢਾਂਚੇ ਦੇ ਚਾਰ ਥੰਮ | ਨੱਕਾਸ਼ ਚਿੱਤੇਵਾਣੀ | 28 |
| 15. ਜਿਸ ਦਿਨ ਪਿੰਡ ਨੇ ਆਪਣਾ ਨਾਮ ਭੁਲਾ ਦਿੱਤਾ | ਡਾ. ਅਮਰਜੀਤ ਟਾਂਡਾ | 30 |
| 16. ਆਪਣੀ ਆਵਾਜ਼ ਵੱਲੋਂ ਡਾ. ਬਲਜੀਤ ਕੌਰ ਜੀ ਨੂੰ ..... | ਰਿਪੋਰਟ – ਰਾਮ ਮੂਰਤੀ | 32 |
| 17. ਯੂਨੀਵਰਸਲ ਪੀਸ ਫੈਡਰੇਸ਼ਨ ਵੱਲੋਂ ਡਾ. ਐੱਸ. ਪੀ. ਸਿੰਘ ... | ਬਲਵਿੰਦਰ ਬਾਲਮ | 34 |
| 18. ਕੁਦਰਤੀ ਆਫਤਾਂ ਤੇ ਇਨਸਾਨੀ ਦਖ਼ਲਅੰਦਾਜ਼ੀ | ਸੰਜੀਵ ਸਿੰਘ ਸੈਣੀ | 35 |
| 19. ਭੱਠ ਪਿਆ ਸੋਨਾ | ਮਨੀਸ਼ ਤਾਲਿਬ | 36 |
| 20. ਜੀਵਨ ਦੇ ਨਵੇਂ ਅਧਿਆਇ ਦੀ ਕਵਿਤਾ : ਪੁਨਰ ਜਨਮ | ਡਾ. ਰਾਮ ਮੂਰਤੀ | 48 |
| 21. "ਗੁਲਾਮੀ" ਨਵੇਂ ਸਾਹਿਤਕਾਰ ਨੂੰ | ਭੂਪਿੰਦਰ ਸਿੰਘ ਨਾਵਲਕਾਰ | 51 |
| 22. ਗੁਰਦੁਆਰਾ ਦਮਦਮਾ ਸਾਹਿਬ ਠੱਟਾ : ਇਤਿਹਾਸ ਪਰੰਪਰਾ... | ਡਾ. ਬਲਜੀਤ ਕੌਰ | 52 |
| 23. ਭਿੱਜ ਗਈਆਂ ਨਣਾਨੇ ਪੂਣੀਆਂ, ਨਾਲੇ ਭਿੱਜ ਗਏ ਚਰਖ਼ੇ... | -ਡਾਕਟਰ ਨਿਰਮਲ ਸਿੰਘ | 54 |
| 24. ਕੀ ਹਾਲ ਸੁਣਾਵਾਂ ਸੱਜਣਾਂ ਨੂੰ | ਅਜਮੇਲ ਗਿੱਲ | 56 |
| 25. ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ | ਜਗਦੀਸ਼ ਰਾਏ ਕੁਲਰੀਆਂ | 57 |
| 26. ਕਥਾ ਇਕ ਪਿੰਡ ਦੀ | ਡਾ. ਜੇ.ਬੀ. ਸੇਖੋਂ | 65 |
| 27. ਨਹੀਂ ਖ਼ਲਕ ਬੰਦ ਜ਼ੁਬਾਨ ਹੁੰਦੀ | ਸੰਤ ਸਿੰਘ ਸੰਧੂ | 66 |

ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਾਨੂੰਨੀ ਕਾਰਵਾਈ ਜਲੰਧਰ ਅਦਾਲਤ 'ਚ ਹੋਵੇਗੀ।

**ਆਪਣੀ ਆਵਾਜ਼**

693-ਗੁਰੂ ਤੇਗ ਬਹਾਦਰ ਨਗਰ,
ਜਲੰਧਰ, ਪੰਜਾਬ-144001

**APNI AAWAAZ**

693 - Guru Teg Bahadur Nagar,
Jalandhar, Punjab-144001

ਇਸ ਮੈਗਜ਼ੀਨ ਦੇ ਸਾਰੇ ਕਾਮੇ ਆਨਰੇਰੀ ਹਨ

# ਪੰਜਾਬ ਪੰਜਾਬੀ ਅਤੇ ਸਿੱਖ

ਸੁਰਿੰਦਰ ਸਿੰਘ ਸੁੰਨੜ



ਅੰਮ੍ਰਿਤਸਰ ਜ਼ਿਲ੍ਹੇ ਤੋਂ ਲੈਕੇ ਪਟਿਆਲਾ ਜ਼ਿਲ੍ਹੇ ਤੱਕ ਇਹ ਜੋ ਪੰਜਾਬ ਬਣਾਈ ਫਿਰਦੇ ਹਨ ਇਹ 1909 ਵਿੱਚ ਜੋ ਅੰਗਰੇਜ਼ਾਂ ਨੇ ਪੰਜਾਬ ਦਾ ਨਕਸ਼ਾ ਬਣਾਇਆ ਸੀ ਜੋ ਅੱਜ ਵੀ ਇੰਟਰਨੈੱਟ ਤੇ ਹੈ ਉਸ ਪੰਜਾਬ ਦਾ ਸਤਵਾਂ ਹਿੱਸਾ ਹੈ। ਲੇਕਿਨ ਪੰਜਾਬ ਉਸ ਤੋਂ ਵੀ ਬਹੁਤ ਵੱਡਾ ਸੀ। ਪੰਜਾਬ ਇਲਾਕੇ ਵਿੱਚ ਦੁਨੀਆਂ ਦਾ ਬਾਰਵਾਂ ਵੱਡਾ ਦੇਸ਼ ਹੁੰਦਾ ਸੀ।

ਲੋਕ ਪੰਜਾਬੀ ਭਾਸ਼ਾ ਸਿਰਫ ਗੁਰਮੁਖੀ ਵਿੱਚ ਲਿਖੀ ਭਾਸ਼ਾ ਨੂੰ ਹੀ ਗਿਣਦੇ ਹਨ। ਗੁਰਮੁਖੀ ਤਾਂ ਗੁਰੂ ਨਾਨਕ ਪਾਤਸ਼ਾਹ ਜੀ ਨੇ ਅਤੇ ਗੁਰੂ ਅੰਗਦ ਦੇਵ ਜੀ ਨੇ 1532-1539 ਵਿੱਚ ਪੈਂਤੀ ਅੱਖਰੀ ਤਿਆਰ ਕੀਤੀ। ਲੇਕਿਨ ਗੁਰੂ ਨਾਨਕ ਪਾਤਸ਼ਾਹ ਜੀ ਤੋਂ ਤਿੰਨ ਸਦੀਆਂ ਪਹਿਲਾਂ ਬਾਬਾ ਫਰੀਦ ਜੀ ਦੇ ਸਲੋਕ ਪੰਜਾਬੀ ਭਾਸ਼ਾ ਵਿੱਚ ਹਨ ਲਿੱਪੀ ਸ਼ਾਹਮੁਖੀ ਹੈ। ਜਪੁਜੀ ਸਾਹਿਬ ਤੋਂ ਸੌ ਸਾਲ ਪਹਿਲਾਂ ਭਗਤ ਰਵਿਦਾਸ ਜੀ ਦੀ ਬਾਨੀ ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ ਪੰਜਾਬੀ ਵਿਚ ਹੈ ਲੇਕਿਨ ਲਿੱਪੀ ਦੇਵਨਾਗਰੀ ਵਿੱਚ ਪੰਜਾਬੀ ਭਾਸ਼ਾ ਵਿਚ ਲਿਖੀ ਹੋਈ ਬਾਨੀ ਹੈ। ਰਾਮਾਨੰਦ ਜੀ ਭਗਤ ਕਬੀਰ ਜੀ ਦੀ ਬਾਨੀ ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਪੰਜਾਬੀ ਵਿਚ ਹੈ ਭਾਵੇਂ ਲਿੱਪੀ ਦੇਵਨਾਗਰੀ ਵਿਚ ਲਿਖੀ ਗਈ ਬਾਨੀ ਹੈ। ਦੁਨੀਆਂ ਦੀਆਂ ਨੱਬੇ ਪ੍ਰਤੀਸ਼ਤ ਭਾਸ਼ਾਵਾਂ ਕੋਲ ਆਪਣੀ ਲਿੱਪੀ ਨਹੀਂ ਹੈ ਲੇਕਿਨ ਪੰਜਾਬੀ ਭਾਸ਼ਾ ਦੁਨੀਆਂ ਦੀ ਇੱਕੋ ਇੱਕ ਭਾਸ਼ਾ ਹੈ ਜਿਸ ਨੂੰ ਦੇਵਨਾਗਰੀ ਸ਼ਾਹਮੁਖੀ ਤੇ ਗੁਰਮੁਖੀ ਵਿਚ ਤਿੰਨ ਲਿੱਪੀਆਂ ਵਿਚ ਲਿਖਿਆ ਗਿਆ।

ਸਿੱਖ ਸਿਰਫ ਅੰਮ੍ਰਿਤਧਾਰੀ ਹੀ ਨਹੀਂ ਕਰੋੜਾਂ ਹਿੰਦੂ ਵੀ ਸਿੱਖ ਹਨ। ਕਰੋੜਾਂ ਸ਼ਿਗਲੀਗਰ ਸਿੱਖ ਹਨ। ਪੀਰ ਬੁੱਧੂਸ਼ਾਹ ਦੀ ਔਲਾਦ ਕੁਰਾਨ ਸ਼ਰੀਫ਼ ਦੀਆਂ ਆਇਤਾਂ ਵੀ ਪੜ੍ਹਦੇ ਹਨ ਅਤੇ ਜਪੁਜੀ ਸਾਹਿਬ ਵੀ ਨਿੱਤਨੇਮ ਨਾਲ ਪੜ੍ਹਦੇ ਹਨ। ਕਰੋੜਾਂ ਮੁਸਲਮਾਨ ਸਿੱਖ ਹਨ। ਸਿੱਖ ਇਕ ਸਵੈ ਵਿਰੋਧੀ ਕੌਮ ਹੈ। ਸਿੱਖਾਂ ਨੂੰ ਦੁਨੀਆਂ ਦੀ ਕੋਈ ਹੋਰ ਕੌਮ ਹੱਥ ਨਹੀਂ ਪਾ ਸਕਦੀ। ਸਿੱਖ ਨੂੰ ਜੇ ਠਿੱਬੀ ਮਾਰੂ ਤਾਂ ਸਿੱਖ ਹੀ ਮਾਰੂ। ਸ਼ਾਹ ਸ਼ਾਹਮੁਹੰਮਦ ਜੰਗ ਸਿੰਘਾਂ ਤੇ ਫਿਰੰਗੀਆਂ ਵਿੱਚ ਲਿਖਦਾ ਹੈ, ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।



# ਪਰ ਕਾ ਬੁਰਾ ਨ ਰਾਖਹੁ ਚੀਤ

ਇਹ ਫੁਰਮਾਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੈ। ਗੁਰਬਾਣੀ ਸਾਨੂੰ ਇੱਕ ਜੀਵਨ ਜਾਚ ਸਿਖਾਉਂਦੀ ਹੈ। ਮਨੁੱਖ ਨੇ ਇਸ ਸੰਸਾਰ ਤੇ ਕਿਵੇਂ ਰਹਿਣਾ ਹੈ ? ਉਸਦੇ ਆਂਢ ਗੁਆਂਢ ਨਾਲ, ਉਸਦੇ ਕੰਮ ਕਰਨ ਦੇ ਸਥਾਨ ਉੱਪਰ, ਰਾਹ ਖਹਿੜੇ ਜਿਹੜੇ ਵੀ ਲੋਕ, ਪਸ਼ੂ ਪੰਛੀ, ਕੀੜੇ ਮਕੌੜੇ, ਰੁੱਖ ਆਦਿਕ ਉਸਨੂੰ ਮਿਲਦੇ ਹਨ ਮਨੁੱਖ ਉਹਨਾਂ ਨਾਲ ਪਿਆਰ ਕਰੇ, ਉਹਨਾਂ ਨਾਲ ਮੁਹੱਬਤ ਕਰੇ। ਸਰਬੱਤ ਦਾ ਭਲਾ ਮੰਗ ਤੇ ਕਿਸੇ ਵੀ ਮਨੁੱਖ, ਜੀਵ ਜੰਤੂ ਦਾ ਬੁਰਾ ਨਾ ਚਿਤਵੇ। ਬਚਪਨ ਵਿੱਚ ਇੱਕ ਕਹਾਣੀ ਪੜ੍ਹਿਆ ਕਰਦੇ ਸਾਂ ਕਿ ਜੋ ਕਿਸੇ ਲਈ ਟੋਆ ਪੁੱਟਦਾ ਹੈ ਉਸ ਲਈ ਖੂਹ ਖਾਤਾ ਪਹਿਲਾਂ ਹੀ ਤਿਆਰ ਹੁੰਦਾ ਹੈ ਭਾਵ ਅਗਰ ਅਸੀਂ ਕਿਸੇ ਦਾ ਬੁਰਾ ਚਿਤਵਦੇ ਹਾਂ ਤਾਂ ਸਾਡੇ ਮਨ ਅੰਦਰ ਨਫਰਤ, ਈਰਖਾ, ਦਵੈਸ਼ ਦੀ ਜ਼ਹਿਰ ਪੈਦਾ ਹੋ ਜਾਂਦੀ ਹੈ। ਇਹ ਜਹਿਰ ਬੁਰਾ ਚਿਤਵਣ ਨਾਲ ਹੀ ਸਾਡੇ ਮਨ ਅਤੇ ਸਰੀਰ ਅੰਦਰ ਪੈਦਾ ਹੋ ਕੇ ਸਾਨੂੰ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੰਦੀ ਹੈ। ਹਾਲੇ ਅਸੀਂ ਦੂਸਰੇ ਦਾ ਬੁਰਾ ਕੀਤਾ ਨਹੀਂ ਸਿਰਫ ਸੋਚਿਆ ਹੀ ਹੈ। ਸੋਚਣ ਦੇ ਨਾਲ ਹੀ ਸਰੀਰ ਵਿੱਚ ਐਸੇ ਹਾਰਮੋਨਸ ਪੈਦਾ ਹੋ ਜਾਂਦੇ ਹਨ, ਐਸੇ ਰਸ ਪੈਦਾ ਹੋ ਜਾਂਦੇ ਹਨ ਜਿਹੜੇ ਸਾਡੇ ਸਰੀਰ ਨੂੰ ਹੀ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੰਦੇ ਹਨ। ਇਸ ਕਰਕੇ ਗੁਰਬਾਣੀ ਸਾਨੂੰ ਸਰਬੱਤ ਦਾ ਭਲਾ ਚਿਤਵਨ ਤੇ ਸਰਬੱਤ ਦਾ ਭਲਾ ਕਰਨ ਦਾ ਸੰਦੇਸ਼ ਅਤੇ ਉਪਦੇਸ਼ ਦਿੰਦੀ ਹੈ। ਗੁਰੂ ਸਾਹਿਬ ਉਪਦੇਸ਼ ਕਰਦੇ ਹਨ

ਪਰ ਕਾ ਬੁਰਾ ਨ ਰਾਖਹੁ ਚੀਤ
ਤੁਮ ਕਉ ਦੁਖੁ ਨਹੀ ਭਾਈ ਮੀਤ

ਐ ਮੇਰੇ ਮਿੱਤਰ, ਮੇਰੇ ਭਾਈ ਅਗਰ ਤੂੰ ਦੂਸਰਿਆਂ ਦਾ ਭਲਾ ਮਨਾਏਗਾ, ਕਿਸੇ ਦਾ ਬੁਰਾ ਨਹੀਂ ਚਿਤਵੇਗਾ ਤਾਂ ਤੇਰਾ ਭਲਾ ਆਪਣੇ ਆਪ ਹੀ ਹੋ ਜਾਣਾ ਹੈ। ਤੇਰੇ ਦੁੱਖਾਂ ਦੀ ਨਵਿਰਤੀ ਵੀ ਆਪਣੇ ਆਪ ਹੀ ਹੋ ਜਾਣੀ ਹੈ। ਗੁਰਬਾਣੀ ਵਿੱਚ ਤਾਂ ਬੁਰੇ ਦਾ ਭਲਾ ਕਰਨ ਦਾ ਸੰਦੇਸ਼ ਵੀ ਦਿੱਤਾ ਗਿਆ ਹੈ। ਬਾਬਾ ਫਰੀਦ ਫਰਮਾਉਂਦੇ ਹਨ :

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ

ਇਸ ਲਈ ਆਓ ਪਿਆਰ ਮੁਹੱਬਤ ਵੰਡੀਏ। ਮਿਲਵਰਤਣ ਤੇ ਸਦਭਾਵਨਾ ਨਾਲ ਰਹੀਏ। ਇੱਕ ਦੂਜੇ ਦਾ ਭਲਾ ਮੰਗੀਏ, ਭਲਾ ਕਰੀਏ ਤਾਂ ਕਿ ਇਹ ਸੰਸਾਰ ਹੀ, ਇਹ ਧਰਤੀ ਹੀ ਸਵਰਗ ਹੋ ਜਾਵੇ। ਸਾਨੂੰ ਕਿਸੇ ਹੋਰ ਸਵਰਗ ਦੀ ਤਾਂਘ ਤੱਕ ਨਾ ਹੋਵੇ।

- ਡਾ. ਰਾਮ ਮੂਰਤੀ

# ਮਨੋਰਥਮੁਖੀ ਰਚਨਾਕਾਰੀ ਦਾ ਪੁਖ਼ਤਾ ਪ੍ਰਵਚਨ : ਯੁੱਧਵੀਰ

ਡਾ. ਪ੍ਰਿਤਪਾਲ ਸਿੰਘ ਮਹਿਰੋਕ
185-ਵਸੰਤ ਵਿਹਾਰ, ਡੀ.ਸੀ.
ਰੈਜ਼ੀਡੈਂਸ ਰੋਡ, ਹੁਸ਼ਿਆਰਪੁਰ -146 001
ਸੰਪਰਕ : 98885-10185

ਪੁਸਤਕ ਚਰਚਾ :
ਪੁਸਤਕ ਦਾ ਨਾਂ : ਯੁੱਧਵੀਰ
(ਕਹਾਣੀ ਸੰਗ੍ਰਹਿ)
ਲੇਖਕ ਦਾ ਨਾਮ : ਲਾਲ ਸਿੰਘ ਦਸੂਹਾ
ਪ੍ਰਕਾਸ਼ਕ : ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
ਪੰਨੇ : 147, ਮੁੱਲ : 250 ਰੁਪਏ
ਰੀਵਿਊਕਰਤਾ : ਡਾ. ਪ੍ਰਿਤਪਾਲ ਸਿੰਘ ਮਹਿਰੋਕ

ਕਹਾਣੀਕਾਰ ਲਾਲ ਸਿੰਘ ਦਸੂਹਾ ਸਮਕਾਲ ਦੇ ਪ੍ਰਮੁੱਖ ਕਹਾਣੀਕਾਰਾਂ ਵਿੱਚ ਗਿਣਿਆ ਜਾਣ ਵਾਲਾ ਮਾਣਮੱਤਾ ਹਸਤਾਖਰ ਹੈ। ਉਸਨੇ ਪੰਜਾਬੀ ਸਾਹਿਤ ਨੂੰ 9 ਮੁੱਲਵਾਨ ਤੇ ਮਿਆਰੀ ਕਹਾਣੀ ਸੰਗ੍ਰਹਿ ਭੇਂਟ ਕੀਤੇ ਹਨ ਜਿਨ੍ਹਾਂ ਵਿੱਚ 'ਮਾਰਖੋਰੇ', 'ਬਲੌਰ', 'ਧੁੱਪ ਛਾਂ', 'ਕਾਲੀ ਮਿੱਟੀ', 'ਅੱਧੇ ਅਧੂਰੇ', 'ਗੜ੍ਹੀ ਬਖ਼ਸ਼ਾ ਸਿੰਘ', 'ਸੰਸਾਰ', 'ਯੁੱਧਵੀਰ' ਅਤੇ 'ਬੇਸਮਝੀਆਂ' (ਸਵੈ ਜੀਵਨਕ ਕਹਾਣੀਆਂ) ਸ਼ਾਮਲ ਹਨ। ਕਹਾਣੀਕਾਰ ਲਾਲ ਸਿੰਘ ਦਸੂਹਾ ਨੇ ਇਨ੍ਹਾਂ ਉੱਚ-ਪੱਧਰੀ ਕਹਾਣੀ ਸੰਗ੍ਰਹਿਆਂ ਦੀ ਵਡਮੁੱਲੀ ਦੇਣ ਨਾਲ ਪੰਜਾਬੀ ਕਹਾਣੀ ਸਾਹਿਤ ਨੂੰ ਅਮੀਰ ਵੀ ਬਣਾਇਆ ਹੈ ਤੇ ਸਾਹਿਤ ਦੇ ਇਸ ਰੂਪ ਨੂੰ ਮਾਣ ਮਹਿਸੂਸ ਕਰਨ ਵਾਲੇ ਮੁਕਾਮ ਤੱਕ ਵੀ ਪਹੁੰਚਾਇਆ ਹੈ। ਲਾਲ ਸਿੰਘ ਇਕ ਚੇਤੰਨ ਤੇ ਯੁੱਗਾਨਕੂਲ ਕਹਾਣੀਕਾਰ ਹੈ। ਪੇਂਡੂ ਸਮਾਜਚਾਰੇ ਤੇ ਅਰਥਚਾਰੇ ਨਾਲ ਜੁੜਦੀਆਂ ਬਹੁ-ਪਰਤੀ ਸਮੱਸਿਆਵਾਂ ਦੇ ਧਰਾਤਲ 'ਤੇ ਉਸਰਦੀਆਂ ਉਸਦੀਆਂ ਕਹਾਣੀਆਂ ਵਿੱਚ ਮਾਨਵੀ ਪੱਖ ਪ੍ਰਮੁੱਖ ਸੁਰ ਵਿੱਚ ਉਘੜਦਾ ਹੈ ਤੇ ਉਹ ਭਾਵੀ ਮਨੁੱਖ ਦੇ ਜੀਵਨ ਨੂੰ ਸੁਹਣੇਰਾ ਬਣਾਉਣ ਦੀਆਂ ਜ਼ਾਮਨ ਹੋਣ ਦਾ ਦਮ ਭਰਦੀਆਂ ਹਨ। ਉਹ ਮਾਨਵਤਾ ਦੇ ਨਿਰੰਤਰ ਵਿਕਾਸ ਤੇ ਮਨੁੱਖ ਲਈ ਬਿਹਤਰ ਜੀਵਨ ਹਾਲਤਾਂ ਵਾਲੇ ਜੀਵਨ ਵਿੱਚ ਵਿਸ਼ਵਾਸ ਰੱਖਦਾ ਹੈ।

'ਯੁੱਧਵੀਰ' ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ 'ਮਹਾਂਮਾਰੀ' ਸਾਧਾਰਨ ਲੋਕਾਂ ਦੀ ਧਾਰਮਿਕ ਆਸਥਾ ਦਾ ਫਾਇਦਾ ਉਠਾ ਕੇ ਉਨ੍ਹਾਂ ਦੀਆਂ ਭਾਵਨਾਵਾਂ ਦਾ ਸ਼ੋਸ਼ਣ ਕਰਕੇ, ਉਨ੍ਹਾਂ ਨੂੰ ਮੌਕਾ ਪ੍ਰਸਤ ਰਾਜਨੀਤੀ ਦੀ ਗੰਦਲੀ ਖੇਡ ਵਿੱਚ ਧਕੇਲਣ ਦੀਆਂ ਕੋਝੀਆਂ ਕੁਚਾਲਾਂ ਨਾਲ ਜਾ ਜੁੜਦੀ ਹੈ। ਇਹ ਕਹਾਣੀ ਪੇਂਡੂ ਸਮਾਜਚਾਰੇ ਨੂੰ ਸੁਚੇਤ ਕਰਦੀ ਹੈ ਕਿ ਜੇ ਸਮਾਂ ਰਹਿੰਦਿਆਂ ਰਾਜਸੀ ਸ਼ਤਰੰਜ ਦੀਆਂ ਚਾਲਾਂ ਖੇਡਣ ਵਾਲਿਆਂ ਨੂੰ ਪਛਾਣਿਆ ਨਾ ਗਿਆ ਤੇ ਉਨ੍ਹਾਂ ਨੂੰ ਕੋਰਾ ਜਵਾਬ ਨਾ ਦਿੱਤਾ ਗਿਆ ਤਾਂ ਖੇਡ



ਵਿਗੜ ਜਾਵੇਗੀ ਤੇ ਲੋਕ ਕਿਸੇ ਅਣਕਿਆਸੀ ਅਣਹੋਣੀ ਦੀ ਭੇਟ ਚੜ੍ਹ ਜਾਣਗੇ। ਰਾਜਸੀ ਲੋਕਾਂ ਵੱਲੋਂ ਸਮੇਂ ਸਮੇਂ, ਮੌਕੇ ਮੁਤਾਬਕ ਲੋਕਾਂ ਨੂੰ ਵਰਤਣ ਦੀਆਂ ਕੋਝੀਆਂ ਕੁਚਾਲਾਂ ਨੇ ਇਸ ਦੇਸ਼ ਦੇ ਰਾਜਸੀ ਚਰਿੱਤਰ ਨੂੰ ਬਹੁਤ ਹੱਦ ਤੱਕ ਬੇਨਕਾਬ ਤਾਂ ਕੀਤਾ ਹੈ ਪਰ ਉਨ੍ਹਾਂ ਦੀ ਢੀਠਤਾਈ ਵੀ ਸਿਰ ਚੜ੍ਹ ਬੋਲਦੀ ਹੈ।ਵੇਖਣ ਵਿੱਚ ਆਉਂਦਾ ਹੈ ਕਿ ਸਿਆਸਤ ਵਿੱਚ ਧਰਮ ਦੀ ਦਖ਼ਲਅੰਦਾਜ਼ੀ ਦਾ ਚਲਨ ਵਧਦਾ ਜਾ ਰਿਹਾ ਹੈ। ਧਰਮ ਦੇ ਨਾਮ ਉਪਰ ਸਿਆਸਤ ਕੀਤੀ ਜਾਂਦੀ ਹੈ। ਕੁਝ ਅਗਾਂਹਵਧੂ ਲੋਕ ਵੀ ਹਨ ਜੋ ਜਾਤ/ਧਰਮ ਤੋਂ ਉਪਰ ਉੱਠ ਕੇ ਰਾਜਨੀਤੀ ਵਿੱਚ ਕੁੱਦਦੇ ਹਨ, ਲੋਕਾਂ ਵਾਸਤੇ ਮਿਸਾਲ ਬਣਦੇ ਹਨ ਤੇ ਆਪਣੀ ਜ਼ਿੰਮੇਵਾਰੀ ਵੀ ਨਿਭਾਉਂਦੇ ਹਨ। ਬਹੁਤੀਆਂ ਹਾਲਤਾਂ ਵਿੱਚ ਸਾਧਾਰਨ ਮਨੁੱਖ ਬੇਵੱਸ ਹੈ। ਸਮਾਜਿਕ/ਸੱਭਿਆਚਾਰਕ ਇਕਸੁਰਤਾ, ਭਾਈਚਾਰਕ ਸਾਂਝ ਤੇ ਧਾਰਮਿਕ ਸਦਭਾਵਨਾ ਬਣਾਈ ਰੱਖਣ ਦੀ ਲੋੜ 'ਤੇ ਬਲ ਦਿੰਦੀ ਇਹ ਕਹਾਣੀ ਸਮਾਜਿਕ ਜਾਗਰੂਕਤਾ ਲਿਆਉਣ ਦਾ ਮਹੱਤਵਪੂਰਨ ਸੁਨੇਹਾ ਦਿੰਦੀ ਹੈ। ਲਾਲ ਸਿੰਘ ਦਸੂਹਾ ਦੀਆਂ ਕਹਾਣੀਆਂ ਲੁੱਟੇ-ਪੁੱਟੇ ਲੋਕਾਂ ਦੇ ਹੱਕ ਵਿੱਚ ਭੁਗਤਣ ਤੇ ਉਨ੍ਹਾਂ ਦੀ ਤਰਫ਼ਦਾਰੀ ਕਰਨ ਦੇ ਸੂਤਰ ਨਾਲ ਜੁੜਦੀਆਂ ਹਨ। ਉਸਦੀਆਂ ਕਹਾਣੀਆਂ ਵਿਚਲਾ ਸੰਘਰਸ਼ਸ਼ੀਲ ਵਿਅਕਤੀ ਬਹੁਤੀਆਂ ਹਾਲਤਾਂ ਵਿੱਚ ਜੇਤੂ ਬਣ ਕੇ ਨਿਕਲਦਾ ਹੈ।

'ਯੁੱਧਵੀਰ' ਕਹਾਣੀ ਪ੍ਰਾਰੰਭ ਹੁੰਦੀ ਹੈ ਤਾਂ ਨੀਂਦ ਦੀ ਝਪਕੀ ਲੈਂਦਾ, ਸੋਚਾਂ ਦੀ ਧਾਰਾ ਵਿੱਚ ਵਹਿ ਰਿਹਾ ਗੁਰਮੀਤ ਅੱਬੜਵਾਹੇ ਉੱਠਦਿਆਂ ਜਾਗੋ-ਮੀਟੀ ਵਿੱਚ ਹੀ ਸੋਚਾਂ ਦੀ ਲੜੀ ਜੋੜਦਿਆਂ ਆਪਣੀ ਪਤਨੀ ਰਤਨੀ ਵੱਲੋਂ ਲਿਖੇ ਤੇ ਪਹਿਲਾਂ ਪੜ੍ਹੇ ਖ਼ੁਦਕੁਸ਼ੀ ਨੋਟ ਨੂੰ ਮੁੜ ਦੁਹਰਾਅ ਰਿਹਾ ਹੈ। ਗੁਰਮੀਤ ਦੇ ਬਾਪ ਦੇ ਅਵੈੜੇ, ਅੜੀਅਲ ਤੇ ਹੈਂਕੜ ਵਾਲੇ ਸੁਭਾਅ ਕਾਰਨ ਘਰ ਵਿੱਚ ਤਣਾਓ ਵਾਲਾ ਮਾਹੌਲ ਬਣਿਆ ਰਹਿੰਦਾ ਹੈ। ਘਰ ਅਤੇ ਵੈੱਲਡਿੰਗ ਵਾਲੀ ਦੁਕਾਨ 'ਤੇ ਉਹ ਕਾਮਿਆਂ ਦੀ ਤੇ ਹਰ ਕਿਸੇ ਦੀ ਝਾੜ-ਝੰਬ ਕਰਦਾ ਰਹਿੰਦਾ ਹੈ। ਗੁਰਮੀਤ ਦਾ ਬਾਪ ਉਸਨੂੰ ਅੱਠਵੀਂ ਜਮਾਤ ਪਾਸ ਕਰਨ ਪਿੱਛੋਂ ਨੌਂਵੀਂ ਜਮਾਤ ਵਿੱਚੋਂ ਹੀ ਪੜ੍ਹਨੋਂ ਹਟਾ ਲੈਂਦਾ ਹੈ ਤੇ ਆਪਣੇ ਨਾਲ ਵੈਲਡਿੰਗ ਦੇ ਕੰਮ ਵਿੱਚ ਲਗਾ ਲੈਂਦਾ ਹੈ।ਕੁਝ ਸਮੇਂ ਬਾਅਦ ਉਹ ਉਸਦਾ ਵਿਆਹ ਕਰ ਦਿੰਦਾ ਹੈ। ਘਰ ਵਿੱਚ ਝੰਜਟ-ਝਮੇਲਾ ਹੋਰ ਵਧਦਾ ਜਾਂਦਾ ਹੈ। ਘਰ ਦੇ ਅਸਹਿਜ ਮਾਹੌਲ ਕਾਰਨ ਹੀ ਗੁਰਮੀਤ ਨੂੰ ਡੁਬੱਈ ਜਾਣ ਲਈ ਮਜਬੂਰ ਹੋਣਾ ਪੈਂਦਾ ਹੈ। ਘਰ ਵਿਚਲੇ ਕਲਾ-ਕਲੇਸ਼ ਕਾਰਨ ਹੀ ਗੁਰਮੀਤ ਦੀ ਪਤਨੀ ਰਤਨੀ ਖ਼ੁਦਕੁਸ਼ੀ ਕਰਨ ਲਈ ਮਜਬੂਰ ਹੁੰਦੀ ਹੈ। ਪਿਤਾ ਤੇ ਪੁੱਤਰ ਦਾ ਅਤੇ ਨੂੰਹ ਤੇ ਸਹੁਰੇ ਦਾ ਦਵੰਦਾਤਮਕ ਰਿਸ਼ਤਾ, ਘਰੇਲੂ ਕਲੇਸ਼ ਅਤੇ ਘਰ ਦਾ ਸਾਹ-ਘੁੱਟਵਾਂ ਮਾਹੌਲ ਰਤਨੀ ਦੀ ਮੌਤ ਦਾ ਕਾਰਨ ਬਣਨ ਵਾਲੇ ਪਹਿਲੂ ਹਨ।ਗੁਰਮੀਤ ਦੇ ਸਹੁਰੇ ਪਿੰਡੋਂ ਆਏ ਕੁਝ ਮੋਹਤਬਰ ਬੰਦਿਆਂ ਵਿੱਚੋਂ ਇਕ 'ਰਸਦੇ ਵਸਦੇ ਘਰਾਂ ਨੂੰ ਉਜਾੜਨ ਵਾਲੇ ਲੋਕਾਂ' ਖ਼ਿਲਾਫ਼ 'ਕੁਝ ਕਰਨ' ਲਈ ਕਹਿੰਦਾ ਹੈ ਤਾਂ ਉਹ ਅਵਾਕ ਰਹਿ ਜਾਂਦਾ ਹੈ। ਰੋ ਰਹੇ ਬਾਲਾਂ (ਯੁੱਧਵੀਰਾਂ) ਦੀਆਂ ਅੱਖਾਂ ਵਿੱਚੋਂ ਡਿੱਗਦੇ ਅੱਥਰੂਆਂ ਵਿਚਲੀ ਰੋਸ ਦੀ ਨਮੀ ਵੀ ਬਹੁਤ ਕੁਝ ਕਹਿ ਰਹੀ ਹੈ। ਸਮਾਜ ਦੇ ਨਿਮਨ ਵਰਗ ਨੂੰ ਜਾਗਰੂਕ ਕਰਦੀ ਇਹ ਕਹਾਣੀ ਬਹੁਤ ਕੁਝ ਕਹਿੰਦੀ ਹੈ, ਕਈ ਪ੍ਰਸ਼ਨ ਉਠਾਉਂਦੀ ਹੈ।ਆਪਣੀ ਹੋਂਦ-ਹਸਤੀ ਨੂੰ ਬਚਾਈ ਰੱਖਣ ਦਾ ਸਵਾਲ ਸਭ ਤੋਂ ਵੱਧ ਕਠਿਨ ਵੀ ਹੈ ਤੇ ਮਹੱਤਵਪੂਰਨ ਵੀ! ਮਨੁੱਖ ਨੂੰ ਉਸਦੀ ਜੀਵਨ ਦੀਆਂ ਵਿਸੰਗਤੀਆਂ ਚੈਨ ਨਹੀਂ ਲੈਣ ਦਿੰਦੀਆਂ। ਮਨੁੱਖੀ ਜੀਵਨ ਦੇ ਹੋ ਰਹੇ ਵਿਗਠਨ ਦਾ ਸੰਕਟ ਉਸਨੂੰ ਬਹੁਤ ਪ੍ਰੇਸ਼ਾਨ ਕਰਦਾ ਹੈ। ਇਹ ਕਹਾਣੀ ਮਨੁੱਖ ਨੂੰ ਆਤਮ ਚਿੰਤਨ ਕਰਨ ਲਈ ਪ੍ਰੇਰਦੀ ਹੈ। ਕਹਾਣੀਕਾਰ ਲਾਲ ਸਿੰਘ ਨੇ ਮਨੁੱਖ ਦੀ ਮਾਨਸਿਕਤਾ ਨੂੰ ਸਮਝਣ ਦਾ ਯਤਨ ਹੀ ਨਹੀਂ ਕੀਤਾ, ਸਗੋਂ ਸਮਕਾਲੀ ਸਮਾਜ ਵਿੱਚ ਵਿਆਪਕ ਮਾਨਸਿਕਤਾ ਦੀਆਂ ਤਹਿਆਂ ਨੂੰ ਫਰੋਲਣ ਤੇ ਉਨ੍ਹਾਂ ਨੂੰ ਪੇਸ਼ ਕਰਨ ਦਾ ਯਤਨ ਵੀ ਕੀਤਾ ਹੈ।

'ਕਾਲੀ-ਕਿਤਾਬ' ਕਹਾਣੀ ਦੇਸ਼ ਦੇ ਭ੍ਰਿਸ਼ਟ ਪ੍ਰਬੰਧਕੀ ਢਾਂਚੇ ਅਤੇ ਉਸਤੋਂ ਵੀ ਬਦਤਰ ਸਿਸਟਮ 'ਤੇ ਪ੍ਰਸ਼ਨ ਉਠਾਉਂਦੀ ਹੈ। ਇਮਾਨਦਾਰ ਤੇ ਸੂਖਮਭਾਵੀ ਵਿਅਕਤੀ ਇਸ ਵਿਵਸਥਾ ਤੰਤਰ/ਭ੍ਰਿਸ਼ਟ ਤੰਤਰ ਸਾਹਵੇਂ ਲਾਚਾਰ ਹੋ ਜਾਂਦਾ ਹੈ। ਉਸਦੀ ਕੋਈ ਪੇਸ਼ ਨਹੀਂ ਚੱਲਦੀ। ਫਿਰ ਵੀ ਉਹ ਲੜਾਈ ਲੜ ਰਿਹਾ ਹੈ।' ਡਾਹਢੇ ਦਾ ਸੱਤੀਂ ਵੀਹੀਂ ਸੌ' ਅਨੁਸਾਰ ਜ਼ੋਰਾਵਰ ਲੋਕ ਸਾਧਾਰਨ ਲੋਕਾਂ ਦੇ ਕੰਮ ਦੀ ਕੋਈ ਕਦਰ ਨਹੀਂ ਕਰਦੇ, ਸਗੋਂ ਉਨ੍ਹਾਂ ਦੀਆਂ ਭਾਵਨਾਵਾਂ ਦਾ ਘਾਣ ਕਰਦੇ ਹਨ।ਕਈ ਵਾਰ ਬੇਕਦਰੀ ਵਾਲਾ ਦਫਤਰੀ ਮਾਹੌਲ ਤੇ ਨਿਰਮੋਹਿਆ ਸਮਾਜਿਕ ਮਾਹੌਲ ਮਨੁੱਖ ਨੂੰ ਕੱਖੋਂ ਹੌਲ਼ਿਆਂ ਕਰ ਦਿੰਦੇ ਹਨ। ਇਥੇ ਵੀ ਜਦੋਂ ਮਨੁੱਖ ਦੀ ਦੂਜਿਆਂ

ਦੇ ਕੰਮ ਆਉਣ ਦੀ ਭਾਵਨਾ ਅਸਰਅੰਦਾਜ਼ ਹੁੰਦੀ ਹੈ ਤਾਂ ਜ਼ਿੰਦਗੀ ਦਾ ਸੁਖਾਵਾਂ ਪਹਿਲੂ ਉਜਾਗਰ ਹੁੰਦਾ ਹੈ।

'ਐਥੇ ਕੁ ਪਿੰਡ ਹੁੰਦਾ ਸੀ ਨਿਹਾਲਪੁਰ-1(ਮੈਂ)' ਕਹਾਣੀ ਪੂੰਜੀਵਾਦ ਦੇ ਪਾਸਾਰੇ ਨਾਲ ਮਨੁੱਖੀ ਵਿਵਹਾਰ ਵਿੱਚ ਵਾਪਰਦੇ ਅਣਕਿਆਸੇ ਪਰਿਵਰਤਨ ਦੀ ਚੀਸ ਵਿੱਚੋਂ ਉਪਜਦੀ ਹੈ। ਸਮੇਂ ਦੇ ਫੇਰ-ਬਦਲ ਨਾਲ ਪਰਿਵਰਤਨ ਵਾਪਰਨਾ ਹੀ ਹੁੰਦਾ ਹੈ। ਸਮੇਂ ਨਾਲ ਰਿਸ਼ਤੇ ਬਦਲ ਜਾਂਦੇ ਹਨ। ਮਨੁੱਖ ਵਿਯੋਗਿਆ ਜਾਂਦਾ ਹੈ। ਮਨੁੱਖ ਲਈ ਆਪਣੇ ਅੰਦਰਲੇ ਮਨੁੱਖ ਨੂੰ ਜੀਵਤ ਰੱਖ ਸਕਣਾ ਵੀ ਇਕ ਚੁਣੌਤੀ ਬਣ ਜਾਂਦੀ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿੱਚ ਲੇਖਕ ਜੇ ਆਪਣੀ ਜ਼ਮੀਰ ਦੀ ਆਵਾਜ਼ ਅਨੁਸਾਰ ਰਚਨਾ ਕਰਦਾ ਹੈ ਤਾਂ ਉਹ ਆਪਣਾ ਅਸਲ ਫ਼ਰਜ਼ ਨਿਭਾ ਰਿਹਾ ਹੋਵੇਗਾ। ਵਿਕਾਊ ਤੇ ਚੜ੍ਹਦੇ ਸੂਰਜ ਨੂੰ ਸਲਾਮ ਕਰਨ ਵਾਲੇ ਲੇਖਕ ਕਹਾਣੀਕਾਰ ਲਾਲ ਸਿੰਘ ਦੀ ਰਚਨਾ ਦ੍ਰਿਸ਼ਟੀ ਦੇ ਚੌਖਟੇ ਵਿੱਚ ਫਿਟ ਨਹੀਂ ਬੈਠਦੇ। ਹਾਲਤਾਂ ਅਕਸਰ ਮਨੁੱਖ ਦਾ ਮੋਹ ਭੰਗ ਕਰ ਦਿੰਦੀਆਂ ਹਨ। ਪੁਰਾਣਾ ਪੇਂਡੂ ਸੱਭਿਆਚਾਰ ਮਾਣ ਮਹਿਸੂਸ ਕਰਨ ਵਾਲੀਆਂ ਸਮਾਜਿਕ/ਸਦਾਚਾਰਕ ਕੀਮਤਾਂ ਅਤੇ ਆਪਣੇਪਨ ਦੀਆਂ ਭਾਵਨਾਵਾਂ ਨਾਲ ਜੁੜਿਆ ਰਿਹਾ ਹੈ, ਜਦ ਕਿ ਹੁਣਵਾਂ ਮਨੁੱਖ ਬੇਗਾਨਗੀ, ਇਕੱਲਤਾ ਤੇ ਕੋਰੇ-ਕਰਾਰੇਪਨ ਜਿਹੀਆਂ ਅਲਾਮਤਾਂ ਦਾ ਸ਼ਿਕਾਰ ਹੋ ਰਿਹਾ ਹੈ। ਭਾਈਚਾਰਕ ਸਾਂਝਾਂ ਟੁੱਟ ਰਹੀਆਂ ਹਨ। ਕਹਾਣੀ ਦੇ ਦੂਜੇ ਭਾਗ 'ਐਥੇ ਕੁ ਪਿੰਡ ਹੁੰਦਾ ਸੀ ਨਿਹਾਲਪੁਰ-2(ਤਾਰੀ)' ਵਿੱਚ ਤਾਰੀ ਅਠਾਰਾਂ ਸਾਲਾਂ ਬਾਅਦ ਆਪਣੇ ਪਿੰਡ ਪਰਤਦਾ ਹੈ।ਤਾਰੀ ਜਿਨ੍ਹਾਂ ਚੁਣੌਤੀਆਂ ਤੇ ਦੁਸ਼ਵਾਰੀਆਂ ਦਾ ਸਾਹਮਣਾ ਕਰਦਾ ਹੈ, ਕਹਾਣੀਕਾਰ ਉਨ੍ਹਾਂ ਦਾ ਬਿਰਤਾਂਤ ਸਿਰਜਦਾ ਹੈ। ਕਹਾਣੀ ਦੇ ਪਹਿਲੇ ਭਾਗ ਵਿੱਚ ਉਸਦਾ ਦੋਸਤ ਅਰਜਨ ਉਸਨੂੰ ਉਸਦੇ ਮਨੋ-ਸੰਕਟ ਵਿੱਚੋਂ ਕੱਢਣ ਦਾ ਯਤਨ ਕਰਦਾ ਹੈ ਤਾਂ ਇਥੇ ਪੂੰਜੀ ਆਧਾਰਿਤ ਤਰੱਕੀ ਮਾਡਲ ਦਾ ਹਿੱਸਾ ਬਣ ਚੁੱਕਿਆ ਉਸਦਾ ਜਮਾਤੀ ਪੰਡਤ ਰਾਮ ਰਤਨ ਉਸਨੂੰ, ਉਸ ਵਾਂਗ, ਉਸ ਵੱਲੋਂ ਅਪਨਾਏ ਮਾਡਲ ਦਾ ਹਿੱਸਾ ਬਣਨ ਲਈ ਕਹਿੰਦਾ ਹੈ ਪਰ ਉਹ ਸ਼ਹਿਰ ਜਾ ਕੇ ਕਿਸੇ ਕਾਰਖਾਨੇ ਵਿੱਚ ਨੌਕਰੀ ਕਰਨ ਦੇ ਆਪਣੇ ਇਰਾਦੇ ਨੂੰ ਤਰਜੀਹ ਦਿੰਦਾ ਹੈ। ਕਹਾਣੀਕਾਰ ਨੌਜਵਾਨ ਵਰਗ ਨੂੰ ਸੱਦਾ ਦਿੰਦਾ ਹੈ ਕਿ ਉਹ ਨਿਹਾਲਪੁਰ ਵਰਗੇ ਸਿਹਤਮੰਦ ਮਾਨਵੀ ਕਦਰਾਂ ਕੀਮਤਾਂ ਨੂੰ ਪ੍ਰਣਾਏ ਪਿੰਡ ਦੀਆਂ ਰਵਾਇਤਾਂ ਤੇ ਭਾਈਚਾਰਕ ਸਾਂਝ ਨੂੰ ਜੀਉਂਦਿਆਂ ਰੱਖਣ! ਮਨੁੱਖੀ ਕਿਰਦਾਰ ਤੇ ਵਿਵਹਾਰ ਵਿੱਚ ਵਾਪਰਦਾ ਪਰਿਵਰਤਨ ਬਹੁਤੀ ਵਾਰ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ, ਜਿਸਨੂੰ ਚੇਤੰਨ ਤੇ ਸਮੇਂ ਦੀ ਨਬਜ਼ ਪਛਾਣਨ ਵਾਲਾ ਕਹਾਣੀਕਾਰ ਲਾਲ ਸਿੰਘ ਬੜੀ ਸ਼ਿੱਦਤ ਨਾਲ ਪੇਸ਼ ਕਰਦਾ ਹੈ।

'ਰੂ-ਬ-ਰੂ' ਕਹਾਣੀ ਖਰਾ ਸੱਚ ਕਹਿਣ ਦੀ ਜੁਰਅਤ ਕਰਦੀ ਹੈ। ਇਕ ਰੂ-ਬਰੂ ਸਮਾਗਮ ਵਿੱਚ ਕਾਲਜ ਦੇ ਵਿਦਿਆਰਥੀਆਂ ਨੂੰ ਮੁਖ਼ਾਤਿਬ ਹੁੰਦਿਆਂ ਕਹਾਣੀਕਾਰ ਲੇਖਕਾਂ ਨੂੰ ਲੱਚਰਤਾ ਤੋਂ ਬਚਣ ਲਈ ਕਹਿੰਦਾ ਹੈ। ਸਸਤੀ ਪ੍ਰਸਿੱਧੀ ਤੇ ਸ਼ੁਹਰਤ ਹਾਸਲ ਕਰਨ ਲਈ ਇਸਨੂੰ 'ਸ਼ੌਰਟ ਕੱਟ ਰਸਤਾ' ਨਹੀਂ ਬਣਾਇਆ ਜਾਣਾ ਚਾਹੀਦਾ। ਲੇਖਕ ਲੋਕ ਹਿਤੂ ਹੋਣਾ ਚਾਹੀਦਾ ਹੈ। ਸਰਕਾਰੀ ਸਰਪ੍ਰਸਤੀ ਹਾਸਲ ਕਰਕੇ ਵਕਤੀ 'ਵਾਹ ਵਾਹ' ਤਾਂ ਖੱਟੀ ਜਾ ਸਕਦੀ ਹੈ ਪਰ ਲੋਕ ਮਕਬੂਲੀਅਤ ਪ੍ਰਾਪਤ ਲੇਖਕ ਨਹੀਂ ਬਣਿਆ ਜਾ ਸਕਦਾ। ਲੇਖਕ ਦੀ ਪ੍ਰਤੀਬੱਧਤਾ ਸਮਾਜ ਪ੍ਰਤੀ ਹੋਣੀ ਚਾਹੀਦੀ ਹੈ ਨਾ ਕਿ ਸੱਤਾ ਪ੍ਰਤੀ!

'ਸੱਥ' ਕਹਾਣੀ ਵੀ ਇਕ ਤੀਬਰ ਸਮਾਜਿਕ ਸਮੱਸਿਆ ਵਿੱਚੋਂ ਪ੍ਰਗਟ ਹੁੰਦੀ ਚਿੰਤਾ ਵਿੱਚੋਂ ਉਪਜਦੀ ਹੈ। ਗ਼ੈਰ-ਮਨੁੱਖੀ ਸਮਾਜਿਕ ਚਲਨ ਜਿੰਦਰ ਵਰਗੀਆਂ ਔਰਤਾਂ ਦੀ ਜਾਨ ਲੈਣ ਦਾ ਕਾਰਨ ਬਣਦਾ ਹੈ। ਕਿਸੇ ਵੀ ਸਮਾਜ ਵਾਸਤੇ ਇਹ ਚਿੰਤਾ ਦਾ ਵਿਸ਼ਾ ਤਾਂ ਹੈ ਹੀ, ਚਿੰਤਨ ਕਰਨ ਦਾ ਵਿਸ਼ਾ ਵੀ ਹੈ। ਪਿੰਡਾਂ ਦੀਆਂ ਸੱਥਾਂ ਵਿੱਚ ਅਜਿਹੀਆਂ ਅਣਹੋਣੀਆਂ ਦੇ ਕਾਰਨ, ਉਪਾਅ ਅਤੇ ਹੱਲ ਲੱਭਣ ਉਪਰ ਵਿਚਾਰ ਚਰਚਾ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਲੋਕਾਂ ਨੂੰ ਜਾਗਰੂਕ ਕੀਤਾ ਜਾ ਸਕੇ ਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਵਾਪਰਨੋ ਘਟ ਸਕਣ। ਸਾਧਾਰਨ ਸੋਚ ਵਾਲੇ ਵਿਅਕਤੀ ਨੂੰ ਵੀ ਇਹ ਕਹਾਣੀ ਹੋਰ ਗਹਿਰਾਈ ਨਾਲ ਕੁਝ ਸੋਚਣ ਲਈ ਪ੍ਰੇਰਿਤ ਵੀ ਕਰਦੀ ਹੈ ਤੇ ਸੇਧ ਵੀ ਪ੍ਰਦਾਨ ਕਰਦੀ ਹੈ।

ਇਹ ਲਾਲ ਸਿੰਘ ਦਸੂਹਾ ਦੀ ਕਹਾਣੀ ਕਲਾ ਦਾ ਕਮਾਲ ਹੈ ਕਿ ਉਹ ਜ਼ਿੰਦਗੀ ਦੇ ਸੱਚ ਤੋਂ ਗਲਪ ਦਾ ਸੱਚ ਬਣ ਕੇ ਪ੍ਰਗਟ ਹੁੰਦੀਆਂ ਆਪਣੀਆਂ ਕਹਾਣੀਆਂ ਦੀ ਤਸਵੀਰਕਸ਼ੀ ਕਰਦਿਆਂ ਕਿਸੇ ਉਚੇਚ ਤੋਂ ਕੰਮ ਨਹੀਂ ਲੈਂਦਾ। ਉਸਦੀਆਂ ਕਹਾਣੀਆਂ ਜਦੋਂ ਜੀਵਨ ਦੇ ਸੱਚ ਤੋਂ ਗਲਪ ਦਾ ਸੱਚ ਬਣਦੀਆਂ ਹਨ ਤਾਂ ਉਸਦੀ ਯਥਾਰਥ ਨੂੰ ਚਿਤਰਣ ਦੀ ਦ੍ਰਿਸ਼ਟੀ ਤੇ ਸਮਰੱਥਾ ਦਾ ਹੁਨਰ ਵੇਖਣ

ਵਾਲਾ ਹੁੰਦਾ ਹੈ। ਦੁਨਿਆਵੀ ਸੱਚ ਨੂੰ ਗਲਪ ਦੇ ਵਿੱਚ ਉਹ ਬੜੀ ਸਫਲਤਾ ਨਾਲ ਢਾਲ ਸਕਿਆ ਹੈ। ਆਪਣੀਆਂ ਕਹਾਣੀਆਂ ਵਿੱਚ ਉਹ ਇਸ ਦਿਸਦੀ ਦੁਨੀਆ ਦੇ ਸਮਾਨਾਂਤਰ ਇਕ ਵੱਖਰਾ ਕਹਾਣੀ ਜਗਤ ਵਸਾ ਲੈਂਦਾ ਹੈ। ਇਹ ਉਸਦੀ ਕਹਾਣੀ ਕਲਾ ਦਾ ਵਿਸ਼ੇਸ਼ ਤੇ ਵਿਲੱਖਣ ਪਹਿਲੂ ਹੋ ਨਿਬੜਦਾ ਹੈ। ਕਹਾਣੀਕਾਰ ਲਾਲ ਸਿੰਘ ਪੰਜਾਬ ਦੇ ਲੋਕ ਜੀਵਨ ਦਾ ਨਿਕਟ ਅਨੁਭਵ ਰੱਖਦਾ ਹੈ। ਉਹ ਸਮਝਦਾ ਹੈ ਕਿ ਉੱਤਮ ਸਮਾਜ ਦੀ ਸਿਰਜਣਾ ਮਨੁੱਖ ਦੇ ਸਿਧਾਂਤਾਂ ਉਪਰ ਟਿਕੇ ਹੋਣ, ਇਮਾਨਦਾਰੀ ਉਪਰ ਪਹਿਰਾ ਦੇਣ, ਮਿਹਨਤ/ਸੰਘਰਸ਼ ਕਰਨ ਅਤੇ ਆਪਣੇ ਕਾਰਜ ਪ੍ਰਤੀ ਪ੍ਰਤੀਬੱਧ ਹੋਣ ਉਪਰ ਨਿਰਭਰ ਕਰਦੀ ਹੈ। ਆਪਣੇ ਵਿਚਾਰਾਂ ਦੀ ਅਭਿਵਿਅਕਤੀ ਲਈ ਲੇਖਕ ਆਪਣੇ ਪਾਤਰਾਂ ਨੂੰ ਮਾਧਿਅਮ ਬਣਾਉਂਦਾ ਹੈ। ਅਜਿਹੇ ਮੌਕਿਆਂ 'ਤੇ ਵੀ ਲੇਖਕ ਆਪਣੀ ਸਿਰਜਣਾਤਮਿਕ ਸਮਰੱਥਾ ਤੇ ਗਲਪ ਕਲਾ ਦਾ ਲੋਹਾ ਮੰਨਵਾਉਂਦਾ ਨਜ਼ਰ ਆਉਂਦਾ ਹੈ। ਸਮਾਜਿਕ ਸਿਸਟਮ ਦੀ ਮਿਸ਼ਰਤ ਅਰਥ ਵਿਵਸਥਾ ਦੇ ਸੰਦਰਭ ਵਿੱਚ ਸਮਾਜ ਵਿੱਚ ਔਰਤ ਦੀ ਸਥਿਤੀ, ਘਰੇਲੂ ਕਲੇਸ਼, ਨੌਕਰੀ ਪੇਸ਼ਾ ਲੋਕਾਂ ਦੀਆਂ ਸਮੱਸਿਆਵਾਂ ਤੇ ਸੀਮਾਵਾਂ, ਜੀਵਨ ਦੀਆਂ ਛੋਟੀਆਂ-ਵੱਡੀਆਂ ਸਮੱਸਿਆਵਾਂ, ਘਰਾਂ ਦੀ ਆਰਥਕ ਮੰਦਹਾਲੀ, ਸ਼ੋਸ਼ਣ, ਮਾਨਵੀ ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਉਨ੍ਹਾਂ ਦੇ ਰੂਪਾਂਤਰਣ ਆਦਿ ਨੂੰ ਕਹਾਣੀਕਾਰ ਲਾਲ ਸਿੰਘ ਬੜੀ ਸ਼ਿੱਦਤ ਨਾਲ ਪੇਸ਼ ਕਰਦਾ ਹੈ। ਉਹ (ਅਤੇ ਉਸਦੇ ਪਾਤਰ ਵੀ) ਕਠੋਰ ਅਤੇ ਗ਼ੈਰ-ਮੁਆਫ਼ਿਕ ਹਾਲਤਾਂ ਵਿੱਚ ਵੀ ਜ਼ਿੰਦਗੀ ਜਿਉਣ ਅਤੇ ਮਾਣਨ ਵਿੱਚ ਵਿਸ਼ਵਾਸ ਰੱਖਦਾ ਹੈ (ਰੱਖਦੇ ਹਨ)। ਕਹਾਣੀਕਾਰ ਭ੍ਰਿਸ਼ਟ ਸਮਾਜਿਕ/ਆਰਥਿਕ ਵਿਵਸਥਾ ਦਾ ਗਹਿਰਾ ਵਿਸ਼ਲੇਸ਼ਣ ਕਰਕੇ ਉਸਦੇ ਦੂਰ ਰਸ ਭਵਿੱਖੀ ਪ੍ਰਭਾਵਾਂ ਵੱਲ ਵੀ ਸੰਕੇਤ ਕਰਦਾ ਹੈ। ਜ਼ਿੰਦਗੀ ਪ੍ਰਤੀ ਗਹਿਰੀ ਅਤੇ ਵਿਆਪਕ ਸੂਝ ਦੇ ਝਲਕਾਰੇ ਉਸਦੀਆਂ ਕਹਾਣੀਆਂ ਵਿੱਚੋਂ ਸਹਿਜੇ ਹੀ ਮਿਲ ਜਾਂਦੇ ਹਨ। ਲਾਲ ਸਿੰਘ ਜਜ਼ਬਾਤੀ ਘਟਨਾਵਾਂ ਨੂੰ ਜੋੜ ਕੇ ਕਹਾਣੀ ਨਹੀਂ ਘੜਦਾ, ਸਗੋਂ ਬੁੱਧੀ ਤੇ ਵਿਵੇਕ ਨੂੰ ਟੁੰਬਣ ਵਾਲੀਆਂ ਘਟਨਾਵਾਂ, ਵਿਚਾਰਾਂ ਨੂੰ ਕਹਾਣੀ ਦੀ ਸਮੱਗਰੀ ਬਣਾਉਂਦਾ ਹੈ ਤੇ ਉਨ੍ਹਾਂ ਨੂੰ ਕਹਾਣੀ ਦੇ ਕਰਾਫ਼ਟ ਵਿੱਚ ਢਾਲਦਾ ਹੈ। ਉਹ ਪੁਰਾਣੇ ਪੇਂਡੂ ਭਾਈਚਾਰੇ ਵਿਚਲੇ ਮਾਨਵੀ ਨਿੱਘ ਅਤੇ ਪਿਆਰ ਨੂੰ ਅਤੇ ਪਦਾਰਥਕ ਹਾਲਤਾਂ ਵਿੱਚ ਬਦਲ ਰਹੇ ਪੇਂਡੂ ਭਾਈਚਾਰੇ ਦੀ ਤਸਵੀਰ ਨੂੰ ਵੀ ਬਾਖ਼ੂਬੀ ਉਲੀਕਦਾ ਹੈ। ਕਹਾਣੀਕਾਰ ਲਾਲ ਸਿੰਘ ਘਟਨਾਵਾਂ ਦੀ ਚੋਣ ਆਪਣੇ ਅਨੁਭਵ ਵਿੱਚੋਂ ਕਰਦਾ ਹੈ ਜਾਂ ਆਪਣੀ ਚਿੰਤਨ ਸਮਰੱਥਾ ਦੁਆਰਾ ਅਜਿਹੀਆਂ ਘਟਨਾਵਾਂ ਦੀ ਸਿਰਜਣਾ ਕਰ ਲੈਂਦਾ ਹੈ, ਜਿਹੜੀਆਂ ਉਸਦੇ ਗਲਪ ਤੱਥ ਨੂੰ ਉਜਾਗਰ ਕਰਨ ਵਾਲੀਆਂ ਹੁੰਦੀਆਂ ਹਨ। ਇੰਜ, ਉਹ ਕਹਾਣੀ ਦੇ ਤੀਬਰ, ਪ੍ਰਭਾਵਸ਼ਾਲੀ ਤੇ ਤੀਖਣ ਪ੍ਰਭਾਵ ਦੀ ਸਿਰਜਣਾ ਕਰਨ ਵਿੱਚ ਕਾਮਯਾਬ ਹੁੰਦਾ ਹੈ। ਲਾਲ ਸਿੰਘ ਦਸੂਹਾ ਸਾਹਿਤ ਤੇ ਸਮਾਜ ਪ੍ਰਤੀ ਆਪਣੀ ਸੁਹਿਰਦ ਜ਼ਿੰਮੇਵਾਰੀ ਨੂੰ ਸਮਝਦਾ ਹੈ। ਮਕਸਦ ਨੂੰ ਮੁੱਖ ਰੱਖ ਕੇ ਮਨੋਰਥਮੁਖੀ ਕਹਾਣੀ ਦੀ ਰਚਨਾ ਕਰਨ ਵਜੋਂ ਜਾਣੇ ਜਾਂਦੇ ਕਹਾਣੀਕਾਰ ਲਾਲ ਸਿੰਘ ਦਾ ਸਮਾਜ ਦੀਆਂ ਸਿਰਜਣਾਤਮਿਕ ਸ਼ਕਤੀਆਂ ਉਪਰ ਦ੍ਰਿੜ੍ਹ ਵਿਸ਼ਵਾਸ ਹੈ। ਉਸਦੀਆਂ ਕਹਾਣੀਆਂ ਲੋਕ-ਹਿਤੂ ਕੀਮਤਾਂ ਨੂੰ ਉਸਾਰਨ ਲਈ ਉਤਸ਼ਾਹ, ਹੱਲਾਸ਼ੇਰੀ, ਪ੍ਰੇਰਨਾ ਤੇ ਸਾਹਿਸ ਪ੍ਰਦਾਨ ਕਰਦੀਆਂ ਹਨ। ਇਹ ਕਹਾਣੀਆਂ ਪਾਠਕ ਦੇ ਮਨ ਨੂੰ ਛੂੰਹਦੀਆਂ ਹਨ ਤੇ ਸੋਚ ਨੂੰ ਜਗਾਉਂਦੀਆਂ ਹਨ। ਇਸੇ ਲਈ 'ਯੁੱਧਵੀਰ' ਪੁਸਤਕ ਨੂੰ ਮੈਂ ਮਨੋਰਥਮੁਖੀ ਰਚਨਾਕਾਰੀ ਦਾ ਪ੍ਰਪੱਕਤਾ ਪ੍ਰਵਚਨ ਕਹਿੰਦਾ ਹਾਂ। ਇਨ੍ਹਾਂ ਕਹਾਣੀਆਂ ਦਾ ਇਹ ਹਾਂਦਰੂ ਪੱਖ ਵੀ ਉਘੜ ਕੇ ਸਾਹਮਣੇ ਆਉਂਦਾ ਹੈ ਕਿ ਉਹ ਜ਼ਿੰਦਗੀ ਦੇ ਰਹੱਸ ਨੂੰ ਸਮਝਣ ਅਤੇ ਇਸਦੇ ਡੂੰਘੇ ਅਰਥਾਂ ਦਾ ਬੋਧ ਕਰਾਉਣ ਵਿੱਚ ਸਹਾਈ ਹੁੰਦੀਆਂ ਹਨ।

ਕਹਾਣੀਕਾਰ ਲਾਲ ਸਿੰਘ ਦਸੂਹਾ ਬਿਨਾਂ ਕਿਸੇ ਪ੍ਰਚਾਰ ਦੇ ਮੱਧਮ ਸੁਰ ਵਾਲੀ ਸਰਲ ਤੇ ਲੋਕ ਭਾਸ਼ਾ ਦੀ ਵਰਤੋਂ ਕਰਕੇ ਪਾਠਕ ਨਾਲ ਸਿੱਧਾ ਰਾਫ਼ਤਾ ਸਥਾਪਤ ਕਰ ਲੈਂਦਾ ਹੈ। ਸਹਿਜ, ਸਰਲ ਤੇ ਸੂਤਰਕ ਸ਼ੈਲੀ ਦੀ ਵਰਤੋਂ ਰਾਹੀਂ ਲੇਖਕ ਸਹਿਜ-ਸੁਭਾਵਿਕ ਲਹਿਜੇ ਰਾਹੀਂ ਆਪਣੀ ਗੱਲ ਕਹਿ ਜਾਂਦਾ ਹੈ। ਸੰਕੁਚਿਤ ਸ਼ੈਲੀ,ਤੀਬਰ ਚਰਿੱਤਰ ਵਿਕਾਸ,ਅਰਥ ਭਰਪੂਰ ਤੇ ਪ੍ਰਭਾਵਸ਼ਾਲੀ ਸੰਵਾਦ ਅਤੇ ਢੁੱਕਵੇਂ ਪ੍ਰਤੀਕ ਇਨ੍ਹਾਂ ਕਹਾਣੀਆਂ ਦੇ ਸਾਹਿਤਕ ਮੁੱਲ ਵਿੱਚ ਵਾਧਾ ਕਰਦੇ ਹਨ। ਇਨ੍ਹਾਂ ਕਹਾਣੀਆਂ ਵਿੱਚ ਪ੍ਰਸਤੁਤ ਵਸਤੂ ਅਨੁਭਵ ਪ੍ਰਬੁੱਧ ਸਿਰਜਕ ਲਾਲ ਸਿੰਘ ਦਸੂਹਾ ਦੀ ਰਚਨਾਤਮਿਕ ਸਮਰੱਥਾ ਦਾ ਪ੍ਰਤੱਖ ਪ੍ਰਮਾਣ ਬਣਦਾ ਹੈ।

# "ਆਤਮ ਵਿਸ਼ਵਾਸ ਨਾਲ ਹੀ ਆਤਮ ਬਲ ਪੈਦਾ ਹੁੰਦਾ ਹੈ ਤੇ ਬੁਲੰਦੀਆਂ ਤੇ ਪਹੁੰਚਿਆ ਜਾ ਸਕਦਾ ਹੈ"

**ਜਸਵੀਰ ਸ਼ਰਮਾਂ ਦੱਦਾਹੂਰ**
ਸਟੇਟ ਐਵਾਰਡੀ ਲੇਖਕ
ਸ੍ਰੀ ਮੁਕਤਸਰ ਸਾਹਿਬ
95691-49556

ਮਨੁੱਖ ਅੰਦਰ ਅਨੇਕਾਂ ਸ਼ਕਤੀਆਂ ਦੇ ਭੰਡਾਰ ਹਨ, ਆਤਮ ਵਿਸ਼ਵਾਸ ਅਜਿਹੀ ਮਹਾਂ ਸ਼ਕਤੀ ਹੈ ਜੋ ਮੰਜਿਲ ਦੇ ਰਾਹ ਵਿੱਚ ਔਕੜਾਂ ਨਸ਼ਟ ਕਰਕੇ ਸਫਲਤਾ ਦਾ ਰਾਹ ਵਿਖਾਉਂਦੀ ਹੈ। ਆਤਮ ਵਿਸ਼ਵਾਸ ਸਫਲਤਾ ਦੇ ਉਸ ਕਿਲੇ ਦਾ ਮਜਬੂਤ ਨੀਂਹ ਪੱਥਰ ਹੈ ਜੋ ਅੜਿੰਗ ਹੈ।

ਇਬ੍ਰਾਹੀਮ ਲਿੰਕਨ ਦਾ ਜਨਮ ਗਰੀਬੀ ਵਿੱਚ ਹੋਇਆ ਉਹ ਬੜੇ ਮਿਹਨਤੀ ਤੇ ਆਤਮ ਵਿਸ਼ਵਾਸੀ ਸਨ ਦਿਨ ਰਾਤ ਮਿਹਨਤ ਕਰਦੇ ਇਥੋਂ ਤੱਕ ਕਿ ਕਿਸੇ ਤੋਂ ਆਪਣੀ ਪੜ੍ਹਾਈ ਲਈ ਲਿਆਂਦੀ ਕਿਤਾਬ ਮੀਹ ਦੇ ਪਾਣੀ ਨਾਲ ਭਿੱਜ ਗਈ ਪਰ ਹੌਂਸਲਾ ਨਹੀਂ ਹਾਰਿਆ ਉਸ ਨੂੰ ਸੁਕਾ ਕੇ ਪੜ੍ਹਾਈ ਜਾਰੀ ਰੱਖੀ। ਉਹਨਾਂ ਨੇ ਲੋਕਾਂ ਦੇ ਖੇਤਾਂ ਵਿੱਚ ਖੂਬ ਕੰਮ ਕੀਤਾ ਆਪਣੀ ਦ੍ਰਿੜਤਾ ਤੇ ਆਤਮ ਵਿਸ਼ਵਾਸ ਸਦਕਾ ਅੰਤ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਬਣੇ। ਗੱਲ ਉਦਮ ਅਤੇ ਅਟੁੱਟ ਵਿਸ਼ਵਾਸ ਤੇ ਆ ਕੇ ਮੁੱਕਦੀ ਹੈ। ਸਾਡੇ ਅੰਦਰ ਸੁੱਤੀਆਂ ਹੋਈਆਂ ਆਤਮਿਕ ਸ਼ਕਤੀਆਂ ਜਾਗਰਤ ਹੋ ਕੇ ਜੀਵਨ ਪੱਧਰ ਉੱਚਾ ਬਣਾਉਂਦੀਆਂ ਹਨ। ਘੋਰ ਸੰਕਟ ਮੁਸੀਬਤਾਂ ਵਿੱਚ ਜਿਸ ਨੇ ਆਪਣੀ ਅੰਦਰੂਨੀ ਸ਼ਕਤੀ ਨੂੰ ਜਗਾ ਲਿਆ ਆਪਣੇ ਆਪ ਨੂੰ ਲੱਭ ਲਿਆ ਉਸਨੇ ਮੁਸੀਬਤਾਂ ਤੇ ਜਿੱਤ ਪ੍ਰਾਪਤ ਕਰ ਲਈ। ਇਹ ਸੱਭ ਸਰੀਰਕ ਢਾਂਚੇ ਦੀ ਤਾਕਤ ਨਾਲ ਨਹੀਂ ਬਲਕਿ ਆਤਮ ਵਿਸ਼ਵਾਸ ਦੁਆਰਾ ਆਤਮ ਬਲ ਦੀ ਸ਼ਕਤੀ ਨਾਲ ਸੰਭਵ ਹੁੰਦਾ ਹੈ। ਆਤਮ ਵਿਸ਼ਵਾਸ ਆਤਮ ਬਲ ਨੂੰ ਪ੍ਰਗਟ ਕਰਦਾ ਹੈ ਕੋਈ ਵੀ ਕਾਰਜ ਕਰਨ ਤੋਂ ਪਹਿਲਾਂ ਮਨੋ ਵਿਚਾਰ ਨਾਲ ਸੋਚਿਆ ਜਾਂਦਾ ਹੈ ਕਾਰਜ ਦੇ ਉਦੇਸ਼ ਦੀ ਪ੍ਰਾਪਤੀ ਲਈ ਦ੍ਰਿੜ ਇਰਾਦਾ ਕਰਕੇ ਸੰਘਰਸ਼ ਨਾਲ ਜੂਝਦਾ ਹੋਇਆ ਵਿਅਕਤੀ ਹੀ ਆਪਣੀ ਮੰਜ਼ਿਲ ਵੱਲ ਵਧੇ ਓਹੀ ਆਸ਼ਾਵਾਦੀ ਹੁੰਦਾ ਹੈ। ਸਾਨੂੰ ਉਸ ਦੇ ਆਤਮ ਵਿਸ਼ਵਾਸ ਦੀ ਤਾਰੀਫ ਕਰਨੀ ਚਾਹੀਦੀ ਹੈ ਪ੍ਰਸ਼ੰਸਾ ਵਿਅਕਤੀ ਵਿੱਚ ਊਰਜਾ ਦਾ ਕੰਮ ਕਰਦੀ ਹੈ ਜਿਸ ਵਿਅਕਤੀ ਦੇ ਰਾਹ ਵੀ ਸਾਫ ਹੋਣ ਉਸ ਉਪਰ ਚਲਣ ਦਾ ਹੀਆ ਨਾ ਕਰੇ ਆਪਣੇ ਆਪ ਨੂੰ ਯੋਗ ਨਾ ਸਮਝ ਕੇ ਦੁਰਬਲ ਵਿਚਾਰਾਂ ਦੁਆਰਾ ਸੋਕ ਪ੍ਰਗਟ ਕਰੇ ਕਿ ਮੈਂ ਅੱਗੇ ਵਧਾਂ ਜਾਂ ਨਾ ਵਧਾਂ ਭੈ ਭੀਤ ਹੋ ਕੇ ਦੁਵਿਧਾ ਵਿੱਚ ਭਟਕਦਾ ਰਹੇ ਤਾਂ ਹੱਥ ਵਿੱਚ ਅਵਸਰ ਹੁੰਦਿਆਂ ਵੀ ਗਵਾ ਬਹਿੰਦਾ ਹੈ।

ਉਸ ਵਿਅਕਤੀ ਦੇ ਹੱਥ ਨਿਰਾਸ਼ਾ ਹੀ ਲੱਗਦੀ ਹੈ ਆਤਮ ਵਿਸ਼ਵਾਸ ਨਾਲ ਸਫਲਤਾ ਦੀ ਪੌੜੀ ਚੜਨ ਲੱਗਿਆਂ ਆਪਣੀ ਕਾਰਜ ਕੁਸ਼ਲਤਾ ਤੇ ਯੋਗਤਾ ਨਾਲ ਅੱਗੇ ਵਧ ਕੇ ਮੰਜ਼ਿਲ ਦੇ ਸਿਖਰ ਤੇ ਪਹੁੰਚਣਾ ਲਗਭਗ ਸੰਭਵ ਹੁੰਦਾ ਹੈ। ਸਭ ਤੋਂ ਪਹਿਲਾਂ ਕਿਸੇ ਕਾਰਜ ਜਾਂ ਵਸਤੂ ਨੂੰ ਮਨ ਚਿਤਰਦਾ ਹੈ ਚਿੱਤਰ ਦਾ ਉਹੀ ਹੈ ਜਿਸ ਦਾ ਹੋਣਾ ਸੰਭਵ ਹੁੰਦਾ ਹੈ ਅਸਮਾਨੋ ਤਾਰੇ ਤੋੜਨ ਹਥੇਲੀ ਤੇ ਪਹਾੜ ਨੂੰ ਚੁੱਕਣ ਦਾ ਚਿੱਤਰ ਕਦੇ ਨਹੀਂ ਚਿਤਰਦਾ ਪ੍ਰੰਤੂ ਪਹਾੜ ਦੀ ਸਿਖਰ ਤੇ ਪਹੁੰਚਣ ਦਾ ਚਿਤਰ ਚਿਤਵਕੇ ਆਤਮ ਵਿਸ਼ਵਾਸ ਨਾਲ ਵਿਅਕਤੀ ਮੰਜ਼ਿਲ ਤੇ ਪਹੁੰਚ ਜਾਂਦਾ ਹੈ।

ਸਰੀਰਕ ਬਲ ਨਾਲੋਂ ਜਿਆਦਾ ਆਤਮ ਬਲ ਦਾ ਹੋਣਾ ਜਰੂਰੀ ਹੈ ਪੰਛੀ ਖੰਭਾਂ ਦੇ ਜਰੀਏ ਲਵਰੇਜ ਹੌਸਲੇ ਅਤੇ ਆਤਮ ਵਿਸ਼ਵਾਸ ਨਾਲ ਉਡਾਰੀਆਂ ਮਾਰਦੇ ਹਨ। ਸਾਬਕਾ ਕੇਂਦਰੀ ਮੰਤਰੀ ਸਵਰਗੀ ਰਜੇਸ਼ ਪਾਈਲਟ ਜੀ ਦਾ ਬਚਪਨ ਗੁਰਬਤ ਭਰੀ ਜ਼ਿੰਦਗੀ ਵਿੱਚ ਗੁਜਰਿਆ ਆਪ ਬੜੇ ਆਤਮ ਵਿਸ਼ਵਾਸ ਵਾਲੇ ਇਨਸਾਨ ਸਨ ਬੜੇ ਆਤਮ ਵਿਸ਼ਵਾਸ ਨਾਲ ਪੜ੍ਹਦੇ ਅਤੇ ਪੜ੍ਹਾਈ ਵਿੱਚ ਅੱਵਲ ਰਹਿੰਦੇ। ਜਦੋਂ ਅਸਮਾਨ ਵਿੱਚ ਹਵਾਈ ਜਹਾਜ ਉਡਦਾ ਵੇਖਦੇ ਤਾਂ ਉਹਨਾਂ ਦੀ ਇੱਛਾ ਵੀ ਪਾਇਲਟ ਬਣ ਕੇ ਅਸਮਾਨ ਵਿੱਚ ਉਡਾਰੀਆਂ ਮਾਰਨ ਦੀ ਸੀ ਆਪਣੀ ਮਿਹਨਤ ਤੇ ਆਤਮ ਵਿਸ਼ਵਾਸ ਦੇ ਬਲਬੂਤੇ ਪਾਈਲਟ ਦੀ ਡਿਗਰੀ ਪਾਸ ਕਰਕੇ ਪਾਇਲਟ ਬਣ ਗਏ। ਸ਼ੁਰੂ ਤੋਂ ਹੀ ਉਹਨਾਂ ਦੇ ਮਨ ਵਿੱਚ ਚੇਤਨਾ ਪਾਈਲਟ ਬਨਣ ਦੀ ਸੀ ਜੋ ਉਹਨਾਂ ਨੇ ਸਾਕਾਰ ਕੀਤਾ। ਮਨ ਵਿਚਾਰ ਤੋਂ ਬਾਅਦ ਹੀ ਯਤਨ ਆਰੰਭ ਹੁੰਦਾ ਹੈ। ਜਿਸ ਦੀ ਅਸੀਂ ਇੱਛਾ ਰੱਖਦੇ ਆ ਉਹ ਸਾਡੀ ਮਿਹਨਤ ਤੇ ਗਰਭ ਵਿੱਚ

ਛੁਪੀ ਹੁੰਦੀ ਹੈ ਜਿਸ ਨੂੰ ਅਸੀਂ ਲਗਨ ਤੇ ਆਤਮ ਵਿਸ਼ਵਾਸ ਦੁਆਰਾ ਹੀ ਪ੍ਰਾਪਤ ਕਰ ਸਕਦੇ ਹਾਂ। ਜੇਕਰ ਅਸੀਂ ਆਪਣੀ ਯੋਗਤਾ ਤੇ ਸ਼ਖਸੀਅਤ ਦਾ ਪ੍ਰਭਾਵ ਲੋਕਾਂ ਤੇ ਪਾਉਣਾ ਚਾਹੁੰਦੇ ਹਾਂ ਤਾਂ ਯੋਗਤਾ ਤੇ ਸ਼ਖਸੀਅਤ ਦੇ ਗੁਣ ਪਹਿਲਾਂ ਆਪਣੇ ਅੰਦਰ ਪੈਦਾ ਕਰਕੇ ਆਪਣੀ ਯੋਗਤਾ ਤੇ ਸ਼ਖਸੀਅਤ ਦਾ ਪ੍ਰਭਾਵ ਦੂਸਰੇ ਤੇ ਜਮਾ ਸਕਦੇ ਹਾਂ।

ਇਹ ਕੰਮ ਸਿਰਫ ਵਿਅਕਤੀ ਦਾ ਆਪਣਾ ਹੀ ਹੁੰਦਾ ਹੈ ਜੋ ਵਿਅਕਤੀ ਆਪਣੀ ਯੋਗਤਾ ਨਹੀਂ ਵਰਤਦਾ ਉਸਦੀ ਯੋਗਤਾ ਵੀ ਅਯੋਗਤਾ ਵਿੱਚ ਬਦਲ ਜਾਂਦੀ ਹੈ। ਆਪਣੀ ਯੋਗਤਾ ਨੂੰ ਸਵੀਕਾਰ ਨਾ ਕਰਨਾ ਦੂਸਰਿਆਂ ਦੇ ਮਨ ਵਿੱਚ ਆਪਣੇ ਪ੍ਰਤੀ ਸੰਦੇਹ ਪੈਦਾ ਕਰਨਾ ਹੁੰਦਾ ਹੈ ਜਿਸ ਨੂੰ ਆਪਣੇ ਉੱਪਰ ਵਿਸ਼ਵਾਸ ਨਹੀਂ ਉਹ ਦੂਜਿਆਂ ਉੱਪਰ ਵਿਵਾਦ ਨਹੀਂ ਕਰ ਸਕਦਾ। ਉਸ ਦੇ ਪੱਲੇ ਨਿਰਾਸ਼ਾ ਹੀ ਹੁੰਦੀ ਹੈ ਨਿਰਾਸ਼ਾ ਵਿੱਚੋਂ ਅਸਫਲਤਾ ਉਪਜਦੀ ਹੈ।

ਸਵਰਗੀ ਇੰਦਰਾ ਗਾਂਧੀ ਜੀ ਨੇ ਸਵਰਗੀ ਰਜੇਸ਼ ਪਾਇਲਟ ਜੀ ਦੀ ਯੋਗਤਾ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਨੂੰ ਲੋਕ ਸਭਾ ਸੀਟ ਲੜਨ ਲਈ ਕਿਹਾ ਰਜੇਸ਼ ਜੀ ਨੇ ਲੋਕ ਸਭਾ ਸੀਟ ਦੇ ਪ੍ਰਚਾਰ ਲਈ ਆਪਣੀ ਪਤਨੀ ਦੇ ਗਹਿਣੇ ਤੱਕ ਵੇਚ ਦਿੱਤੇ ਆਪਣੇ ਹੌਸਲੇ ਸਦਕਾ ਆਰਥਿਕ ਪ੍ਰਸਥਿਤੀਆਂ ਦਾ ਟਾਕਰਾ ਕਰਦੇ ਹੋਏ ਲੋਕ ਸਭਾ ਸੀਟ ਜਿੱਤਣ ਵਿੱਚ ਸਫਲ ਹੋ ਗਏ ਜਿਹੜੇ ਵਿਅਕਤੀ ਨੂੰ ਆਪਣੀ ਯੋਗਤਾ ਦਾ ਭਰੋਸਾ ਹੁੰਦਾ ਹੈ ਉਹ ਕਿਸੇ ਦੀ ਪਰਵਾਹ ਨਹੀਂ ਕਰਦੇ ਉਹ ਕੰਡਿਆਂ ਭਰੇ ਰਾਹਾਂ ਨੂੰ ਫੁੱਲਾਂ ਦੀ ਸੇਜ ਸਮਝ ਕੇ ਉਸ ਉੱਪਰ ਚਲਦੇ ਹਨ ਆਪਣੇ ਆਤਮ ਵਿਸ਼ਵਾਸ ਨਾਲ ਘਰ ਦੇ ਵਿੱਚੋਂ ਸੂਈ ਵੀ ਲੱਭਣ ਵਿੱਚ ਕਾਮਯਾਬ ਹੋ ਜਾਂਦੇ ਹਨ। ਆਤਮ ਵਿਸ਼ਵਾਸ ਨਾਲ ਜਿਹੜੇ ਕੰਮ ਨੂੰ ਹੱਥ ਪਾਉਂਦੇ ਹਨ ਅਕਸਰ ਹੀ ਕਰ ਲੈਂਦੇ ਹਨ। ਅਜਿਹੇ ਵਿਅਕਤੀ ਦ੍ਰਿੜ ਇਰਾਦੇ ਤੇ ਧੁੰਨ ਦੇ ਪੱਕੇ ਹੁੰਦੇ ਹਨ। ਭਾਵੇਂ ਲੋਕ ਉਹਨਾਂ ਨੂੰ ਮੂਰਖ ਹੀ ਸਮਝਣ ਉਹਨਾਂ ਦਾ ਕੰਮ ਸਿਰਫ ਆਪਣੇ ਯਤਨਾ ਦੁਆਰਾ ਸਫਲਤਾ ਵੱਲ ਵਧਣਾ ਹੁੰਦਾ ਹੈ। ਅਜਿਹੇ ਅਟੁੱਟ ਵਿਸ਼ਵਾਸ ਵਾਲੇ ਵਿਅਕਤੀ ਸੰਸਾਰ ਵਿੱਚ ਸਫਲ ਹੋ ਕੇ ਆਪਣਾ ਨਾਮ ਪ੍ਰਸਿੱਧ ਕਰ ਜਾਂਦੇ ਹਨ ਜੇਕਰ ਅਸੀਂ ਮਹਾਨ ਬਣਨਾ ਚਾਹੁੰਦੇ ਆ ਤਾਂ ਸਾਨੂੰ ਆਪਣੇ ਅੰਦਰ ਆਤਮ ਵਿਸ਼ਵਾਸੀ ਸ਼ਕਤੀਆਂ ਨੂੰ ਜਗਾਉਣ ਦੀ ਲੋੜ ਹੈ ਆਪਣੀ ਮਨੋ ਬਿਰਤੀ ਨੂੰ ਇੱਕ ਸਾਰ ਕਰਕੇ ਮਹਾਨ ਕੰਮਾਂ ਵਿੱਚ ਇੱਕ ਸਾਰ ਹੋਣਾ ਲਾਜ਼ਮੀ ਹੈ। ਫਿਰ ਆਪਣੀ ਇੱਛਾ ਅਨੁਸਾਰ ਕਾਰਜ ਵਿੱਚੋਂ ਸਫਲਤਾ ਦਾ ਸਾਰਥਕ ਨਤੀਜਾ ਪ੍ਰਾਪਤ ਕਰ ਸਕਦੇ ਹਾਂ।

ਵਿਸ਼ੇਸ਼ ਬਣਨ ਲਈ ਕੰਮ ਵੀ ਵਿਸ਼ੇਸ਼ ਕਰੋ ਆਲਸੀ ਅਤੇ ਨਾਹ ਪੱਖੀ ਲੋਕਾਂ ਨਾਲੋਂ ਆਪਣੇ ਆਪ ਨੂੰ ਵੱਖ ਰੱਖਣ ਦਾ ਯਤਨ ਕਰੋ। ਆਲਸ ਤੇ ਹੀਨ ਭਾਵਨਾ ਨੂੰ ਤਿਆਗ ਕੇ ਉਲਾਸ ਅਤੇ ਸਦਭਾਵਨਾ ਉਤਪੰਨ ਕਰਨੀ ਚਾਹੀਦੀ ਹੈ। ਆਸ ਸਾਡੇ ਜੀਵਨ ਦਾ ਮਨੋਰਥ ਹੈ ਖੁਦ ਆਪਣੀ ਕੀਮਤ ਵੇਸ਼ ਕੀਮਤੀ ਯਤਨਾਂ ਨਾਲ ਆਂਕੋ। ਜਿਸ ਤਰ੍ਹਾਂ ਦੀ ਸਾਡੀ ਭਾਵਨਾ ਹੋਵੇਗੀ ਵੈਸੀ ਹੀ ਝਲਕ ਸਾਡੇ ਚਿਹਰੇ ਤੇ ਵਿਖਾਈ ਦੇਵੇਗੀ। ਇਹ ਗੱਲ ਧਿਆਨ ਦੇਣ ਯੋਗ ਹੋਵੇਗੀ ਕਿ ਜੋ ਮੁੱਲ ਅਸੀਂ ਆਂਕ ਰੱਖਿਆ ਹੈ ਇਸ ਤੋਂ ਜਿਆਦਾ ਸਾਨੂੰ ਆਪਣੇ ਆਤਮ ਵਿਸ਼ਵਾਸ ਤੋਂ ਬਿਨਾ ਕਿਤੋਂ ਨਹੀਂ ਮਿਲ ਸਕਦਾ।

ਆਤਮ ਵਿਸ਼ਵਾਸ ਹੀ ਸਫਲਤਾ ਦੀ ਕੁੰਜੀ ਹੈ। ਹਰੇਕ ਵਿਅਕਤੀ ਆਪਣੀ ਯੋਗਤਾ ਦਾ ਅੰਦਾਜ਼ਾ ਖੁਦ ਹੀ ਲਾ ਸਕਦਾ ਹੈ। ਕਿਸੇ ਦੂਜੇ ਦੀ ਯੋਗਤਾ ਦਾ ਅੰਦਾਜ਼ਾ ਲਾਉਣਾ ਅਸੰਭਵ ਹੈ। ਜੋ ਆਤਮ ਵਿਸ਼ਵਾਸ ਨੂੰ ਢਾਹ ਲਾਵੇ ਕਦੇ ਕਦੇ ਅਜਿਹੇ ਵਿਅਕਤੀ ਨਾਲ ਵੀ ਭੇਟ ਹੋ ਜਾਂਦੀ ਹੈ ਜੋ ਸਾਡੇ ਆਤਮ ਵਿਸ਼ਵਾਸ ਨੂੰ ਖੰਡਤ ਕਰਨ ਦੇ ਉਦੇਸ਼ ਨਾਲ ਕਹਿ ਦਿੰਦੇ ਹਨ ਕਿ ਤੁਸੀਂ ਇਸ ਕੰਮ ਦੇ ਲਾਇਕ ਨਹੀਂ ਤੁਹਾਡੇ ਕੋਲ ਐਡੇ ਵੱਡੇ ਕੰਮ ਦੀ ਯੋਗਤਾ ਨਹੀਂ ਤੁਸੀਂ ਇਹਨਾਂ ਬਰੀਕੀਆਂ ਤੋਂ ਅਣਜਾਣ ਹੋ ਇਸ ਪ੍ਰਕਾਰ ਦੇ ਨਕਾਰਾਤਮਕ ਸ਼ਬਦ ਕਹਿ ਕੇ ਹੌਸਲੇ ਨੂੰ ਅਪਮਾਨਤ ਕਰ ਦਿੱਤਾ ਜਾਂਦਾ ਹੈ ਕਿਉਂਕਿ ਤੁਹਾਡੀ ਯੋਗਤਾ ਦਾ ਅੰਦਾਜ਼ਾ ਦੂਜਿਆਂ ਨੂੰ ਨਹੀਂ ਹੁੰਦਾ। ਕਿਸੇ ਵੀ ਕਾਰਜ ਨੂੰ ਪੂਰਾ ਕਰਨ ਦਾ ਦ੍ਰਿੜ ਇਰਾਦਾ ਮਨ ਵਿੱਚੋਂ ਅੰਤਿਮ ਰੂਪ ਵਿੱਚ ਸਿੱਧ ਕਰਦਾ ਹੈ ਕਿ ਆਤਮਾ ਵਿਸ਼ਵਾਸ ਅਤਿਅੰਤ ਜਰੂਰੀ ਹੈ। ਆਤਮ ਵਿਸ਼ਵਾਸ ਦੁਆਰਾ ਹੀ ਆਪਣੀ ਮੰਜ਼ਿਲ ਦੀ ਸਿਖਰ ਤੇ ਪਹੁੰਚਿਆ ਜਾ ਸਕਦਾ ਹੈ।

***

# ਹਰਪ੍ਰੀਤ ਪੱਤੋ ਦੀਆਂ ਤਿੰਨ ਕਵਿਤਾਵਾਂ

**ਹਰਪ੍ਰੀਤ ਪੱਤੋ**
ਪਿੰਡ ਪੱਤੋ ਹੀਰਾ ਸਿੰਘ
ਮੋਗਾ ਫੋਨ ਨੰਬਰ 94658-21417

ਕਾਵਿਤਾ

## ਕਦੋਂ ਮਘੇਂਗਾ ਸੂਰਜਾ?

ਮੋਢੇ ਕਹੀ ਹੱਥ ਦਾਤੀ ਫੜ
ਕਾਮਾ ਖੇਤ ਨੂੰ ਜਾਵੇ।
ਪੈਰੀ ਠਿੱਬੇ, ਸਿਰ 'ਤੇ ਮੜਾਸਾ?
ਸਾਰਾ ਦਿਨ ਲੰਘਾਵੇ।

ਤੂਤ ਦੀ ਛਾਂ ਵੀ ਡੱਬ-ਖੜੱਬੀ,
ਜਿੱਥੇ ਝੱਟ ਲੰਘਾਵੇ।
ਸਾਰੀ ਦਿਹਾੜੀ ਥੱਕ ਟੁੱਟ ਜਾਂਦਾ,
ਸ਼ਾਮੀ ਘਰ ਨੂੰ ਆਵੇ।

ਫਿਕਰੀਂ ਭੋਰੀਂ ਰਾਤਾਂ ਲੰਘਣ,
ਸ਼ਾਹਾਂ ਦਾ ਕਰਜ ਸਤਾਵੇ।
ਧੀ ਹੋਈ ਘਰ ਕੋਠੇ ਜਿੱਡੀ,
ਜਮਾਨਾਂ ਪਿਆ ਡਰਾਵੇ।

ਘੋਰ ਗਰੀਬੀ ਮਾਪੇ ਬੁੱਢੇ,
ਕਿਸ ਨੂੰ ਦਰਦ ਸੁਣਾਵੇ।
ਕਦੇ ਖੇਤ ਨੂੰ ਔੜ ਮਾਰਦੀ,
ਪਾਣੀ ਪਿਆ ਰੁੜ੍ਹਾਵੇ।

ਕੰਮ ਫੇਰ ਵੀ ਰਹਿਣ ਅਧੂਰੇ,
ਕਿੰਨਾਂ ਕੰਮ ਮੁਕਾਵੇ।
ਜੂਨ ਬੁਰੀ ਕਾਮੇ ਦੀ 'ਪੱਤੋ',
ਤਰਸ ਕੋਈ ਨਾ ਖਾਵੇ।

ਸਾਡੇ ਵਿਹੜੇ ਸੂਰਜ ਤਾਈਂ,
ਆ ਕੇ ਕੌਣ ਮਘਾਵੇ।
ਇੱਕੋ ਹੱਲ ਹੈ ਏਕੇ ਵਾਲਾ,
'ਪੀਤਾ' ਹੋਕਾ ਲਾਵੇ।

ਕਵਿਤਾ

## ਅਸੀਂ ਸਿਦਕ ਨਿਭਾਉਂਦੇ ਹਾਂ

ਤਵੀਆਂ ਉੱਤੇ ਰੜ੍ਹੇ ਅਸੀਂ।
ਦੇਗਾਂ ਦੇ ਵਿੱਚ ਕੜ੍ਹੇ ਅਸੀਂ।
ਚਰਖੜੀਆਂ ਤੇ ਚੜ੍ਹੇ ਅਸੀਂ।
ਜੰਡਾਂ ਦੇ ਨਾਲ ਸੜੇ ਅਸੀਂ।

ਕੰਧਾਂ ਦੇ ਵਿੱਚ ਜੜੇ ਅਸੀਂ।
ਵਿੱਚ ਮੈਦਾਨਾ ਲੜੇ ਅਸੀਂ।
ਜੁਲਮ ਦੇ ਅੱਗੇ ਅੜੇ ਅਸੀਂ।
ਤਲਵਾਰਾਂ ਤੋਂ ਨਾ ਝੜੇ ਅਸੀਂ।

ਪਾਣੀਆਂ ਵਿੱਚ ਹੜੇ ਅਸੀਂ।
ਹੱਕਾਂ ਦੇ ਲਈ ਖੜੇ ਅਸੀਂ।
ਪਾਠ ਸਿਦਕ ਦੇ ਪੜ੍ਹੇ ਅਸੀਂ।
ਰਾਹ ਸੱਚ ਦੇ ਫੜੇ ਅਸੀਂ।

ਇਹ ਅੱਖਰ ਜੋ ਗੁਰੂ ਸਿਖਾਏ।
ਵਾਂਗ ਤਵੀਤਾ ਮੜੇ ਅਸੀਂ।
ਸੀਸ ਤਲੀ ਤੇ ਰੱਖ ਕੇ 'ਪੱਤੋ'।
ਵਿੱਚ ਮੈਦਾਨਾ ਵੜੇ ਅਸੀ।

ਫਿਰ ਵੀ ਕਿਸੇ ਹਾਰ ਨਾ ਮੰਨੀ।
ਦੁੱਖੜੇ ਝੱਲੇ ਬੜੇ ਅਸੀ।

## ਨੇਪਾਲ ਦੀ ਤ੍ਰਾਸਦੀ

ਨੇਪਾਲ ਦੇਸ਼ 'ਚ ਆਏ ਹੜ ਭਾਰੀ,
ਪੁੱਲ, ਸੜਕਾਂ ਢਹੇ ਮਕਾਨ ਮੀਆਂ।

ਕੱਲ੍ਹ ਰੌਣਕਾਂ ਉੱਥੇ ਬਾਜ਼ਾਰਾਂ ਅੰਦਰ,
ਅੱਜ ਹੋ ਗਿਆ ਸੁੰਨਮਸਾਨ ਮੀਆਂ।

ਪਹਿਲਾਂ ਤ੍ਰਾਸਦੀ ਹੋਈ ਦੰਗਿਆਂ ਦੀ,
ਦੇਸ਼ ਹੋਇਆ ਲਹੂ ਲਹਾਣ ਮੀਆਂ।

ਅਜੇ ਪਹਿਲੇ ਘਾਟੇ ਨੀਂ ਹੋਏ ਪੂਰੇ,
ਹੁਣ ਵਰਤਿਆ ਕਹਿਰ ਆਣ ਮੀਆਂ।

ਕਾਲ ਬਾਰਾਂ ਵਰ੍ਹੇ ਦਾ ਰਾਜੇ ਮੰਗਿਆ ਸੀ,
ਮੀਂਹ ਘੜੀ ਨਾ ਕੀਤਾ ਪ੍ਰਵਾਨ ਮੀਆਂ।

ਅੱਧੇ ਦੇਸ਼ ਨੂੰ ਲੈ ਗਿਆ ਰੋੜ ਪਾਣੀ,
ਮਾਲ ਡੰਗਰ ਸਣੇ ਇਨਸਾਨ ਮੀਆਂ।

ਲਾਪਤਾ ਸੈਲਾਨੀ ਉੱਥੇ ਹੋਏ ਕਿੰਨੇ,
ਜਿਹੜੇ ਗਏ ਸਰੋਵਰ ਮਾਨ ਮੀਆਂ।

ਸਦੀਆਂ ਤੱਕ ਨਾ ਘਾਟੇ ਹੋਣ ਪੂਰੇ,
'ਪੱਤੋ' ਲਾਈਏ ਕਿੰਨਾਂ ਤਾਨ ਮੀਆਂ।

# ਪ੍ਰਸਿੱਧ ਉਰਦੂ ਹਾਸ-ਵਿਅੰਗ ਲੇਖਕ : ਫ਼ਿਕਰ ਤੌਂਸਵੀ



**ਪ੍ਰੋ. ਨਵ ਸੰਗੀਤ ਸਿੰਘ**
# 1, ਲਤਾ ਗਰੀਨ ਐਨਕਲੇਵ,
ਪਟਿਆਲਾ-147002. (9417692015)

ਫ਼ਿੱਕਰ ਤੌਂਸਵੀ ਨੂੰ ਹੁਣ ਸਿਰਫ ਪੁਰਾਣੇ ਲੋਕ ਹੀ ਜਾਣਦੇ ਹੋਣਗੇ। ਇਸ ਆਦਮੀ ਨੇ ਲੱਗਭੱਗ ਅੱਧੀ ਸਦੀ ਤੱਕ ਆਪਣੇ ਪਾਠਕਾਂ ਦੇ ਚਿਹਰਿਆਂ ਤੇ ਮੁਸਕਰਾਹਟਾਂ ਬਿਖੇਰੀਆਂ, ਉਨ੍ਹਾਂ ਦਾ ਤਣਾਅ ਦੂਰ ਕੀਤਾ। ਉਹ ਇੱਕ ਅਜਿਹਾ ਲੇਖਕ ਸੀ, ਜੀਹਦੇ ਹਾਸ-ਵਿਅੰਗ ਲੇਖਾਂ ਕਰਕੇ ਅਖ਼ਬਾਰ ਵਿਕਦੇ ਸਨ। ਹੁਣ ਅਜਿਹੇ ਸੈਲੀਬ੍ਰਿਟੀ ਲੇਖਕ ਬਹੁਤ ਦੁਰਲੱਭ ਹਨ, ਜਿਨ੍ਹਾਂ ਦੇ ਲੇਖਾਂ ਦੇ ਆਧਾਰ ਤੇ ਅਖ਼ਬਾਰਾਂ ਜਾਂ ਪੱਤ੍ਰਿਕਾਵਾਂ ਵਿਕਦੀਆਂ ਹੋਣ। ਇਸ ਲੇਖਕ ਦਾ ਇੱਕ ਕਾਲਮ 'ਪਿਆਜ਼ ਕੇ ਛਿਲਕੇ' ਜਿਸ ਦਿਨ ਅਖ਼ਬਾਰ ਵਿੱਚ ਨਾ ਛਪਦਾ, ਪਾਠਕ ਅਖ਼ਬਾਰ ਨਾ ਖਰੀਦਦੇ। ਉਹ ਪਾਠਕ ਅਕਸਰ ਸੰਪਾਦਕ ਨੂੰ ਚਿੱਠੀਆਂ ਲਿਖਦੇ ਕਿ ਜਿਸ ਦਿਨ ਇਹ ਕਾਲਮ ਨਾ ਛਪਣਾ ਹੋਵੇ, ਉਸਦੀ ਸੂਚਨਾ ਇੱਕ ਦਿਨ ਪਹਿਲਾਂ ਦੇ ਦਿਆ ਕਰੋ, ਤਾਂ ਕਿ ਸਾਡਾ ਮੂਡ ਖਰਾਬ ਨਾ ਹੋਵੇ। ਸੰਪਾਦਕ ਨੇ ਇੱਕ-ਅੱਧ ਵਾਰ ਅਜਿਹਾ ਕੀਤਾ ਵੀ। ਫ਼ਿਕਰ ਇੱਕ ਵਾਰ ਤਿੰਨ ਦਿਨ ਦੀ ਛੁੱਟੀ ਤੇ ਸੀ। ਅਖ਼ਬਾਰ ਨੇ ਇਸ ਸੰਬੰਧੀ ਸੂਚਨਾ ਛਾਪ ਦਿੱਤੀ ਕਿ ਅਗਲੇ ਤਿੰਨ ਦਿਨ ਫ਼ਿਕਰ ਸਾਹਬ ਦਾ ਕਾਲਮ ਨਹੀਂ ਛਪੇਗਾ। ਇਨ੍ਹਾਂ ਤਿੰਨ ਦਿਨਾਂ ਵਿੱਚ ਅਖ਼ਬਾਰ ਦੀ ਵਿਕਰੀ ਤੇ ਕਾਫੀ ਬੁਰਾ ਅਸਰ ਪਿਆ। ਜੋ ਲੋਕ 'ਪਿਆਜ਼ ਕੇ ਛਿਲਕੇ' ਲਈ ਅਖ਼ਬਾਰ ਖ਼ਰੀਦਦੇ ਸਨ, ਉਨ੍ਹਾਂ ਨੇ ਤਿੰਨ ਦਿਨ ਅਖਬਾਰ ਨਹੀਂ ਖਰੀਦਿਆ। ਖਬਰਾਂ ਲਈ ਉਹ ਮੰਗ ਕੇ ਅਖ਼ਬਾਰ ਪੜ੍ਹ ਲੈਂਦੇ ਪਰ 'ਪਿਆਜ਼ ਕੇ ਛਿਲਕੇ' ਤੋਂ ਬਿਨਾਂ ਅਖ਼ਬਾਰ ਤੇ ਉਹ ਇੱਕ ਵੀ ਪੈਸਾ ਖਰਚਣ ਨੂੰ ਤਿਆਰ ਨਹੀਂ ਸਨ।

ਫ਼ਿਕਰ ਤੌਂਸਵੀ ਦਾ ਅਸਲ ਨਾਂ ਰਾਮ ਲਾਲ ਭਾਟੀਆ ਸੀ। ਉਹਦਾ ਜਨਮ ਅਣਵੰਡੇ ਪੰਜਾਬ ਵਿੱਚ 7 ਅਕਤੂਬਰ 1918 ਨੂੰ ਤੌਂਸਾ ਸ਼ਰੀਫ਼, ਜ਼ਿਲ੍ਹਾ ਡੇਰਾ ਗਾਜ਼ੀ ਖਾਂ (ਮੌਜੂਦਾ ਪਾਕਿਸਤਾਨ) ਵਿੱਚ ਪਿਤਾ ਧਨਪਤ ਰਾਏ ਦੇ ਘਰ ਹੋਇਆ, ਜੋ ਬਲੋਚ-ਆਦਿਵਾਸੀ ਖੇਤਰ ਵਿੱਚ ਇੱਕ ਦੁਕਾਨਦਾਰ ਸਨ। ਉਨ੍ਹਾਂ ਦਾ ਪਿੰਡ ਮੰਗਰੋਥਾ ਸੀ, ਜੋ ਤੌਂਸਾ ਤੋਂ ਕਰੀਬ ਚਾਰ ਕਿ.ਮੀ. ਦੂਰ ਸੀ।

ਫ਼ਿਕਰ ਨੇ ਤੌਂਸਾ ਤੋਂ ਹਾਇਰ ਸੈਕੰਡਰੀ ਤੱਕ ਦੀ ਪੜ੍ਹਾਈ ਕੀਤੀ ਤੇ ਉੱਚ ਵਿੱਦਿਆ ਲਾਹੌਰ ਤੋਂ ਹਾਸਲ ਕੀਤੀ। ਪਿਤਾ ਦਾ ਛੇਤੀ ਦਿਹਾਂਤ ਹੋ ਜਾਣ ਕਰਕੇ ਉਹਦੇ ਸਿਰ ਤੇ ਘਰੇਲੂ ਜ਼ਿੰਮੇਵਾਰੀਆਂ ਆ ਗਈਆਂ। 18 ਸਾਲ ਦੀ ਉਮਰ ਵਿੱਚ ਹਫ਼ਤਾਵਾਰੀ 'ਕਿਸਾਨ' ਦਾ ਲੇਖਨ, ਰੰਗਾਈ-ਛਪਾਈ, ਸਾਈਨਬੋਰਡ ਤੇ ਇਸ਼ਤਿਹਾਰ ਪੇਂਟ ਕਰਨਾ, ਵਾਲਾਂ ਦਾ ਤੇਲ ਵੇਚਣ ਵਰਗੇ ਕੰਮ ਵੀ ਉਹਨੂੰ ਕਰਨੇ ਪਏ। 1928 ਵਿੱਚ ਫ਼?ਕਰ ਨੇ ਪੰਜਾਬ ਬੁੱਕ ਡਿਪੂ ਲਾਹੌਰ ਵਿੱਚ ਕਲਰਕ ਵਜੋਂ ਕੰਮ ਸ਼ੁਰੂ ਕੀਤਾ ਤੇ ਏਥੇ ਹੀ ਉਹ ਪ੍ਰਸਿੱਧ ਸ਼ਾਇਰ ਅਹਿਮਦ ਨਸੀਮ ਕਾਸਮੀ ਦੇ ਸੰਪਾਦਨ ਹੇਠ ਛਪਣ ਵਾਲੇ ਮਾਸਿਕ 'ਅਦਬੀ ਲਤੀਫ਼' ਵਿੱਚ ਉਪ ਸੰਪਾਦਕ ਲੱਗ ਗਿਆ। ਇਨ੍ਹਾਂ ਹੀ ਦਿਨਾਂ ਵਿੱਚ ਫ਼?ਕਰ ਨੇ ਮੁਮਤਾਜ਼ ਮੁਫ਼ਤੀ ਨਾਲ ਮਿਲ ਕੇ 'ਸਵੇਰਾ' ਕੱਢਿਆ। ਪਰ ਭਾਰਤ-ਪਾਕਿ ਵੰਡ ਨੇ ਸਾਰੇ ਸੁਪਨੇ ਤੋੜ ਦਿੱਤੇ।

ਫ਼ਿਕਰ ਦੀ ਸ਼ਾਦੀ 1944 ਵਿੱਚ ਸ਼?ਰੀਮਤੀ ਕੈਲਾਸ਼ਵਤੀ ਨਾਲ ਹੋਈ। ਉਸਦੇ ਘਰ ਤਿੰਨ ਬੱਚਿਆਂ ਨੇ ਜਨਮ ਲਿਆ – ਰਾਣੀ, ਫੂਲ ਕੁਮਾਰ ਤੇ ਸੁਮਨ।

1947 ਦੀ ਵੰਡ ਪਿੱਛੋਂ ਉਹ ਜਲੰਧਰ ਆ ਗਿਆ ਤੇ ਏਥੋਂ ਛਪਣ ਵਾਲੇ ਉਰਦੂ ਦੈਨਿਕ 'ਮਿਲਾਪ' ਵਿੱਚ ਉਪ ਸੰਪਾਦਕ ਤੇ ਕਾਲਮ ਨਵੀਸ ਵਜੋਂ ਨੌਕਰੀ ਕਰਨ ਲੱਗਿਆ। ਇਸ ਅਖ਼ਬਾਰ ਵਿੱਚ ਉਹਦਾ ਕਾਲਮ 'ਪਿਆਜ਼ ਕੇ ਛਿਲਕੇ' ਕਰੀਬ 27 ਸਾਲ ਨਿਰੰਤਰ ਛਪਦਾ ਰਿਹਾ। ਇਸ ਅਖ਼ਬਾਰ ਤੋਂ ਇਲਾਵਾ ਉਹ 'ਛਦਮ' ਨਾਂ ਹੇਠ ਦਿੱਲੀ ਤੋਂ ਛਪਦੇ 'ਬੀਸਵੀਂ ਸਦੀ' ਵਿੱਚ 'ਤੀਰੇ-ਨਸ਼ਤਰ' ਕਾਲਮ ਵੀ ਲਿਖਦਾ ਸੀ।

ਫ਼ਿਕਰ ਨੂੰ ਵੰਡ ਦੀ ਪੀੜ ਨੇ ਬਹੁਤ ਦੁਖੀ ਕੀਤਾ। ਉਹਦਾ ਪਿਆਰਾ ਸ਼ਹਿਰ ਲਾਹੌਰ ਸੀ, ਜੋ ਉਹਦੀ ਆਤਮਾ ਨਾਲ ਜੁੜਿਆ ਹੋਇਆ ਸੀ। ਲਾਹੌਰ ਰਹਿਣ ਤੱਕ ਉਹ ਪ੍ਰਗਤੀਸ਼ੀਲ ਲਹਿਰ ਨਾਲ ਜੁੜਿਆ ਰਿਹਾ। ਫ਼ਸਾਦਾਂ ਵੇਲੇ ਵੀ ਉਹ ਨਿਡਰ ਹੋ ਕੇ ਲਾਹੌਰ ਦੇ 'ਮਕਤਬਾ ਉਰਦੂ' ਦੇ ਦਫ਼ਤਰ ਵਿੱਚ ਬੈਠਾ ਰਹਿੰਦਾ ਸੀ। ਭਾਰਤ ਆ ਕੇ ਉਹ ਭਾਰਤੀ ਕਮਿਊਨਿਸਟ ਪਾਰਟੀ ਨਾਲ ਜੁੜ ਗਿਆ।

ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਉਹ ਪਾਰਟੀ ਦਾ ਹੋਲ ਟਾਈਮਰ ਸੀ। ਪਾਰਟੀ ਦੇ ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਉਹਨੇ 'ਅੱਜ ਦੀ ਖ਼ਬਰ' ਸਿਰਲੇਖ ਹੇਠ ਕਾਲਮ ਸ਼ੁਰੂ ਕੀਤਾ।

ਉਹਨੇ ਸਾਹਿਤ ਰਚਨਾ ਸ਼ਾਇਰੀ ਤੋਂ ਸ਼ੁਰੂ ਕੀਤੀ - 'ਤਨਹਾਈ' ਤੇ 'ਮਹਾਗਿਆਨੀ' ਉਹਦੀਆਂ ਪ੍ਰਸਿੱਧ ਨਜ਼ਮਾਂ ਹਨ। ਪਰ ਸ਼ਾਇਰੀ ਵਿੱਚ ਉਹ ਵਧੇਰੇ ਨਾ ਟਿਕਿਆ ਤੇ ਹਾਸ-ਵਿਅੰਗ ਦੇ ਖੇਤਰ ਵਿੱਚ ਆ ਗਿਆ। 1948 ਵਿੱਚ ਉਹਦਾ ਇੱਕ ਦਿਲ ਦਹਿਲਾ ਦੇਣ ਵਾਲਾ ਨਾਵਲ 'ਛਠਾ ਦਰਿਆ' ਛਪਿਆ, ਜਿਸ ਵਿੱਚ ਡਾਇਰੀ-ਵਿਧੀ ਰਾਹੀਂ ਵੰਡ ਅਤੇ ਫ਼ਸਾਦਾਂ ਦੀ ਲਹੂ-ਭਿੱਜੀ ਦਾਸਤਾਨ ਪੇਸ਼ ਕੀਤੀ ਗਈ ਹੈ। ਵੰਡ ਦੇ ਵਿਸ਼ੇ ਤੇ ਇਹ ਕਲਾਸਿਕ ਨਾਵਲ ਹੈ। ਇਸ ਦਾ ਅੰਗਰੇਜ਼ੀ ਅਨੁਵਾਦ ਡਾ. ਮਾਜ਼ ਬਿਨ ਬਿਲਾਲ ਨੇ 'ਦ ਸਿਕਸਥ ਰਿਵਰ: ਏ ਜਰਨਲ ਫ਼ਰਾਮ ਦ ਪਾਰਟੀਸ਼ਨ ਆਫ਼ ਇੰਡੀਆ' ਨਾਂ ਹੇਠ ਕੀਤਾ, ਜੋ 2019 ਵਿੱਚ ਛਪਿਆ।

ਕਾਲਮ-ਨਵੀਸੀ ਦੇ ਨਾਲ ਨਾਲ ਉਹਨੇ ਰੇਡੀਓ, ਟੀਵੀ, ਅਖ਼ਬਾਰਾਂ, ਪੱਤ੍ਰਿਕਾਵਾਂ ਲਈ ਵੀ ਫ਼ੀਚਰ, ਡਰਾਮੇ ਤੇ ਮਜ਼ਾਹੀਆ ਮਜ਼ਮੂਨ ਲਿਖੇ। ਉਹ ਦੂਜਿਆਂ ਤੇ ਹੱਸਣ ਦੀ ਥਾਂ ਖ਼ੁਦ ਤੇ ਤਨਜ਼ ਕਰਦਾ ਸੀ। ਉਹਦੇ ਤਨਜ਼ ਬਾਰੇ ਕਈ ਕਾਲਮ ਕਿਤਾਬੀ ਰੂਪ ਵਿੱਚ ਵੀ ਛਪ ਚੁੱਕੇ ਹਨ। ਸਾਤਵਾਂ ਸ਼ਾਸਤਰ, ਪਿਆਜ਼ ਕੇ ਛਿਲਕੇ, ਚੌਪਟ ਰਾਜਾ, ਬਦਨਾਮ ਕਿਤਾਬ, ਫ਼ਿਕਰਨਾਮਾ, ਫ਼ਿਕਰੀਆਤ, ਬਾਤ ਮੇਂ ਘਾਤ, ਛਿਲਕੇ ਹੀ ਛਿਲਕੇ, ਫ਼ਿਕਰਵਾਣੀ, ਆਧਾ ਆਦਮੀ, ਆਖਰੀ ਕਿਤਾਬ, ਘਰ ਮੇਂ ਚੋਰ, ਮੇਰੀ ਬੀਵੀ, ਵਾਰੰਟ-ਏ-ਗ੍ਰਿਫ਼ਤਾਰੀ, ਮਾਡਰਨ ਅਲਾਦੀਨ, ਪ੍ਰੋਫ਼ੈਸਰ ਬੁੱਧੂ, ਤੀਰ-ਏ-ਨੀਮਕਸ਼ ਆਦਿ ਉਹਦੇ ਚਰਚਿਤ ਵਿਅੰਗ-ਸੰਗ੍ਰਹਿ ਹਨ। ਅਦਬ ਦੇ ਖੇਤਰ ਵਿੱਚ ਲਾਸਾਨੀ ਯੋਗਦਾਨ ਨੂੰ ਵੇਖਦਿਆਂ ਉਹਨੂੰ ਕਈ ਪੁਰਸਕਾਰ ਤੇ ਸਨਮਾਨ ਪ੍ਰਾਪਤ ਹੋਏ। ਇਸ ਲੜੀ ਵਿੱਚ 1969 ਵਿੱਚ 'ਸੋਵੀਅਤ ਲੈਂਡ ਨਹਿਰੂ ਪੁਰਸਕਾਰ', 1973 ਵਿੱਚ ਚੌਪਟ ਰਾਜਾ, 1977 ਵਿੱਚ ਫ਼ਿਕਰਨਾਮਾ, 1980 ਵਿੱਚ ਆਖਰੀ ਕਿਤਾਬ ਤੇ ਉੱਤਰਪ੍ਰਦੇਸ਼ ਅਕਾਦਮੀ ਵੱਲੋਂ ਸਨਮਾਨ, 1983 ਵਿੱਚ 'ਮੀਰ ਅਕਾਦਮੀ ਅਵਾਰਡ', 1985 ਵਿੱਚ ਫ਼?ਕਰਵਾਣੀ ਤੇ 'ਪੱਛਮੀ ਬੰਗਾਲ ਉਰਦੂ ਅਕਾਦਮੀ ਅਵਾਰਡ' ਅਤੇ 1987 ਵਿੱਚ 'ਭਾਸ਼ਾ ਵਿਭਾਗ ਪੰਜਾਬ ਪੁਰਸਕਾਰ' ਜ਼ਿਕਰਯੋਗ ਹਨ।

1980 ਦੇ ਦਹਾਕੇ ਵਿੱਚ ਦੂਰਦਰਸ਼ਨ ਤੇ ਇੱਕ ਲੜੀਵਾਰ 'ਫ਼ਿਕਰ ਨੇ ਕਹਾ' ਜਾਰੀ ਹੋਇਆ, ਜਿਸ ਵਿੱਚ ਟਿਕੂ ਤਲਸਨੀਆ ਨੇ ਮੁੱਖ ਭੂਮਿਕਾ ਨਿਭਾਈ ਸੀ।

ਕੁਛ ਸਵਾਲ ਕੁਛ ਜਵਾਬ, ਮੇਰੀ ਸ਼ਾਦੀ ਕੀ ਪੱਚੀਸਵੀਂ ਸਾਲਗਿਰਹ, ਲੁਗਾਤ-ਏ-ਫ਼ਿਕਰੀ, ਔਰ ਸਾਈਂ ਬਾਬਾ ਨੇ ਕਹਾ, ਖ਼ਤ ਲਿਖੇਂਗੇ, ਗੁਮਸ਼ੁਦਾ ਕੀ ਤਲਾਸ਼, ਬੀਵੀ ਕੇ ਹਿਜਰ ਮੇਂ, ਦਿੱਲੀ ਜੋ ਏਕ ਸ਼ਹਿਰ ਹੈ, ਮੀਰ ਬੀਮਾਰ ਹੂਏ, ਮਹੱਲਾ ਸੁਧਾਰ ਕਮੇਟੀ, ਮਾਡਰਨ ਹਿਤੋਪਦੇਸ਼, ਮੈਂ ਮਾਲਕ ਮਕਾਨ ਬਨਾ ਜਿਹੀਆਂ ਦਿਲਚਸਪ ਰਚਨਾਵਾਂ ਦਾ ਲੇਖਕ ਆਖਰਕਾਰ 12 ਸਤੰਬਰ 1987 ਨੂੰ ਦਿੱਲੀ ਵਿਖੇ 68 ਸਾਲ ਦੀ ਉਮਰ ਵਿੱਚ ਹਮੇਸ਼ਾ ਲਈ ਰੁਖ਼ਸਤ ਹੋ ਗਿਆ।

'ਕੁਛ ਸਵਾਲ ਕੁਛ ਜਵਾਬ' ਪੁਸਤਕ ਵਿੱਚੋਂ ਕੁਝ ਸੁਆਲ-ਜੁਆਬ ਪਾਠਕਾਂ ਦੀ ਦਿਲਚਸਪੀ ਹਿਤ ਪੇਸ਼ ਹਨ:

? ਆਸ਼ਕਾਂ ਅਤੇ ਬੁੱਢਿਆਂ ਨੂੰ ਨੀਂਦ ਕਿਉਂ ਨਹੀਂ ਆਉਂਦੀ?

- ਆਸ਼ਕਾਂ ਨੂੰ ਮਹਿਬੂਬਾ ਅਤੇ ਬੁੱਢਿਆਂ ਨੂੰ ਮੌਤ ਦੀ ਉਡੀਕ ਵਿੱਚ। ਦੋਵੇਂ ਪਤਾ ਨਹੀਂ ਕਦੋਂ ਟਪਕ ਪੈਣ।

? ਉਹ ਕਿਹੜੀ ਅੱਖ ਹੈ ਜੋ ਰੋਂਦੀ ਨਹੀਂ ਪਰ ਹੰਝੂ ਵਹਾਉਂਦੀ ਹੈ?

- ਲੀਡਰ ਦੀ ਅੱਖ।

? ਫੁੱਲ ਕਦੋਂ ਪੱਥਰ ਬਣ ਜਾਂਦੇ ਹਨ?

- ਜਦੋਂ ਕੋਈ ਖ਼ੂਬਸੂਰਤ ਲੜਕੀ ਲੇਡੀ ਪੁਲੀਸ ਵਿੱਚ ਭਰਤੀ ਹੋ ਜਾਂਦੀ ਹੈ।

? ਜਦੋਂ ਲੀਡਰ ਸਟੇਜ ਤੇ ਤਕਰੀਰ ਕਰ ਰਿਹਾ ਹੁੰਦਾ ਹੈ ਤਾਂ ਉਹ ਕੀ ਸੋਚਦਾ ਹੈ?

- ਲੀਡਰ ਬਿਨਾਂ ਸੋਚੇ ਹੀ ਤਕਰੀਰ ਕਰਦਾ ਹੈ।

? ਸਾਲ਼ੀ ਅੱਧੀ ਘਰਵਾਲ਼ੀ ਹੁੰਦੀ ਹੈ ਤਾਂ ਸਾਲ਼ਾ?

- ਪੂਰਾ ਚਪੜਾਸੀ।

ਉਹਦੀ ਇੱਕ ਹੋਰ ਪੁਸਤਕ 'ਲੁਗਾਤ-ਏ-ਫ਼?ਕਰੀ' 'ਚੋਂ ਕੁਝ ਪਰਿਭਾਸ਼ਾਵਾਂ ਦਾ ਵੇਰਵਾ ਵੀ ਦਿਲਚਸਪੀ ਤੋਂ ਕੋਰਾ ਨਹੀਂ ਹੈ:

* ਇਲੈਕਸ਼ਨ : ਇੱਕ ਦੰਗਲ, ਜੋ ਵੋਟਰਾਂ ਅਤੇ ਲੀਡਰਾਂ

ਦੇ ਦਰਮਿਆਨ ਹੁੰਦਾ ਹੈ। ਅਤੇ ਜਿਸ ਵਿੱਚ ਲੀਡਰ ਜਿੱਤ ਜਾਂਦੇ ਹਨ, ਵੋਟਰ ਹਾਰ ਜਾਂਦੇ ਹਨ।

*ਮਹਿਬੂਬਾ : ਇੱਕ ਕਿਸਮ ਦੀ ਗ਼ੈਰ-ਕਾਨੂੰਨੀ ਬੀਵੀ।

*ਕਲਰਕ : ਇੱਕ ਗਿੱਦੜ, ਜੋ ਸ਼ੇਰ ਦਾ ਜਾਮਾ ਪਹਿਨ ਕੇ ਕੁਰਸੀ ਤੇ ਬੈਠਦਾ ਹੈ।

* ਬੀਵੀ : ਇੱਕ ਲਤੀਫ਼ਾ, ਜੋ ਵਾਰ-ਵਾਰ ਦੁਹਰਾਏ ਜਾਣ ਨਾਲ ਬੇਹਾ ਹੋ ਜਾਂਦਾ ਹੈ।

*ਇਸ਼ਕ : ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਦੀ ਹਾਲਤ।

*ਸ਼ਰਾਫ਼ਤ : ਇੱਕ ਐਨਕ, ਜੀਹਨੂੰ ਅੰਨ੍ਹੇ ਲਾਉਂਦੇ ਹਨ।

ਇੱਕ ਰੌਚਕ ਕਿੱਸੇ ਨਾਲ ਇਹ ਲਿਖਤ ਸਮਾਪਤ ਕਰਦਾ ਹਾਂ :

ਫ਼ਿਕਰ ਨੇ ਇੱਕ ਵਾਰ ਆਪਣੇ ਅਸਲ ਨਾਂ ਰਾਮ ਲਾਲ ਭਾਟੀਆ ਦੇ ਨਾਂ ਹੇਠ ਕੁਝ ਰਚਨਾਵਾਂ ਆਪਣੇ ਸਮੇਂ ਦੀ ਪ੍ਰਸਿੱਧ ਪੱਤ੍ਰਿਕਾ 'ਸ਼ਮਾ' ਲਈ ਭੇਜੀਆਂ, ਪਰ ਸਾਰੀਆਂ ਰਚਨਾਵਾਂ ਵਾਪਸ ਆ ਗਈਆਂ। ਫਿਰ ਉਹੀ ਲਿਖਤਾਂ ਥੋੜ੍ਹੀ-ਬਹੁਤ ਤਬਦੀਲੀ ਨਾਲ ਫ਼ਿਕਿਰ ਤੌਂਸਵੀ ਦੇ ਨਾਂ ਹੇਠ ਭੇਜੀਆਂ ਤਾਂ ਉਹੀ ਰਚਨਾਵਾਂ ਨਾ ਸਿਰਫ਼ ਛਪੀਆਂ ਹੀ, ਸਗੋਂ ਚੰਗਾ-ਖਾਸਾ ਮਿਹਨਤਾਨਾ ਵੀ ਮਿਲਿਆ ਅਤੇ ਭਵਿੱਖ ਵਿੱਚ ਵੀ ਪੱਤ੍ਰਿਕਾ ਲਈ ਲਿਖਦੇ ਰਹਿਣ ਦਾ ਸੱਦਾ ਮਿਲਿਆ।

***

ਕਵਿਤਾ

# ਅਧਿਆਪਕ ਸੂਰਜ ਦਾ ਸਿਰਨਾਵਾਂ

**ਬਲਵਿੰਦਰ ਬਾਲਮ ਗੁਰਦਾਸਪੁਰ**
ਓਂਕਾਰ ਨਗਰ ਗੁਰਦਾਸਪੁਰ ਪੰਜਾਬ 143521
ਮੋ. 98156-25409

ਅਧਿਆਪਕ ਸੂਰਜ ਦਾ ਸਿਰਨਾਵਾਂ।
ਅਧਿਆਪਕ ਮੰਜ਼ਿਲ ਦੀਆਂ ਰਾਹਾਂ।
ਅਧਿਆਪਕ ਮਾਤਾ ਪਿਤਾ ਤੇ ਦੋਸਤ।
ਅਧਿਆਪਕ ਸਿਰ 'ਤੇ ਹੱਥ ਦੀ ਉਲਫਤ।
ਅਧਿਆਪਕ ਪੁਲ ਮਾਝੀ ਤੇ ਰਹਿਬਰ।
ਅਧਿਆਪਕ ਉਡਦੇ ਬੋਟਾ ਦੇ ਪਰ।
ਅਧਿਆਪਕ ਸੁੱਖ ਅਸੀਸਾਂ ਦੀ ਦਾਤ।
ਅਧਿਆਪਕ ਨੇਰ੍ਹੇ ਵਿਚ ਪ੍ਰਭਾਤ।
ਅਧਿਆਪਕ ਤੀਜੀ ਅੱਖ ਦੀ ਲੋਰੀ।
ਅਧਿਆਪਕ ਉਡਦੀ ਗੁੱਡੀ ਦੀ ਡੋਰੀ।
ਅਧਿਆਪਕ ਮੰਦਿਰ ਵਰਗੀ ਪੂਜਾ।
ਅਧਿਆਪਕ ਅੰਬਰ ਵਾਂਗੂ ਗੂੜ੍ਹਾ।
ਅਧਿਆਪਕ ਗੂੰਗੇ ਦੀ ਸ਼ਬਦਾਵਲੀ।
ਅਧਿਆਪਕ ਸ਼ਬਦਾਂ ਦੀ ਅਰਥਾਵਲੀ।

ਅਧਿਆਪਕ ਸੰਘਣੇ ਰੁੱਖ ਦੀ ਛਾਂ ਜਿਹਾ।
ਅਧਿਆਪਕ ਸੁਲਝੀ ਹੋਈ ਮਾਂ ਜਿਹਾ।
ਅਧਿਆਪਕ ਪਰਬਤ ਵਾਲੀ ਪੌੜੀ।
ਅਧਿਆਪਕ ਆਸ਼ਾ ਲੰਬੀ ਚੌੜੀ।
ਅਧਿਆਪਕ ਵਿਦਿਆ ਵਾਲਾ ਪਾਰਸ।
ਅਧਿਆਪਕ ਵਿਰਸੇ ਦਾ ਵੀ ਵਾਰਸ।
ਅਧਿਆਪਕ ਪਿਆਸੇ ਲਈ ਜਿਉਂ ਪਾਣੀ।
ਅਧਿਆਪਕ ਜੀਵਨ ਦੀ ਜ਼ਿੰਦਗਾਨੀ।
ਅਧਿਆਪਕ ਲੱਖਾਂ ਹੱਥਾਂ ਦਾ ਹੱਥ।
ਅਧਿਆਪਕ ਅੱਖਰ ਜਨਨੀ ਸਮਰੱਥ।
ਅਧਿਆਪਕ ਸੰਕਲਪ ਸ਼ਕਤੀ ਗੁਰੂ।
ਅਧਿਆਪਕ ਉਨਤੀ ਭਗਤੀ ਆਬਰੂ।
ਅਧਿਆਪਕ 'ਬਾਲਮ' ਗਮ ਵਿਚ ਹਾਸਾ।
ਅਧਿਆਪਕ ਜੰਨਤ ਵਰਗਾ ਵਾਸਾ।

# ਪੜ੍ਹਾਈ ਨੂੰ ਬੋਝ ਨਾ ਬਣਨ ਦਿਓ



ਮੂਲ : ਸ਼ਿਖਰ ਚੰਦ ਜੈਨ,
ਕੋਲਕਾਤਾ
(9836067535)



ਅਨੁ : ਪ੍ਰੋ. ਨਵ ਸੰਗੀਤ ਸਿੰਘ,
ਪਟਿਆਲਾ-147002.
(9417692015)

ਕੀ ਤੁਹਾਨੂੰ ਕਦੇ ਅਜਿਹਾ ਲੱਗਿਆ ਹੈ ਕਿ ਜਦੋਂ ਵੀ ਤੁਸੀਂ ਇਤਿਹਾਸ ਦੀਆਂ ਤਰੀਕਾਂ ਜਾ ਹਿਸਾਬ ਦੇ ਫਾਰਮੂਲੇ ਯਾਦ ਕਰਨ ਬੈਠਦੇ ਹੋ, ਤਾਂ ਤੁਹਾਨੂੰ ਨੀਂਦ ਆਉਣ ਲੱਗਦੀ ਹੈ ਜਾਂ ਦਿਮਾਗ਼ ਵਿੱਚ ਘੁੰਮ ਰਹੇ ਕਾਰਟੂਨ ਕੈਰੇਕਟਰਜ਼ ਤੁਹਾਡਾ ਧਿਆਨ ਭਟਕਾ ਦਿੰਦੇ ਹਨ। ਜੇ ਅਜਿਹਾ ਹੁੰਦਾ ਹੈ ਤਾਂ ਬਿਲਕੁਲ ਨਾ ਘਬਰਾਓ। ਅਸੀਂ ਤੁਹਾਨੂੰ ਅਜਿਹੇ ਆਸਾਨ ਨੁਸਖੇ ਦੱਸਾਂਗੇ ਕਿ ਪੜ੍ਹਾਈ ਤੁਹਾਡੇ ਲਈ ਇੱਕ ਖ਼ੂਬਸੂਰਤ ਐਡਵੈਂਚਰ ਬਣ ਜਾਏਗੀ।

**ਖ਼ੁਦ ਨੂੰ ਬਣਾਓ ਸਟੋਰੀਟੈਲਰ**

ਖ਼ੁਸ਼ਕ ਅਤੇ ਅਕਾਊ ਲਾਈਨਾਂ ਨੂੰ ਰੱਟਾ ਲਾਉਣ ਨਾਲੋਂ ਚੰਗਾ ਹੈ ਕਿ ਤੁਸੀਂ ਜੋ ਵੀ ਪੜ੍ਹ ਰਹੇ ਹੋ, ਉਹਨੂੰ ਇੱਕ ਮਜ਼ੇਦਾਰ ਸਟੋਰੀ ਵਿੱਚ ਬਦਲ ਦਿਓ। ਮੰਨ ਲਓ ਤੁਸੀਂ ਇਤਿਹਾਸ ਵਿੱਚ ਕਿਸੇ ਰਾਜੇ ਦੀ ਲੜਾਈ ਬਾਰੇ ਪੜ੍ਹ ਰਹੇ ਹੋ, ਤਾਂ ਸੋਚੋ ਕਿ ਉਸ ਰਾਜੇ ਨੇ ਤੁਹਾਡੇ ਪਸੰਦੀਦਾ ਸੁਪਰਹੀਰੋ ਵਾਂਗ ਕੱਪੜੇ ਪਹਿਨੇ ਹੋਏ ਹਨ। ਫਿਰ ਉਹਨੇ ਕੀ ਕੀ ਕੀਤਾ, ਕਿਉਂ ਹਿਟ ਜਾਂ ਫਲਾਪ ਰਿਹਾ। ਜੇ ਤੁਸੀਂ ਵਿਗਿਆਨ ਵਿੱਚ 'ਵਾਸ਼ਪੀਕਰਨ' ਪੜ੍ਹ ਰਹੇ ਹੋ ਤਾਂ ਸੋਚੋ ਕਿ ਪਾਣੀ ਦੀਆਂ ਬੂੰਦਾਂ ਛੋਟੇ ਛੋਟੇ ਅੰਤਰਿਕਸ਼ ਯਾਤਰੀ ਹਨ ਜੋ ਸੂਰਜ ਦੇ ਰਾਕਟ ਵਿੱਚ ਬਹਿ ਕੇ ਆਕਾਸ਼ ਦੀ ਸੈਰ ਲਈ ਜਾ ਰਹੀਆਂ ਹਨ। ਇਹਦਾ ਲਾਭ ਇਹ ਹੈ ਕਿ ਸਾਡਾ ਦਿਮਾਗ਼ ਤਸਵੀਰਾਂ ਤੇ ਕਹਾਣੀਆਂ ਨੂੰ ਸਾਲਾਂ ਤੱਕ ਯਾਦ ਰੱਖਦਾ ਹੈ, ਪਰ ਰੱਟੀਆਂ ਹੋਈਆਂ ਲਾਈਨਾਂ ਅਸੀਂ ਦੋ ਦਿਨਾਂ ਵਿੱਚ ਭੁੱਲ ਜਾਂਦੇ ਹਾਂ। ਜਦੋਂ ਤੁਸੀਂ ਕਹਾਣੀ ਦੇ ਲੇਖਕ ਖ਼ੁਦ ਬਣੋਗੇ ਤਾਂ ਜਵਾਬ ਵੀ ਆਪਣੇ ਆਪ ਯਾਦ ਆ ਜਾਵੇਗਾ।

**ਟੈਡੀ ਬੀਅਰ ਨੂੰ ਬਣਾਓ ਆਪਣਾ ਸਟੂਡੈਂਟ**

ਇਹ ਦੁਨੀਆਂ ਦੇ ਸਭ ਤੋਂ ਮਹਾਨ ਵਿਗਿਆਨੀਆਂ 'ਚੋਂ ਇੱਕ, ਰਿਚਰਡ ਫੇਰਮੈਨ ਦਾ ਤਰੀਕਾ ਹੈ। ਜਦੋਂ ਤੁਹਾਨੂੰ ਕੋਈ ਮੁਸ਼ਕਿਲ ਟਾਪਿਕ ਸਮਝ ਨਾ ਆ ਰਿਹਾ ਹੋਵੇ, ਤਾਂ ਆਪਣੀ ਕਲਾਸ ਦੇ ਸਭ ਤੋਂ ਬੈਸਟ ਟੀਚਰ ਬਣ ਜਾਓ। ਆਪਣੇ ਸਾਹਮਣੇ ਆਪਣੇ ਪਸੰਦੀਦਾ ਖਿਡੌਣੇ, ਜਿਵੇਂ ਟੈਡੀ ਬੀਅਰ, ਡੌਲ ਜਾਂ ਫਿਰ ਖਾਲੀ ਕੁਰਸੀਆਂ ਨੂੰ ਰੱਖ ਲਓ। ਹੁਣ ਜੋ ਚੈਪਟਰ ਤੁਸੀਂ ਹੁਣੇ ਹੁਣੇ ਪੜ੍ਹਿ ਆ ਹੈ, ਉਹਨੂੰ ਇਨ੍ਹਾਂ ਖਿਡੌਣਿਆਂ ਨੂੰ ਇੰਨੀ ਸੌਖੀ ਭਾਸ਼ਾ ਵਿੱਚ ਸਮਝਾਓ, ਜਿਵੇਂ ਉਹ ਛੋਟੇ ਬੱਚੇ ਹੋਣ! ਤੁਸੀਂ ਕੰਧ ਜਾਂ ਸ਼ੀਸ਼ੇ ਮੂਹਰੇ ਖੜ੍ਹੇ ਹੋ ਕੇ ਵੀ ਖ਼ੁਦ ਨੂੰ ਸਮਝਾ ਸਕਦੇ ਹੋ। ਜਦੋਂ ਤੁਸੀਂ ਸਮਝਾਉਂਦੇ ਹੋਏ ਕਿਤੇ ਰੁਕ ਜਾਓ ਜਾਂ ਝਿਜਕੋ, ਤਾਂ ਸਮਝ ਜਾਓ ਕਿ ਉਹ ਹਿੱਸਾ ਤੁਹਾਨੂੰ ਅਜੇ ਚੰਗੀ ਤਰ੍ਹਾਂ ਸਮਝ ਨਹੀਂ ਆਇਆ। ਝੱਟ ਕਿਤਾਬ ਖੋਲ੍ਹੋ ਅਤੇ ਉਸ ਹਿੱਸੇ ਨੂੰ ਦੁਬਾਰਾ ਵੇਖ ਲਓ। ਦੂਜਿਆਂ ਨੂੰ ਸਮਝਾਉਣ ਨਾਲ ਸਾਡਾ ਖ਼ੁਦ ਦਾ ਕਾਨਸੈਪਟ ਕ੍ਰਿਸਟਲ ਵਾਂਗ ਸਾਫ਼ ਹੋ ਜਾਂਦਾ ਹੈ।

**ਰੰਗ-ਬਿਰੰਗੇ ਮਾਈਂਡ ਮੈਪਸ**

ਕਾਲੇ ਤੇ ਨੀਲੇ ਪੈੱਨ ਨਾਲ ਲਿਖੇ ਲੰਮੇ ਲੰਮੇ ਪੈਰੇ ਵੇਖ ਕੇ ਤਾਂ ਵੱਡੇ ਵੱਡਿਆਂ ਨੂੰ ਵੀ ਡਰ ਲੱਗਣ ਲੱਗਦਾ ਹੈ। ਇਸਲਈ ਆਪਣੇ ਨੋਟਸ ਨੂੰ ਕੁਝ ਰੰਗੀਨ ਅਤੇ ਕਲਾਤਮਕ ਬਣਾਓ। ਇਹਦੇ ਲਈ 'ਮਾਈਂਡ ਮੈਪ' ਯਾਨੀ ਦਿਮਾਗ਼ ਦਾ ਨਕਸ਼ਾ ਸਭ ਤੋਂ ਚੰਗਾ ਤਰੀਕਾ ਹੈ। ਇੱਕ ਸਾਦੇ ਕਾਗਜ਼ ਦੇ ਬਿਲਕੁਲ ਵਿਚਾਲੇ ਆਪਣੇ ਚੈਪਟਰ ਦਾ ਨਾਂ ਲਿਖੋ ਅਤੇ ਉਹਦੇ ਚਾਰੇ ਪਾਸੇ ਗੋਲ ਦਾਇਰਾ ਬਣਾਓ। ਹੁਣ ਉਸ ਦਾਇਰੇ ਵਿੱਚ ਰੁੱਖਾਂ ਦੀਆਂ ਟਹਿਣੀਆਂ ਵਾਂਗ ਤੀਰ ਬਣਾਓ ਅਤੇ ਹਰ ਟਹਿਣੀ ਤੇ ਉਸ ਚੈਪਟਰ ਦੇ ਮੁੱਖ

ਪੁਆਇੰਟਸ ਲਿਖੋ। ਅੱਡ ਅੱਡ ਸਕੈੱਚ ਪੈੱਨ, ਛੋਟੇ ਛੋਟੇ ਚਿੱਤਰ, ਇਮੋਜੀ ਦੀ ਵਰਤੋਂ ਕਰੋ। ਜਦੋਂ ਤੁਸੀਂ ਪ੍ਰੀਖਿਆ ਦੇ ਦਿਨਾਂ ਵਿੱਚ ਸਿਰਫ ਇਸ ਪੰਨੇ ਦੇ ਰੰਗੀਨ ਨਕਸ਼ੇ ਨੂੰ ਵੇਖੋਗੇ ਤਾਂ ਪੂਰੇ ਦਾ ਪੂਰਾ ਚੈਪਟਰ ਤੁਹਾਡੇ ਦਿਮਾਗ਼ ਦੀ ਸਕਰੀਨ ਤੇ ਫ਼ਲੈਸ਼ ਹੋ ਜਾਵੇਗਾ। ਇਹ ਤੁਹਾਡੇ ਦਿਮਾਗ਼ ਲਈ ਗੂਗਲ ਮੈਪ ਵਾਂਗ ਕੰਮ ਕਰਦਾ ਹੈ।

**ਫਾਰਮੂਲਿਆਂ ਨੂੰ ਸੈੱਟ ਕਰੋ ਧੁਨ ਤੇ**

ਹਿਸਾਬ ਦੇ ਔਖੇ ਫਾਰਮੂਲੇ ਜਾਂ ਫਿਰ ਸਾਇੰਸ ਦੇ ਤੱਤਾਂ ਦੇ ਨਾਂ ਯਾਦ ਕਰਨਾ ਕਦੇ ਕਦੇ ਬਹੁਤ ਅਕਾਊ ਹੋ ਜਾਂਦਾ ਹੈ। ਇਸਦਾ ਇੱਕ ਬਹੁਤ ਮਜ਼ੇਦਾਰ ਇਲਾਜ ਹੈ - ਸੰਗੀਤ। ਆਪਣੇ ਕਿਸੇ ਪਸੰਦੀਦਾ ਗੀਤ ਦੀ ਧੁਨ ਜਾਂ ਫਿਰ ਕਿਸੇ ਜਾਣੀ ਪਛਾਣੀ ਕਵਿਤਾ ਦੀ ਲੈਅ ਫੜੋ ਅਤੇ ਉਸ ਵਿੱਚ ਆਪਣੇ ਫਾਰਮੂਲੇ ਜਾਂ ਇਤਿਹਾਸ ਦੀਆਂ ਮਹੱਤਵਪੂਰਣ ਤਰੀਕਾਂ ਫਿਟ ਕਰ ਦਿਓ। ਤੁਸੀਂ ਚਾਹੋ ਤਾਂ ਇੱਕ ਛੋਟਾ ਜਿਹਾ ਰੈਪ ਸੌਂਗ ਵੀ ਬਣਾ ਸਕਦੇ ਹੋ। ਜਿਵੇਂ "ਹਾਈਡਰੋਜਨ, ਹੀਲੀਅਮ, ਲਿਥੀਅਮ ਭਾਈ... ਅੱਗੇ ਦੀ ਟੇਬਲ ਨੇ ਧੂਮ ਮਚਾਈ...।" ਸੰਗੀਤ ਸਾਡੇ ਦਿਮਾਗ਼ ਦੇ ਉਸ ਹਿੱਸੇ ਨੂੰ ਸਕ੍ਰਿਅ ਕਰਦਾ ਹੈ ਜੋ ਭਾਵਨਾਵਾਂ ਅਤੇ ਲੰਮੇ ਸਮੇਂ ਦੀਆਂ ਯਾਦਾਂ ਨਾਲ ਜੁੜਿਆ ਹੁੰਦਾ ਹੈ। ਗਾਉਂਦੇ ਗਾਉਂਦੇ ਪੜ੍ਹਾਈ ਕਰਨ ਨਾਲ ਤਣਾਓ ਛੂ-ਮੰਤਰ ਹੋ ਜਾਂਦਾ ਹੈ।

**ਆਪਣਾ ਸਟੱਡੀ ਕਾਰਨਰ ਤਿਆਰ ਕਰੋ**

ਤੁਸੀਂ ਕਿੱਥੇ ਬੈਠ ਕੇ ਪੜ੍ਹਦੇ ਹੋ, ਇਹਦਾ ਤੁਹਾਡੀ ਪੜ੍ਹਾਈ ਤੇ ਬਹੁਤ ਅਸਰ ਪੈਂਦਾ ਹੈ। ਬਿਸਤਰੇ ਤੇ ਲੇਟ ਕੇ ਪੜ੍ਹਨਾ ਸਭ ਤੋਂ ਖਰਾਬ ਢੰਗ ਹੈ, ਕਿਉਂਕਿ ਬਿਸਤਰਾ ਵੇਖਦੇ ਹੀ ਦਿਮਾਗ਼ ਨੂੰ ਸੌਣ ਦਾ ਸਿਗਨਲ ਮਿਲ ਜਾਂਦਾ ਹੈ। ਆਪਣੇ ਘਰ ਦੇ ਕਿਸੇ ਕੋਨੇ ਨੂੰ ਆਪਣੇ 'ਸਟੱਡੀ ਸਟੇਸ਼ਨ' ਜਾਂ 'ਮਿਸ਼ਨ ਕੰਟਰੋਲ ਰੂਮ' ਬਣਾ ਲਓ। ਉੱਥੇ ਇੱਕ ਛੋਟਾ ਜਿਹਾ ਟੇਬਲ ਅਤੇ ਕੁਰਸੀ ਰੱਖੋ। ਉਸ ਥਾਂ ਤੇ ਸਿਰਫ ਤੁਹਾਡੇ ਕੰਮ ਦੀਆਂ ਕਿਤਾਬਾਂ, ਪੈੱਨ, ਪਾਣੀ ਦੀ ਬੋਤਲ ਹੋਣੀ ਚਾਹੀਦੀ ਹੈ। ਉੱਥੇ ਕੋਈ ਖਿਡੌਣਾ ਜਾਂ ਧਿਆਨ ਭਟਕਾਉਣ ਵਾਲੀ ਚੀਜ਼ ਨਾ ਰੱਖੋ। ਤੁਸੀਂ ਉਸ ਕੋਨੇ ਵਿੱਚ ਕੁਝ ਮੋਟੀਵੇਸ਼ਨਲ ਕੋਟਸ ਜਾਂ ਆਪਣੇ ਬਣਾਏ ਮਾਈਂਡ ਮੈਪਸ ਚਿਪਕਾ ਸਕਦੇ ਹੋ। ਜਦੋਂ ਵੀ ਤੁਸੀਂ ਉਸ ਥਾਂ ਤੇ ਬੈਠੋਗੇ, ਤੁਹਾਡੇ ਦਿਮਾਗ਼ ਨੂੰ ਪਤਾ ਲੱਗ ਜਾਵੇਗਾ ਕਿ ਹੁਣ 'ਸਟੱਡੀ ਮੋਡ' ਆਨ ਹੋ ਚੁੱਕਾ ਹੈ।

**ਖੇਡੋ ਕੁਇਜ਼ ਗੇਮ**

ਇਕੱਲਿਆਂ ਪੜ੍ਹਦੇ ਪੜ੍ਹਦੇ ਬੋਰੀਅਤ ਹੋਣੀ ਲਾਜ਼ਮੀ ਹੈ। ਇਹਨੂੰ ਦੂਰ ਕਰਨ ਲਈ ਆਪਣੇ ਦੋਸਤਾਂ ਜਾਂ ਭੈਣ-ਭਰਾਵਾਂ ਨੂੰ ਸ਼ਾਮਲ ਕਰੋ ਅਤੇ ਪੜ੍ਹਾਈ ਨੂੰ ਇੱਕ ਗੇਮ ਸ਼ੋਅ ਦਾ ਰੂਪ ਦਿਓ। ਛੋਟੇ ਛੋਟੇ ਕਾਗਜ਼ ਦੇ ਟੁਕੜਿਆਂ (ਫਲੈਸ਼ ਕਾਰਡ) ਦੇ ਇੱਕ ਪਾਸੇ ਸੁਆਲ ਅਤੇ ਦੂਜੇ ਪਾਸੇ ਉਹਦਾ ਸਹੀ ਜਵਾਬ ਲਿਖੋ। ਹੁਣ ਆਪਣੇ ਦੋਸਤਾਂ ਜਾਂ ਮੰਮੀ-ਪਾਪਾ ਨਾਲ 'ਕੌਨ ਬਨੇਗਾ ਕਰੋੜਪਤੀ' ਵਾਂਗ ਖੇਡੋ। ਗਲਤ ਜਵਾਬ ਤੇ ਲਾਈਫ਼ ਲਾਈਨ ਦੀ ਵਰਤੋਂ ਕਰੋ ਜਾਂ ਫ਼ਨੀ ਪੈਨਲਟੀ ਰੱਖੋ। ਜਦੋਂ ਅਸੀਂ ਖੇਡ ਖੇਡ ਵਿੱਚ ਪ੍ਰਤਿਯੋਗਤਾ ਕਰਦੇ ਹਾਂ ਤਾਂ ਸਾਡੇ ਅੰਦਰ ਜਿੱਤਣ ਦੀ ਇੱਛਾ ਪੈਦਾ ਹੁੰਦੀ ਹੈ। ਇਸ ਨਾਲ ਮੁਸ਼ਕਿਲ ਪ੍ਰਸ਼ਨ ਵੀ ਹੱਸਦੇ ਖੇਡਦੇ ਯਾਦ ਹੋ ਜਾਂਦੇ ਹਨ ਅਤੇ ਦੋਸਤਾਂ ਨਾਲ ਬਾਂਡਿੰਗ ਵੀ ਚੰਗੀ ਹੋ ਜਾਂਦੀ ਹੈ।

ਖੁਦ ਨੂੰ ਦਿਓ ਸੁਪਰ ਰਿਕਾਰਡ

ਕੋਈ ਵੀ ਕੰਮ ਬਿਨਾਂ ਲਾਭ ਤੋਂ ਕਰਨ ਵਿੱਚ ਸੁਆਦ ਨਹੀਂ ਆਉਂਦਾ, ਹੈ ਨਾ! ਤਾਂ ਕਿਉਂ ਨਾ ਆਪਣੀ ਪੜ੍ਹਾਈ ਲਈ ਵੀ ਇੱਕ ਇਨਾਮ ਪ੍ਰਣਾਲੀ ਜਾਂ 'ਰਿਵਾਰਡ ਸਿਸਟਮ' ਤੈਅ ਕੀਤਾ ਜਾਏ। ਆਪਣੇ ਆਪ ਨਾਲ ਇੱਕ ਡੀਲ ਕਰੋ - 'ਜੇ ਮੈਂ ਅੱਜ ਗਣਿਤ ਦੇ 5 ਔਖੇ ਸੁਆਲ ਹੱਲ ਕਰ ਲਵਾਂਗਾ ਤਾਂ ਮੈਨੂੰ ਸ਼ਾਮ ਨੂੰ 20 ਮਿੰਟ ਆਪਣੀ ਪਸੰਦੀਦਾ ਗੇਮ ਖੇਡਣ ਨੂੰ ਮਿਲੇਗੀ।" ਜਾਂ "ਇਤਿਹਾਸ ਦਾ ਚੈਪਟਰ ਖਤਮ ਕਰਨ ਪਿੱਛੋਂ ਮੈਂ ਆਪਣੀ ਮਨਪਸੰਦ ਆਈਸਕਰੀਮ ਖਾਵਾਂਗਾ।" ਪਰ ਯਾਦ ਰਹੇ ਕਿ ਇਨਾਮ ਤਾਂ ਹੀ ਮਿਲੇਗਾ ਜੇ ਤੁਸੀਂ ਇਮਾਨਦਾਰੀ ਨਾਲ ਆਪਣਾ ਟਾਸਕ ਪੂਰਾ ਕਰੋਗੇ। ਖੁਦ ਨਾਲ ਚੀਟਿੰਗ ਬਿਲਕੁਲ ਨਹੀਂ ਕਰਨੀ। ਇਹ ਤਰੀਕਾ ਸਾਡੇ ਦਿਮਾਗ਼ ਵਿੱਚ 'ਡੋਪਾਮਾਈਨ' ਨਾਂ ਦਾ ਕੈਮੀਕਲ ਰੀਲੀਜ਼ ਕਰਦਾ ਹੈ। ਜਿਸ ਨਾਲ ਖ਼ੁਸ਼ੀ ਮਿਲਦੀ ਹੈ ਅਤੇ ਅਸੀਂ ਅਗਲੇ ਟਾਸਕ ਨੂੰ ਹੋਰ ਵੀ ਤੇਜ਼ੀ ਨਾਲ ਕਰਨ ਲਈ ਤਿਆਰ ਹੋ ਜਾਂਦੇ ਹਾਂ।

# ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਸਮਾਨਤਾ ਦਾ ਸੰਕਲਪ

**ਪ੍ਰਭਲੀਨ ਕੌਰ ਗੋਂਦਪੁਰ**
(ਲਾਅ ਸਟੂਡੈਂਟ-ਡੀ.ਏ.ਵੀ. ਯੂਨੀਵਰਸਿਟੀ, ਜਲੰਧਰ)



ਕਿਸੇ ਵੀ ਸਮਾਜ ਦੀ ਅਸਲ ਤਰੱਕੀ ਦਾ ਮਾਪ ਉਸ ਦੀਆਂ ਉੱਚੀਆਂ ਇਮਾਰਤਾਂ, ਚੌੜੀਆਂ ਸੜਕਾਂ ਜਾਂ ਤਕਨੀਕੀ ਉਪਲਬਧੀਆਂ ਨਾਲ ਨਹੀਂ ਹੁੰਦਾ। ਤਰੱਕੀ ਦਾ ਅਸਲ ਅਰਥ ਉਸ ਵੇਲੇ ਸਾਹਮਣੇ ਆਉਂਦਾ ਹੈ ਜਦੋਂ ਉਸ ਸਮਾਜ ਵਿੱਚ ਰਹਿਣ ਵਾਲਾ ਹਰ ਮਨੁੱਖ ਆਪਣੇ ਆਪ ਨੂੰ ਸੁਰੱਖਿਅਤ, ਸਨਮਾਨਿਤ ਅਤੇ ਬਰਾਬਰ ਮਹਿਸੂਸ ਕਰੇ। ਜਿੱਥੇ ਮਨੁੱਖ ਦੀ ਪਛਾਣ ਉਸ ਦੇ ਜਨਮ ਨਾਲ ਨਹੀਂ, ਉਸ ਦੀ ਮਨੁੱਖਤਾ ਨਾਲ ਹੋਵੇ; ਜਿੱਥੇ ਕਿਸੇ ਦੇ ਮੱਥੇ ਉੱਤੇ ਜਾਤ ਦੀ ਮੋਹਰ ਲਾ ਕੇ ਉਸ ਦੀ ਯੋਗਤਾ ਤੈਅ ਨਾ ਕੀਤੀ ਜਾਵੇ, ਜਿੱਥੇ ਇਸਤਰੀ ਹੋਣ ਕਰਕੇ ਕਿਸੇ ਦੇ ਸੁਪਨਿਆਂ ਨੂੰ ਛੋਟਾ ਨਾ ਸਮਝਿਆ ਜਾਵੇ ਅਤੇ ਜਿੱਥੇ ਮਿਹਨਤ ਕਰਨ ਵਾਲੇ ਹੱਥਾਂ ਨੂੰ ਕੋਈ ਤਰਿਸਕਾਰ ਨਹੀਂ, ਮਾਣ ਮਿਲੇ -ਉਹੀ ਸਮਾਜ ਸੱਚੇ ਅਰਥਾਂ ਵਿੱਚ ਉੱਨਤ ਕਿਹਾ ਜਾ ਸਕਦਾ ਹੈ। ਸਦੀਆਂ ਪਹਿਲਾਂ, ਜਦੋਂ ਸਮਾਜ ਜਾਤ-ਪਾਤ, ਉੱਚ-ਨੀਚ ਅਤੇ ਹੋਰ ਕਈ ਭੇਦਾਂ ਦੀਆਂ ਕੰਧਾਂ ਨਾਲ ਘਿਰਿਆ ਹੋਇਆ ਸੀ, ਗੁਰੂ ਰਵਿਦਾਸ ਜੀ ਦੇ ਦਿਲ ਵਿੱਚ ਇਕ ਸੁਪਨਾ ਸੀ। ਉਨ੍ਹਾਂ ਨੇ ਮਨੁੱਖਤਾ ਅੱਗੇ ਇੱਕ ਅਜਿਹੇ ਸਮਾਜ ਦਾ ਸੁਪਨਾ ਰੱਖਿਆ ਜਿਸ ਵਿਚ ਦੁੱਖ, ਡਰ ਅਤੇ ਭੇਦਭਾਵ ਲਈ ਕੋਈ ਥਾਂ ਨਾ ਹੋਵੇ। ਇਸ ਸੁਪਨੇ ਦਾ ਨਾਮ ਸੀ - ਬੇਗਮਪੁਰਾ।

ਬੇਗਮਪੁਰਾ ਨੂੰ ਸਿਰਫ਼ ਕਿਸੇ ਸੁੰਦਰ ਸ਼ਹਿਰ ਜਾਂ ਕਲਪਨਾਤਮਕ ਥਾਂ ਸਮਝਣਾ ਗੁਰੂ ਰਵਿਦਾਸ ਜੀ ਦੀ ਸੋਚ ਨੂੰ, ਉਨ੍ਹਾਂ ਦੀ ਸੋਚ ਦੀ ਗਹਿਰਾਈ ਨੂੰ ਘਟਾ ਦੇਵੇਗਾ। 'ਬੇਗਮ' ਦਾ ਭਾਵ 'ਬੇ-ਗਮ' ਅਤੇ 'ਪੁਰਾ' ਦਾ ਭਾਵ ਨਗਰ ਜਾਂ ਵਸੇਬਾ ਤੋਂ ਹੈ, ਅਰਥਾਤ ਗਮ ਤੋ ਰਹਿਤ ਨਗਰ। ਗੁਰੂ ਜੀ ਦੀ ਬਾਣੀ ਵਿੱਚ ਬੇਗਮਪੁਰਾ ਇੱਕ ਅਜਿਹੇ ਸਮਾਜਕ ਆਦਰਸ਼ ਦਾ ਪ੍ਰਤੀਕ ਹੈ ਜਿੱਥੇ ਮਨੁੱਖ ਨੂੰ ਜ਼ਿੰਦਗੀ ਜੀਉਣ ਲਈ ਡਰ, ਅਪਮਾਨ ਅਤੇ ਅਨਿਆਂ ਦਾ ਬੋਝ ਨਾ ਝੱਲਣਾ ਪਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 345 ਉੱਤੇ ਦਰਜ ਗੁਰੂ ਰਵਿਦਾਸ ਜੀ ਦੇ ਸ਼ਬਦ ਦੀ ਸ਼ੁਰੂਆਤ ਹੀ ਇਸ ਤਰ੍ਹਾਂ ਹੁੰਦੀ ਹੈ:

**ਬੇਗਮਪੁਰਾ ਸਹਰ ਕੋ ਨਾਉ ॥**
**ਦੂਖੁ ਅੰਦੋਹੁ ਨਹੀ ਤਿਹਿ ਠਾਉ ॥**

ਇਨ੍ਹਾਂ ਦੋ ਪੰਕਤੀਆਂ ਵਿੱਚ ਇੱਕ ਪੂਰੀ ਸਮਾਜਕ ਦ੍ਰਿਸ਼ਟੀ ਲੁਕੀ ਹੋਈ ਹੈ। ਬੇਗਮਪੁਰਾ ਉਹ ਥਾਂ ਹੈ ਜਿੱਥੇ ਦੁੱਖ ਅਤੇ ਅੰਦੋਹ (ਚਿੰਤਾ) ਨੂੰ ਕੋਈ ਥਾਂ ਨਹੀਂ। ਪਰ ਗੁਰੂ ਜੀ ਇੱਥੇ ਰੁਕਦੇ ਨਹੀਂ। ਉਹ ਅਜਿਹੇ ਸਮਾਜ ਦੀ ਤਸਵੀਰ ਬਣਾਉਂਦੇ ਹਨ, ਜਿੱਥੇ ਸ਼ੋਸ਼ਣ ਵਾਲੇ ਬੋਝ ਅਤੇ ਡਰ ਵੀ ਨਹੀਂ ਹਨ - "**ਨਾ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨਾ ਖਤਾ ਨਾ ਤਰਸੁ ਜਵਾਲੁ ॥**" ਇਸ ਲਈ ਬੇਗਮਪੁਰਾ ਸਿਰਫ਼ ਸੁਖੀ ਜੀਵਨ ਦੀ ਕਲਪਨਾ ਨਹੀਂ, ਸਗੋਂ ਨਿਆਂ, ਅਜ਼ਾਦੀ ਅਤੇ ਮਨੁੱਖੀ ਮਾਣ ਵਾਲੇ ਜੀਵਨ ਦਾ ਸੁਪਨਾ ਹੈ।

ਗੁਰੂ ਰਵਿਦਾਸ ਜੀ ਦੇ ਸਮੇਂ ਦੀ ਸਮਾਜਿਕ ਹਕੀਕਤ ਨੂੰ ਸਮਝੇ ਬਿਨਾਂ ਇਸ ਵਿਚਾਰ ਦੀ ਕ੍ਰਾਂਤੀਕਾਰੀ ਤਾਕਤ ਨੂੰ ਸਮਝਣਾ ਔਖਾ ਹੈ। ਜਨਮ ਦੇ ਆਧਾਰ 'ਤੇ ਮਨੁੱਖਾਂ ਨੂੰ ਵੱਖ-ਵੱਖ ਸਮਾਜਿਕ ਪੱਧਰਾਂ ਵਿਚ ਵੰਡਿਆ ਜਾਂਦਾ ਸੀ। ਕਿਸੇ ਨੂੰ ਉੱਚਾ ਮੰਨਿਆ ਜਾਂਦਾ ਅਤੇ ਕਿਸੇ ਨੂੰ ਸਿਰਫ਼ ਉਸ ਦੇ ਜਨਮ ਕਰਕੇ ਨੀਵਾਂ ਸਮਝਿਆ ਜਾਂਦਾ ਸੀ। ਮਨੁੱਖ ਦੀ ਮਿਹਨਤ, ਗਿਆਨ, ਚਰਿੱਤਰ ਜਾਂ ਭਗਤੀ ਨਾਲੋਂ ਉਸ ਦੀ ਜਾਤ ਨੂੰ ਵਧੇਰੇ ਮਹੱਤਵ ਮਿਲਦਾ ਸੀ। ਇਹ ਸੋਚ ਮਨੁੱਖ ਉਸ ਦੀ ਅੰਦਰਲੀ ਪਛਾਣ ਤੋਂ ਦੂਰ ਕਰਕੇ ਉਸ ਨੂੰ ਇੱਕ ਸਮਾਜਿਕ ਲੇਬਲ ਤੱਕ ਸੀਮਤ ਕਰ ਦਿੰਦੀ ਸੀ। ਗੁਰੂ ਰਵਿਦਾਸ ਜੀ ਨੇ ਇਸੇ ਸੋਚ ਨੂੰ ਆਪਣੀ ਬਾਣੀ ਰਾਹੀਂ ਚੁਣੌਤੀ ਦਿੱਤੀ।

ਉਨ੍ਹਾਂ ਦੀ ਬਾਣੀ ਵਿੱਚ ਉਸ ਸਮੇਂ ਦੀਆਂ ਸਮਾਜਿਕ ਸ਼੍ਰੇਣੀਆਂ ਦਾ ਜ਼ਿਕਰ ਆਉਂਦਾ ਹੈ। ਉਹ ਫੁਰਮਾਉਂਦੇ ਹਨ -

**ਬ੍ਰਾਹਮਨ ਬੈਸ ਸੂਦ ਅਰੁ ਖ੍ਹਤ੍ਰੀ ॥**
**ਡੋਮ ਚੰਡਾਰ ਮਲੇਛ ਮਨ ਸੋਇ ॥**

ਇੱਥੇ ਗੁਰੂ ਜੀ ਸਮਾਜ ਵਿੱਚ ਮੌਜੂਦ ਵੰਡ ਨੂੰ ਸਾਹਮਣੇ ਲਿਆਉਂਦੇ ਹਨ। ਪਰ ਉਨ੍ਹਾਂ ਦੀ ਅਸਲ ਦਿਸ਼ਾ ਉਸ ਵੰਡ ਨੂੰ ਸਦੀਵੀ ਸੱਚ ਮੰਨਣ ਦੀ ਨਹੀਂ। ਅੱਗੇ ਉਹ ਮਨੁੱਖ ਦੀ

ਪਵਿੱਤਰਤਾ ਨੂੰ ਭਗਵਾਨ ਦੇ ਭਜਨ ਅਤੇ ਅੰਦਰਲੇ ਗੁਣਾਂ ਨਾਲ ਜੋੜਦੇ ਹਨ -

**ਹੋਇ ਪੁਨੀਤ ਭਗਵੰਤ ਭਜਨ ਤੇ ॥**

**ਆਪੁ ਤਾਰਿ ਤਾਰੇ ਕੁਲ ਦੋਇ ॥**

ਇਸ ਤਰ੍ਹਾਂ ਮਨੁੱਖ ਦੀ ਮਹਾਨਤਾ ਜਨਮ ਦੀ ਉੱਚਾਈ ਵਿੱਚ ਨਹੀਂ, ਸਗੋਂ ਉਸ ਦੇ ਕਰਮ, ਚਰਿੱਤਰ ਅਤੇ ਆਤਮਕ ਜੀਵਨ ਵਿੱਚ ਹੈ। ਇਸ ਵਿਚਾਰ ਵਿੱਚ ਸਾਨੂੰ ਅੱਜ ਵੀ ਇੱਕ ਬਹੁਤ ਡੂੰਘਾ ਸਵਾਲ ਮਿਲਦਾ ਹੈ ਕਿ ਕਿਸੇ ਮਨੁੱਖ ਦੀ ਕੀਮਤ ਉਸ ਦੇ ਜਨਮ ਨਾਲ ਤੈਅ ਹੋ ਸਕਦੀ ਹੈ? ਗੁਰੂ ਰਵਿਦਾਸ ਜੀ ਦਾ ਜਵਾਬ ਸਪਸ਼ਟ ਹੈ - ਮਨੁੱਖ ਦੀ ਅਸਲ ਪਹਿਚਾਣ ਉਸ ਦੀ ਮਨੁੱਖਤਾ ਹੈ। ਜਾਤ ਕਿਸੇ ਦੀ ਯੋਗਤਾ ਦਾ ਸਰਟੀਫਿਕੇਟ ਨਹੀਂ ਅਤੇ ਨਾ ਹੀ ਕਿਸੇ ਮਨੁੱਖ ਦੀ ਸਮਾਜਿਕ ਕੀਮਤ ਦਾ ਪੈਮਾਨਾ। ਅੱਜ ਭਾਵੇਂ ਸਾਡੇ ਕੋਲ ਕਾਨੂੰਨ ਸਮਾਨਤਾ ਦਾ ਅਧਿਕਾਰ ਹੈ, ਫਿਰ ਵੀ ਸੋਚ ਦੇ ਪੱਧਰ 'ਤੇ ਜਾਤੀ-ਭੇਦ ਦੇ ਅਵਸ਼ੇਸ਼ ਕਈ ਥਾਵਾਂ ਤੇ ਮਿਲਦੇ ਹਨ। ਇਸ ਲਈ ਗੁਰੂ ਜੀ ਦੀ ਬਾਣੀ ਸਿਰਫ਼ ਇਤਿਹਾਸ ਨਹੀਂ, ਇਹ ਸਾਡੇ ਵਰਤਮਾਨ ਨੂੰ ਪਰਖਣ ਵਾਲਾ ਦਰਪਣ ਵੀ ਹੈ।

ਗੁਰੂ ਰਵਿਦਾਸ ਜੀ ਨੇ ਮਨੁੱਖੀ ਮਾਣ ਨੂੰ ਸਿਰਫ਼ ਜਾਤੀ ਦੇ ਸਵਾਲ ਤੱਕ ਸੀਮਤ ਨਹੀਂ ਕੀਤਾ। ਉਨ੍ਹਾਂ ਦੀ ਸੋਚ ਵਿੱਚ ਤਾਕਤ, ਆਹੁਦਾ ਅਤੇ ਸਮਾਜਿਕ ਦਰਜਾ ਵੀ ਮਨੁੱਖ ਦੀ ਅਸਲ ਮਹਾਨਤਾ ਦਾ ਮਾਪ ਨਹੀਂ। ਉਹ ਕਹਿੰਦੇ ਹਨ -

**ਪੰਡਤ ਸੂਰ ਛਤ੍ਰਪਤਿ ਰਾਜਾ ॥**

**ਭਗਤ ਬਰਾਬਰਿ ਅਉਰੁ ਨ ਕੋਇ ॥**

ਪੰਡਤ ਦਾ ਗਿਆਨ, ਸੂਰਮੇ ਦੀ ਤਾਕਤ ਅਤੇ ਰਾਜੇ ਦੀ ਸੱਤਾ ਆਪਣੀ ਥਾਂ ਹੋ ਸਕਦੀ ਹੈ, ਪਰ ਸੱਚੀ ਭਗਤੀ ਅਤੇ ਮਨੁੱਖਤਾ ਦੇ ਸਾਹਮਣੇ ਇਹ ਬਾਹਰੀ ਦਰਜੇ ਮਨੁੱਖ ਨੂੰ ਵੱਡਾ ਨਹੀਂ ਬਣਾਉਂਦੇ। ਇਹ ਗੱਲ ਸਮਾਜਿਕ ਸਮਾਨਤਾ ਦੀ ਜੜ੍ਹ ਤੱਕ ਜਾਂਦੀ ਹੈ। ਕਿਸੇ ਮਨੁੱਖ ਦਾ ਮਾਣ ਉਸ ਦੇ ਅਹੁਦੇ ਜਾਂ ਵੰਸ਼ ਨਾਲ ਨਹੀਂ, ਉਸ ਦੇ ਅੰਦਰਲੇ ਗੁਣਾਂ ਨਾਲ ਹੋਣਾ ਚਾਹੀਦਾ ਹੈ।

ਇਸੇ ਸਮਾਨਤਾ ਦੀ ਸੋਚ ਨੂੰ ਅੱਜ ਇਸਤਰੀ ਦੇ ਮਾਣ ਨਾਲ ਜੋੜ ਕੇ ਦੇਖਣਾ ਵੀ ਜ਼ਰੂਰੀ ਹੈ। ਕਿਸੇ ਵੀ ਸਮਾਜ ਵਿੱਚ ਸਮਾਨਤਾ ਅਧੂਰੀ ਹੈ ਜੇ ਉਸ ਦੀ ਅੱਧੀ ਆਬਾਦੀ ਨੂੰ ਬਰਾਬਰ ਮੌਕੇ, ਸਨਮਾਨ ਅਤੇ ਫ਼ੈਸਲੇ ਦੀ ਅਜ਼ਾਦੀ ਨਾ ਮਿਲੇ। ਇਸਤਰੀ ਦਾ ਮਾਣ ਸਿਰਫ਼ ਕਹਿਣ ਵਿੱਚ ਨਹੀਂ ਕਿਉਂਕਿ ਉਹ ਸਤਿਕਾਰ ਦੀ ਹੱਕਦਾਰ ਹੈ। ਅਸਲ ਵਿੱਚ ਉਸ ਦਾ ਮਾਣ ਉਸ ਵੇਲੇ ਹੈ ਜਦੋਂ ਉਸ ਨੂੰ ਸਿੱਖਿਆ, ਰੋਜ਼ਗਾਰ, ਸੰਪੱਤੀ, ਵਿਚਾਰ ਪ੍ਰਗਟ ਕਰਨ ਅਤੇ ਆਪਣੇ ਜੀਵਨ ਬਾਰੇ ਫ਼ੈਸਲੇ ਕਰਨ ਅਤੇ ਸਮਾਜ ਵਿੱਚ ਆਪਣੀ ਪਛਾਣ ਬਣਾਉਣ ਦੇ ਸਮਾਨ ਮੌਕੇ ਮਿਲਣ। ਜੇ ਜਨਮ ਕਿਸੇ ਮਨੁੱਖ ਨੂੰ ਉੱਚਾ ਜਾਂ ਨੀਵਾਂ ਨਹੀਂ ਬਣਾ ਸਕਦਾ ਤਾਂ ਲਿੰਗ ਵੀ ਕਿਸੇ ਮਨੁੱਖ ਦੀ ਯੋਗਤਾ ਨੂੰ ਘੱਟ ਨਹੀਂ ਕਰ ਸਕਦਾ।

ਇੱਕ ਧੀ ਦੇ ਸੁਪਨੇ ਨੂੰ ਪੁੱਤਰ ਦੇ ਸੁਪਨੇ ਜਿੰਨ੍ਹਾਂ ਹੀ ਮਹੱਤਵ ਦੇਣਾ, ਘਰ ਵਿੱਚ ਉਸ ਦੀ ਗੱਲ ਨੂੰ ਧਿਆਨ ਨਾਲ ਸੁਣਨਾ, ਉਸ ਨੂੰ ਪੜ੍ਹਨ ਅਤੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦਾ ਮੌਕਾ ਦੇਣਾ - ਇਹ ਹੀ ਬੇਗਮਪੁਰੇ ਵੱਲ ਕਦਮ ਹਨ। ਇਸਤਰੀ ਨੂੰ ਸਿਰਫ਼ ਕਿਸੇ ਧੀ, ਪਤਨੀ ਜਾਂ ਮਾਂ ਦੇ ਰਿਸ਼ਤੇ ਨਾਲ ਨਹੀਂ, ਇਸ ਸੁਤੰਤਰ ਮਨੁੱਖ ਵੱਜੋਂ ਦੇਖਣਾ ਸਮਾਜਿਕ ਮਾਣ ਦਾ ਹਿੱਸਾ ਹੈ। ਇਸ ਤਰ੍ਹਾਂ ਬੇਗਮਪੁਰੇ ਦੀ ਕਲਪਨਾ ਨੂੰ ਅੱਜ ਦੇ ਸਮੇਂ ਵਿੱਚ ਅਸੀਂ ਅਜਿਹੇ ਸਮਾਜ ਵਜੋਂ ਪੜ੍ਹ ਸਕਦੇ ਹਾਂ ਜਿੱਥੇ ਨਾ ਜਾਤ ਮਨੁੱਖ ਦੇ ਰਸਤੇ ਵਿੱਚ ਕੰਧ ਬਣੇ ਅਤੇ ਨਾ ਲਿੰਗ।

ਬੇਗਮਪੁਰੇ ਦੀ ਸਭ ਤੋਂ ਵੱਡੀ ਖ਼ੂਬੀ ਇਹ ਵੀ ਹੈ ਕਿ ਉੱਥੇ ਡਰ ਨਹੀਂ। "ਖਉਫੁ ਨ ਖਤਾ ਨ ਤਰਸੁ ਜਵਾਲੁ" ਦਾ ਭਾਵ ਸਿਰਫ਼ ਆਤਮਿਕ ਨਿਡਰਤਾ ਤੱਕ ਸੀਮਿਤ ਨਹੀਂ ਰਹਿੰਦਾ, ਇਸ ਨੂੰ ਮਨੁੱਖੀ ਜੀਵਨ ਦੀ ਇੱਜ਼ਤ ਨਾਲ ਵੀ ਜੋੜਿਆ ਜਾ ਸਕਦਾ ਹੈ। ਅਜਿਹਾ ਸਮਾਜ ਜਿੱਥੇ ਕੋਈ ਵਿਅਕਤੀ ਆਪਣੀ ਜਾਤ ਕਰਕੇ ਅਪਮਾਨ ਤੋਂ ਨਾ ਡਰੇ, ਕੋਈ ਗਰੀਬ ਆਪਣੀ ਹਾਲਤ ਕਰਕੇ ਹੱਕ ਮੰਗਣ ਤੋਂ ਨਾ ਘਬਰਾਏ ਅਤੇ ਕੋਈ ਇਸਤਰੀ ਸਮਾਜਿਕ ਦਬਾਅ ਜਾਂ ਅਸੁਰੱਖਿਆ ਕਾਰਨ ਆਪਣੇ ਸੁਪਨ ਨਾ ਛੱਡੇ - ਇਹ ਗੁਰੂ ਰਵਿਦਾਸ ਜੀ ਦੇ ਬੇਗਮਪੁਰੇ ਦੀ ਰੂਹ ਦੇ ਨੇੜੇ ਹੈ।

ਗੁਰੂ ਰਵਿਦਾਸ ਜੀ ਦੀ ਸਮਾਜਿਕ ਦ੍ਰਿਸ਼ਟੀ ਵਿੱਚ ਮਿਹਨਤ ਦਾ ਮਾਣ ਵੀ ਬਹੁਤ ਮਹੱਤਵਪੂਰਨ ਹੈ। ਕਿਸੇ ਕੰਮ ਨੂੰ ਸਿਰਫ਼ ਇਸ ਕਰਕੇ ਨੀਵਾਂ ਸਮਝਣਾ ਕਿ ਉਹ ਕਰਨ ਵਾਲਾ ਵਿਅਕਤੀ ਸਮਾਜ ਦੇ ਕਿਸੇ ਹੇਠਲੇ ਪੱਧਰ ਨਾਲ ਜੋੜਿਆ ਜਾਂਦਾ ਹੈ, ਅਸਲ ਵਿੱਚ ਮਿਹਨਤ ਨਹੀਂ, ਮਨੁੱਖ ਨੂੰ ਨੀਵਾਂ ਸਮਝਣਾ ਹੈ ਕਿਸਾਨ ਦੇ ਹੱਥ, ਕਾਰੀਗਰ ਦੀ ਕਲਾ, ਮਜ਼ਦੂਰ ਦੀ ਮਿਹਨਤ, ਸਫ਼ਾਈ ਕਰਨ ਵਾਲੇ ਦੀ ਸੇਵਾ ਅਤੇ ਹਰ ਇਮਾਨਦਾਰ ਕੰਮ ਸਮਾਜ ਨੂੰ ਚਲਾਉਣ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ। ਇਸ ਲਈ ਬੇਗਮਪੁਰਾ ਉਹ ਸਮਾਜ ਹੈ ਜਿੱਥੇ ਕੰਮ ਦੀ ਇੱਜ਼ਤ ਹੈ ਅਤੇ ਮਿਹਨਤਕਸ਼

ਮਨੁੱਖ ਨੂੰ ਉਸ ਦੀ ਮਿਹਨਤ ਕਰਕੇ ਅਪਮਾਨਿਤ ਨਹੀਂ ਕੀਤਾ ਜਾਂਦਾ।

ਗੁਰੂ ਜੀ ਦੀ ਬਾਣੀ ਵਿੱਚ ਬੇਗਮਪੁਰੇ ਦੇ ਸਮਾਜਿਕ ਢਾਂਚੇ ਦੀ ਇੱਕ ਹੋਰ ਤਸਵੀਰ ਮਿਲਦੀ ਹੈ -

**ਕਾਇਮੁ ਦਾਇਮੁ ਸਦਾ ਪਾਤਸ਼ਾਹੀ॥**

**ਦੋਮ ਨ ਸੇਮ ਏਕ ਸੋ ਆਹੀ॥**

ਇੱਥੇ ਦੂਜੇ ਜਾਂ ਤੀਜੇ ਦਰਜੇ ਦੇ ਮਨੁੱਖ ਦੀ ਗੁੰਜਾਇਸ਼ ਨਹੀਂ। ਇਹੀ ਸਮਾਨਤਾ ਦਾ ਅਸਲ ਅਰਥ ਹੈ। ਮਨੁੱਖੀ ਮਰਿਆਦਾ ਵਿੱਚ ਕੋਈ ਦਰਜਾਬੰਦੀ ਨਹੀਂ। ਸਮਾਜ ਵਿੱਚ ਭੂਮਿਕਾਵਾਂ ਵੱਖ ਹੋ ਸਕਦੀਆਂ ਹਨ, ਪਰ ਮਨੁੱਖ ਹੋਣ ਦੇ ਅਧਿਕਾਰ ਅਤੇ ਸਨਮਾਨ ਵਿੱਚ ਕੋਈ ਉੱਚ-ਨੀਚ ਨਹੀਂ ਹੋਣੀ ਚਾਹੀਦੀ।

ਇਸੇ ਕਰਕੇ ਬੇਗਮਪੁਰਾ ਇੱਕ ਆਧੁਨਿਕ ਵਿਚਾਰ ਵਾਂਗ ਵੀ ਸਾਡੇ ਸਾਹਮਣੇ ਖੜ੍ਹਾ ਹੁੰਦਾ ਹੈ। ਅੱਜ ਅਸੀਂ ਸੰਵਿਧਾਨ ਵਿੱਚ ਸਮਾਨਤਾ, ਅਜ਼ਾਦੀ ਅਤੇ ਨਿਆਂ ਦੀ ਗੱਲ ਕਰਦੇ ਹਾਂ। ਕਾਨੂੰਨ ਜਾਤ ਲਿੰਗ ਅਤੇ ਹੋਰ ਆਧਾਰਾਂ 'ਤੇ ਭੇਦਭਾਵ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਹੈ। ਪਰ ਕਾਨੂੰਨ ਤੋਂ ਪਹਿਲਾਂ ਮਨੁੱਖੀ ਸੋਚ ਬਦਲਣੀ ਪੈਂਦੀ ਹੈ। ਜੇ ਮਨ ਵਿੱਚ ਕਿਸੇ ਨੂੰ ਘੱਟ ਸਿਰਫ਼ ਉਸ ਦੇ ਜਨਮ ਕਰਕੇ ਸਮਝਿਆ ਜਾਵੇ, ਤਾਂ ਕਾਗਜ਼ ਉੱਤੇ ਲਿਖੀ ਸਮਾਨਤਾ ਪੂਰੀ ਤਰ੍ਹਾਂ ਜੀਵਨ ਵਿੱਚ ਨਹੀਂ ਉੱਤਰ ਸਕਦੀ। ਇਸ ਲਈ ਗੁਰੂ ਰਵਿਦਾਸ ਜੀ ਚਾਹੁੰਦੇ ਸਨ ਕਿ ਜਿਸ ਤਰ੍ਹਾਂ ਉਨ੍ਹਾਂ ਦੀ ਚਮਾਰ ਜਾਤਿ ਕਰਕੇ ਉਨ੍ਹਾਂ ਨੂੰ ਭੇਦ-ਭਾਵ ਦਾ ਸਾਹਮਣਾ ਕਰਨਾ ਪਿਆ, ਉਸ ਤਰ੍ਹਾਂ ਕਿਸੇ ਹੋਰ ਦੀ ਜਾਤਿ ਦੇ ਅਧਾਰ ਤੇ ਭੇਦ-ਭਾਵ ਨਾ ਹੋਵੇ। ਗੁਰੂ ਜੀ ਦਾ ਇਹ ਸੰਦੇਸ਼ ਅੱਜ ਦੇ ਭਾਰਤ ਲਈ ਵੀ ਬਹੁਤ ਮਹੱਤਵਪੂਰਨ ਹੈ। 2026 ਵਿੱਚ ਭਾਰਤ ਦੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਵੀ ਗੁਰੂ ਰਵਿਦਾਸ ਜੀ ਨੂੰ ਸਮਾਨਤਾ, ਸਮਾਜਿਕ ਨਿਆਂ ਅਤੇ ਭੇਦਭਾਵ ਤੋਂ ਦੂਰ ਕਰਨ ਦੇ ਸੰਦੇਸ਼ ਦਾ ਨਾਅਰਾ ਦੇਣ ਵਾਲੇ ਸੰਤ ਅਤੇ ਸਮਾਜ-ਸੁਧਾਰਕ ਵਜੋਂ ਯਾਦ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2026 ਨੂੰ ਉਨ੍ਹਾਂ ਦੇ ਸਿੱਧਾਤਾਂ ਨੂੰ ਰਹਿੰਦੀ ਦੁਨੀਆਂ ਤੱਕ ਰੱਖਣ ਲਈ ਆਦਮਪੁਰ ਹਵਾਈ ਅੱਡੇ ਦਾ ਨਾਮ 'ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਹਵਾਈ ਅੱਡਾ' ਰੱਖਿਆ।

ਅੱਜ ਦੇ ਨੌਜਵਾਨਾਂ ਲਈ ਬੇਗਮਪੁਰੇ ਦਾ ਅਰਥ ਹੋਰ ਵੀ ਵੱਡਾ ਹੈ। ਸਾਡੇ ਕੋਲ ਸਿੱਖਿਆ, ਇੰਟਰਨੈੱਟ ਅਤੇ ਆਪਣੀ ਗੱਲ ਲੋਕਾਂ ਤੱਕ ਪਹੁੰਚਾਉਣ ਲਈ ਅਨੇਕ ਸਾਧਨ ਹਨ। ਇਹ ਸਾਧਨ ਕੰਧਾਂ ਬਣਾਉਣ ਲਈ ਵੀ ਵਰਤੇ ਜਾ ਸਕਦੇ ਹਨ ਅਤੇ ਕੰਧਾਂ ਢਾਹੁਣ ਲਈ ਵੀ। ਜਦੋਂ ਅਸੀਂ ਕਿਸੇ ਦੀ ਜ਼ਾਤ ਦਾ ਮਜ਼ਾਕ ਨਹੀਂ ਉਡਾਉਂਦੇ ਅਤੇ ਜਦੋਂ ਅਸੀਂ ਕਿਸੇ ਦੇ ਪੇਸ਼ੇ ਨੂੰ ਘੱਟ ਨਹੀਂ ਸਮਝਦੇ, ਜਦੋਂ ਅਸੀਂ ਧੀ ਅਤੇ ਪੁੱਤਰ ਦੇ ਸੁਪਨਿਆਂ ਨੂੰ ਬਰਾਬਰ ਮੰਨਦੇ ਹਾਂ ਅਤੇ ਜਦੋਂ ਅਸੀਂ ਭੇਦਭਾਵ ਦੇਖ ਕੇ ਚੁੱਪ ਰਹਿਣ ਦੀ ਬਜਾਏ ਉਸ ਦੇ ਵਿਰੁੱਧ ਖੜ੍ਹਦੇ ਹਾਂ, ਤਾਂ ਅਸੀਂ ਗੁਰੂ ਜੀ ਦੇ ਸੁਪਨਿਆਂ ਅਤੇ ਉਨ੍ਹਾਂ ਦੀ ਸੋਚ ਨੂੰ ਸਿਰਫ਼ ਪੜ੍ਹ ਨਹੀਂ, ਜੀ ਵੀ ਰਹੇ ਹਾਂ।

ਬੇਗਮਪੁਰਾ ਸਾਨੂੰ ਇਹ ਵੀ ਸਿਖਾਉਂਦਾ ਹੈ ਕਿ ਸਮਾਜਿਕ ਨਿਆਂ ਦੂਜਿਆਂ ਤੋਂ ਮੰਗਣ ਵਾਲੀ ਚੀਜ਼ ਨਹੀਂ, ਇਹ ਆਪਣੇ ਵਿਹਾਰ ਤੋਂ ਸ਼ੁਰੂ ਹੋਣ ਵਾਲੀ ਚੀਜ਼ ਹੈ। ਇਹ ਸਾਡੀ ਜ਼ਿੰਮੇਵਾਰੀ ਹੈ। ਅਸੀਂ ਘਰ ਵਿੱਚ ਕੰਮ ਕਰਨ ਵਾਲੇ ਵਿਅਕਤੀ ਨਾਲ ਕਿੰਝ ਵਿਹਾਰ ਅਤੇ ਗੱਲ ਕਰਦੇ ਹਾਂ? ਕੀ ਅਸੀਂ ਉਸ ਦੇ ਕੰਮ ਨੂੰ ਇੱਜ਼ਤ ਦਿੰਦੇ ਹਾਂ? ਕੀ ਅਸੀਂ ਕਿਸੇ ਦੀ ਜਾਤ ਜਾਣ ਕਰਕੇ ਉਸ ਨਾਲ ਵਿਹਾਰ ਬਦਲਦੇ ਹਾਂ? ਕੀ ਅਸੀਂ ਆਪਣੀ ਧੀਆਂ ਨੂੰ ਉਹੀ ਅਜ਼ਾਦੀ ਦਿੰਦੇ ਹਾਂ ਜੋ ਪੁੱਤਰਾਂ ਨੂੰ ਮਿਲਦੀ ਹੈ? ਕੀ ਅਸੀਂ ਕਿਸੇ ਦੀ ਗ਼ਰੀਬੀ ਨੂੰ ਉਸ ਦੀ ਕਮਜ਼ੋਰੀ ਸਮਝਦੇ ਹਾਂ? ਇਨ੍ਹਾਂ ਛੋਟੇ ਸਵਾਲਾਂ ਦੇ ਜਵਾਬ ਹੀ ਦੱਸਦੇ ਹਨ ਕਿ ਸਾਡੇ ਅੰਦਰ ਬੇਗਮਪੁਰਾ ਕਿੰਨਾ ਵਸਿਆ ਹੈ।

ਰਵਿਦਾਸ ਜੀ ਮਹਾਰਾਜ ਦਾ ਸੁਨੇਹਾ ਹਰ ਆਮ ਅਤੇ ਖ਼ਾਸ ਲਈ ਸੀ। ਉਹ ਜਾਤ ਪਾਤ, ਉੱਚੇ ਨੀਵੇਂ, ਬ੍ਰਾਹਮਣ ਅਤੇ ਚੰਡਾਲ ਵਿੱਚ ਕੋਈ ਭੇਦ-ਭਾਵ ਨਹੀਂ ਸਨ ਕਰਦੇ। ਉਨ੍ਹਾਂ ਵਿੱਚ ਕੋਈ ਫ਼ਰਕ ਨਹੀਂ ਸਨ ਸਮਝਦੇ, ਸਭ ਦਾ ਮਨ ਤਾਂ ਇੱਕੋ ਜਿਹਾ ਹੈ। ਉਹਨਾਂ ਦਾ ਬੇਗਮਪੁਰਾ ਸਿਰਫ਼ ਇੱਕ ਸੁੰਦਰ ਕਲਪਨਾ ਨਹੀਂ, ਸਗੋਂ ਇੱਕ ਸਮਾਜਕ ਸੁਪਨਾ ਅਤੇ ਮਨੁੱਖੀ ਜ਼ਿੰਮੇਵਾਰੀ ਹੈ। ਬੇਗਮਪੁਰਾ ਕਿਸੇ ਦੂਰ ਦੇ ਸਮੇਂ ਜਾਂ ਦੁਰਾਡੇ ਸਥਾਨ ਵਿਚ ਨਹੀਂ ਲੱਭਣਾ, ਇਸ ਦੀ ਸ਼ੁਰੂਆਤ ਸਾਡੇ ਆਪਣੇ ਮਨ ਅਤੇ ਸਾਡੇ ਆਪਣੇ ਵਿਹਾਰ ਤੋਂ ਹੁੰਦੀ ਹੈ।

ਗੁਰੂ ਜੀ ਨੇ ਬਹੁਤ ਉੱਚ-ਪਾਏ ਦੀ ਬਾਣੀ ਰਚੀ ਹੈ। ਵੱਖ-ਵੱਖ ਰਾਗਾਂ ਵਿੱਚ ਲਿਖੇ ਚਾਲੀ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਵਿਦਵਾਨਾਂ ਅਨੁਸਾਰ ਇਸ ਤੋਂ ਛੁੱਟ ਹੋਰ ਵੀ ਬਹੁਤ ਸਾਰੀ ਬਾਣੀ ਹੱਥ ਲਿਖਤਾਂ ਵਿੱਚ ਪ੍ਰਾਪਤ ਹੈ। ਸੰਤ ਰਵਿਦਾਸ ਮਾਨਵੀ ਜੀਵਨ ਮੁੱਲਾਂ ਦੀ ਕਦਰ ਕਰਨ ਵਾਲੇ ਸਨ। ਨਾਮ

ਸਿਮਰਨ, ਸਤਿਸੰਗ, ਸੇਵਾ, ਤਿਆਗ, ਪਰਉਪਕਾਰ, ਅਹਿੰਸਾ, ਪ੍ਰੇਮ ਤੇ ਹਮਦਰਦੀ ਆਦਿ ਮਾਨਵੀ ਗੁਣ ਆਪ ਜੀ ਦੀ ਬਾਣੀ ਵਿੱਚ ਥਾਂ ਪਰ ਥਾਂ ਭਰ ਮਿਲਦੇ ਹਨ।

ਗੁਰੂ ਰਵਿਦਾਸ ਜੀ ਦੇ ਸ਼ਬਦ –

**ਕਹਿ ਰਵਿਦਾਸ ਖਲਾਸ ਚਮਾਰਾ॥**

**ਜੋ ਹਮ ਸਹਰੀ ਸੁ ਮੀਤੁ ਹਮਾਰਾ॥**

ਇਸ ਪੂਰੀ ਸੋਚ ਨੂੰ ਇੱਕ ਮਨੁੱਖੀ ਰਿਸ਼ਤੇ ਵਿੱਚ ਬਦਲ ਦਿੰਦੇ ਹਨ। ਜੋ ਸਾਡੇ ਨਾਲ ਬੇਗਮਪੁਰੇ ਦਾ ਵਾਸੀ ਹੈ, ਉਹ ਸਾਡਾ ਮੀਤ ਹੈ। ਇੱਥੇ ਜਨਮ ਕਿਸੇ ਨੂੰ ਪਰਾਇਆ ਨਹੀਂ ਬਣਾਉਂਦਾ। ਜੇ ਅਸੀਂ ਸੱਚਮੁੱਚ ਗੁਰੂ ਰਵਿਦਾਸ ਜੀ ਦੇ ਬੇਗਮਪੁਰੇ ਵੱਲ ਵਧਣਾ ਚਾਹੁੰਦੇ ਹਾਂ ਤਾਂ ਸਾਨੂੰ ਪਹਿਲਾਂ ਆਪਣੇ ਅੰਦਰ ਦੀਆਂ ਉਹ ਕੰਧਾਂ ਢਾਹੁਣੀਆਂ ਪੈਣਗੀਆਂ ਜੋ ਜਾਤ, ਲਿੰਗ, ਪੇਸ਼ੇ, ਧੰਨ ਜਾ ਸਮਾਜਿਕ ਦਰਜੇ ਦੇ ਆਧਾਰ 'ਤੇ ਮਨੁੱਖ ਨੂੰ ਮਨੁੱਖ ਤੋਂ ਵੱਖ ਕਰਦੀਆਂ ਹਨ। ਜਿਸ ਦਿਨ ਹਰ ਮਨੁੱਖ ਦੂਜੇ ਮਨੁੱਖ ਦੀ ਮਰਿਆਦਾ ਨੂੰ ਆਪਣੀ ਮਰਿਆਦਾ ਸਮਝੇਗਾ, ਜਿਸ ਦਿਨ ਇਸਤਰੀ ਦੇ ਸੁਪਨਿਆਂ ਨੂੰ ਪੂਰੇ ਸਮਾਜ ਦੇ ਸੁਪਨਿਆਂ ਵਾਂਗ ਸਮਝਿਆ ਜਾਵੇਗਾ ਅਤੇ ਜਿਸ ਦਿਨ ਮਿਹਨਤ ਕਰਨ ਵਾਲੇ ਹੱਥਾਂ ਨੂੰ ਸਿਰ ਝੁਕਾ ਕੇ ਸਲਾਮ ਕੀਤਾ ਜਾਵੇਗਾ, ਉਸ ਦਿਨ ਬੇਗਮਪੁਰਾ ਸਿਰਫ਼ ਗੁਰੂ ਰਵਿਦਾਸ ਜੀ ਦੀ ਬਾਣੀ ਵਿੱਚ ਦਰਜ ਇੱਕ ਸੁਪਨਾ ਨਹੀਂ ਰਹੇਗਾ – ਉਹ ਸਾਡੇ ਸਮਾਜ ਦੀ ਜੀਵੰਤ ਹਕੀਕਤ ਬਣਨ ਲੱਗ ਪਵੇਗਾ। ਗੁਰੂ ਜੀ ਦੀ ਇਹ ਮਾਨਵੀ ਜੀਵਨ ਮੁੱਲਾਂ ਦੀ ਕਦਰ ਕਰਨ ਵਾਲੀ ਸੋਚ ਕਾਬਿਲੇ ਤਾਰੀਫ਼ ਹੈ। ਮੱਧ-ਕਾਲ ਤੋਂ ਹੀ ਸੰਤ ਸਾਹਿਤ ਵਿੱਚ ਭਗਤ ਰਵਿਦਾਸ ਜੀ ਦੀ ਪਦਵੀ ਬਹੁਤ ਉੱਚੀ ਹੈ।

## ਗ਼ਜ਼ਲ


**ਸੁਰਜੀਤ ਸਾਜਨ**

ਪਿੰਡ ਤੇ ਡਾਕਘਰ ਪੱਤੜ ਕਲਾਂ,

ਜ਼ਿਲ੍ਹਾ ਜਲੰਧਰ -144806(ਪੰਜਾਬ)




ਏਨਾਂ ਨਹੀਂ ਕਰੀਦਾ, ਇਤਬਾਰ ਦੂਜਿਆਂ ਤੇ।
ਕਰਨਾ ਪਵੇ ਗਿਲਾ ਫਿਰ ਬੇਕਾਰ ਦੂਜਿਆਂ ਤੇ।

ਓਦਾਂ ਬੜੀ ਵਫ਼ਾ ਦੀ ਬਣਦੀ ਹੈ ਮੂਰਤੀ ਇਹ,
ਅਕਸਰ ਹੀ ਕਹਿਰ ਢਾਉਂਦੀ,ਸਰਕਾਰ ਦੂਜਿਆਂ ਤੇ।

ਅਸਲੋਂ ਉਹ ਸੱਚ ਕੀ ਹੈ ਪਰਦਾ ਹਟਾ ਕੇ ਵੇਖੋ,
ਖਿਝਦਾ ਰਹੇ ਨਾ ਐਵੇਂ ਪਰਿਵਾਰ ਦੂਜਿਆਂ ਤੇ।

ਲੋਕਾਂ ਤੋਂ ਵੱਧ ਏਥੇ ਜੋਕਾਂ ਨੂੰ ਕੀ ਪਤਾ ਹੈ,
ਕਿੰਨਾ ਕੁ ਆਸਰਿਤ ਹੈ ਬੀਮਾਰ ਦੂਜਿਆਂ ਤੇ।

ਬੁੱਕਲ 'ਚ ਮੂੰਹ ਪਾ ਕੇ ਕੋਈ ਦੇਖਦਾ ਨਹੀਂ ਹੈ,
ਅਪਣਾ ਹੀ ਠੋਸਦਾ ਹੈ ਪਰਚਾਰ ਦੂਜਿਆਂ ਤੇ।

ਨੀਵਾਂ ਰਹੇ ਸਦਾ ਮਨ, ਏਨੀਂ ਕੁ ਮੱਤ ਬਖ਼ਸ਼ੀਂ,
ਐਵੇਂ ਨਾ ਰੋਬ੍ਹ ਪਾਵੇ ਦਸਤਾਰ ਦੂਜਿਆਂ ਤੇ।

ਦਸਮੇਸ਼ ਜੀ ਨੇ ਸਾਨੂੰ ਕਿਰਪਾਨ ਦਾਨ ਕੀਤੀ,
ਵਰ੍ਹਦੀ ਕਿਉਂ ਹੈ ਬਣ ਕੇ ਤਲਵਾਰ ਦੂਜਿਆਂ ਤੇ।

ਉਸ ਦੇ ਬਨੇਰਿਆਂ ਤੇ ਮੇਰੀ ਤਮ੍ਹਾਂ ਦੇ ਪੰਛੀ,
ਜਿਸ ਦੇ ਰਹੇ ਨਿਸ਼ਾਨੇ ਹਰ ਵਾਰ ਦੂਜਿਆਂ ਤੇ।

ਭੋਰਾ ਨਹੀਂ ਭਰੋਸਾ ਅਪਣੇ ਵਜੂਦ ਉੱਤੇ,
ਨਿਰਭਰ ਰਿਹਾ ਹਮੇਸ਼ਾਂ ਸੰਸਾਰ ਦੂਜਿਆਂ 'ਤੇ।

* * *

# ਸੁਰਿੰਦਰ ਸਿੰਘ ਸੁੰਨੜ ਦਾ ਰਚਨਾ ਜਗਤ

ਚੇਤਨ ਸਿੰਘ,
ਸਾਬਕਾ ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ
98729-81237



ਸੁਰਿੰਦਰ ਸਿੰਘ ਸੁੰਨੜ ਨਾਲ ਮੇਰੀ ਪਹਿਲੀ ਮੁਲਾਕਾਤ ਸਾਲ 2005 ਵਿਚ ਵਿਰਸਾ ਵਿਹਾਰ ਕਪੂਰਥਲਾ ਵਿਖੇ ਇਕ ਸਾਹਿਤਕ ਸਮਾਗਮ ਦੌਰਾਨ ਹੋਈ ਸੀ ।ਇਸ ਸਮਾਗਮ ਵਿੱਚ ਉਸ ਨੇ 'ਰਾਮ ਤੇ ਰਾਵਣ ਦੀਆਂ ਨੇ ਇਕੋ ਰਾਸ਼ੀਆਂ' ਦੇ ਹਵਾਲੇ ਨਾਲ ਆਪਣੀ ਕਾਵਿ ਸੂਝ ਦੇ ਪਿਛੋਕੜ ਵਿੱਚ ਭਾਰਤੀ ਇਤਿਹਾਸਕ ਅਤੇ ਮਿਥਿਹਾਸਿਕ ਪਾਤਰਾਂ ਦੀ ਡੂੰਘੀ ਪਛਾਣ ਤੇ ਨਵੀਂ ਵਿਆਖਿਆ ਨੂੰ ਸਰੋਤਿਆਂ ਨਾਲ ਸਾਂਝਿਆ ਕੀਤਾ ਸੀ। ਭਾਰਤੀ ਪਿਛੋਕੜ ਦੀ ਆਧੁਨਿਕ ਸੰਦਰਭ ਵਿੱਚ ਨਵੀਂ ਵਿਆਖਿਆ ਤੋਂ ਮੈਂ ਪ੍ਰਭਾਵਿਤ ਹੋਇਆ ਸੀ। ਇਸ ਲਈ ਕਿ ਕਈ ਦਹਾਕੇ ਪੰਜਾਬ ਤੋਂ ਦੂਰ ਰਹਿ ਕੇ ਵੀ ਉਸ ਦੀਆਂ ਸੋਚਾਂ ਦੀਆਂ ਜੜਾਂ ਆਪਣੇ ਵਿਰਸੇ ਨਾਲ ਜੁੜੀਆਂ ਹੋਈਆਂ ਹਨ। ਇਕ ਹੋਰ ਸਮਾਗਮ ਵਿੱਚ ਉਸ ਦੀ 'ਸੱਤ ਸਮੁੰਦਰ ਤਰ ਕੇ ਹਰ ਕੇ ਵਾਪਸ ਘਰ ਨੂੰ ਆਇਆ ਹਾਂ,' ਨਾਮ ਦੀ ਕਵਿਤਾ ਸੁਣੀ ਤਾਂ ਮੈਨੂੰ ਉਸ ਦੇ ਪੰਜਾਬੀ ਮਾਂ ਬੋਲੀ ਤੇ ਸੱਭਿਆਚਾਰ ਪ੍ਰਤੀ ਬਚਨਬੱਧਤਾ ਦੇ ਕਿਸੇ ਹੋਰ ਪ੍ਰਮਾਣ ਦੀ ਮੁੜ ਲੋੜ ਮਹਿਸੂਸ ਨਾ ਹੋਈ। ਮੈਂ ਉਸ ਵੱਲ ਇੱਕ ਕਦਮ ਪੁੱਟਿਆ ਤਾ ਉਸਨੇ ਚਾਰ ਕਦਮ ਅੱਗੇ ਆ ਕੇ ਆਪਣੀ ਸਖੀ ਸੋਚ ਨਾਲ ਮੈਨੂੰ ਕੀਲ ਲਿਆ।

ਉਨ੍ਹਾਂ ਵਕਤਾਂ ਤੋਂ ਸਾਡੀ ਸਾਹਿਤਕ ਸੱਧਰਾਂ ਤੇ ਉਮੀਦਾਂ ਦੀ ਸਾਂਝੀ ਚਰਚਾ ਚਲ ਰਹੀ ਹੈ। ਮੈਂ ਵੇਖਿਆ ਕਿ ਉਸ ਦੇ ਮਨ ਵਿੱਚ ਪੰਜਾਬੀ ਮਾਂ ਬੋਲੀ ਲਈ'ਆਪਣੀ ਆਵਾਜ਼' ਉੱਚੀ ਕਰਕੇ ਕੁਝ ਕਹਿਣ ਦਾ ਕੁਝ ਕਰਨ ਦਾ ਪਹਾੜ ਜੇਡਾ ਚਾਅ ਹੈ । ਮੈਂ ਜਾਣਦਾ ਹਾਂ ਕਿ ਇਹ ਚਾਉ ਦੇ ਵਹਿਣ ਉਸਦੇ ਜੀਵਨ ਵਿਚ ਆਪਣਾ ਮਾਰਗ ਲਗਾਤਾਰ ਤੈਅ ਕਰਨ ਲਈ ਤਲਾਸ਼ ਵਿਚ ਲੱਗੇ ਹੋਏ ਹਨ। ਦਿਲ ਵਿਚ ਉਚੀ ਮੰਜਲ ਤੱਕ ਪਹੁੰਚਣ ਦਾ ਸੁਪਨਾ ਲੈਣਾ ਮੰਜਲ ਪ੍ਰਾਪਤੀ ਵੱਲ ਮੁਢਲਾ ਕਦਮ ਹੈ । ਜਦੋਂ ਦਿਲ ਵਿਚ ਸ਼ੁੱਭ ਇਛਾ ਪੈਦਾ ਹੋਵੇ ਤਾਂ ਕੁਦਰਤ ਵੀ ਰਾਹ ਬਣਾਉਣ ਵਿਚ ਸਹਾਈ ਹੁੰਦੀ ਹੈ। ਉਹ ਮੁਢਲੀਆਂ ਪੁਲਾਂਘਾਂ ਵਿਚ ਵਰਤਮਾਨ ਸਮਿਆਂ ਦੇ 'ਜਗਾੜੀ ਸਾਹਿਤਕਾਰਾਂ' ਤੋਂ ਅੱਗੇ ਲੰਘ ਰਿਹਾ ਹੈ। ਮੈਂ ਉਸ ਨੂੰ ਪਿਛਲੇ ਦੋ ਦਹਾਕਿਆਂ ਤੋਂ ਲਗਾਤਾਰ ਪੜ੍ਹਦਾ ਆ ਰਿਹਾ ਹਾਂ ਅਤੇ ਉਸ ਨਾਲ ਸਾਹਿਤਕ ਸੁਪਨਿਆਂ ਨੂੰ ਸਾਕਾਰ ਕਰਨ ਲਈ ਜਜ਼ਬਾਤਾਂ ਦੀ ਸਾਂਝ-ਪੱਤੀ ਪਾਲਦਾ ਰਹਿੰਦਾ ਹਾਂ। ਮੈਂ ਆਪਣੇ ਸੁਭਾਅ ਮੁਤਾਬਕ ਹਰੇਕ ਸਾਹਿਤਕਾਰ ਨੂੰ ਅੱਗੇ ਵਧਣ ਲਈ ਸ਼ਾਬਾਸ਼ ਦਿੰਦਾ ਰਹਿੰਦਾ ਹਾਂ। ਜਿੰਨਾ ਚਿਰ ਮੈਂ ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਰਿਹਾ ਤਾਂ ਮੈਂ ਬਹੁਤੀ ਸਾਂਝ ਉਹਨਾਂ ਲੇਖਕਾਂ ਨਾਲ ਪਾਈ ਜਿਹੜੇ ਅਜੇ ਤੱਕ ਛਪ ਨਹੀਂ ਸਕੇ ਸਨ ਜਾਂ ਆਪਣੀ ਪਹਿਲੀ ਰਚਨਾ ਨਾਲ ਸਾਹਿਤ ਸੰਸਾਰ ਵਿੱਚ ਦਾਖਲ ਹੋ ਰਹੇ ਹੁੰਦੇ ਸਨ। ਸਾਹਿਤ ਅਚਾਰੀਆਂ ਦਾ ਮੱਤ ਹੈ ਕਿ ਜੀਵਨ ਅਨੁਭਵ ਤੇ ਚਿੰਤਨ ਸ਼ਕਤੀ ਸਾਹਿਤ ਸਿਰਜਣਾ ਦੇ ਮੁਢਲੇ ਪ੍ਰੇਰਨਾ ਸ੍ਰੋਤ ਬਣਦੇ ਹਨ। ਇਹ ਸੱਚ ਹੈ ਕਿ ਸਾਹਿਤ ਦਾ ਇਹ ਪ੍ਰਵਾਹ ਕਿਸੇ ਜ਼ਰਖੇਜ਼ ਮਨ ਵਿੱਚੋਂ ਸ਼ਬਦਾਂ ਰਾਹੀਂ ਸਿਰਜਣਾ ਦਾ ਰੂਪ ਧਾਰਨ ਕਰਦਾ ਹੈ।

ਪੁਸਤਕ ਸਿਰਜਣਾ ਤੋਂ ਪਹਿਲਾਂ ਸੁਰਿੰਦਰ ਸਿੰਘ ਸੁੰਨੜ ਨੇ 'ਆਪਣੀ ਆਵਾਜ਼' ਨਾਮ ਦੇ ਮੈਗਜ਼ੀਨ ਰਾਹੀਂ ਬਦੇਸ਼ੀ ਧਰਤੀ ਤੋਂ ਪੰਜਾਬੀਆਂ ਨੂੰ ਆਪਣੀ ਮਾਂ ਬੋਲੀ ਪ੍ਰਤੀ ਫਰਜ਼ਾਂ ਤੋਂ ਸੁਚੇਤ ਕਰਨਾ ਸ਼ੁਰੂ ਕਰ ਦਿੱਤਾ ਸੀ। ਪੱਤਰਕਾਰੀ, ਪੁਸਤਕ ਸਿਰਜਣਾ ਨਾਲੋਂ ਗੰਭੀਰ ਕਾਰਜ ਹੁੰਦਾ ਹੈ, ਕਿਉਂ ਜੋ ਇਸ ਰਾਹੀਂ ਵਰਤਮਾਨ ਸਮਾਜਕ ਤੇ ਸਾਹਿਤਕ ਉਮੀਦਾਂ ਉਪਰ ਨਾਲ ਦੀ ਨਾਲ ਪੂਰੇ ਉਤਰਨਾ ਪੈਂਦਾ ਹੈ। ਇਸ ਵਿਚ ਤਲਖ ਹਕੀਕਤਾਂ ਨੂੰ ਨਜ਼ਰ

ਅੰਦਾਜ਼ ਨਹੀਂ ਕੀਤਾ ਜਾ ਸਕਦਾ । ਇਹ ਪਾਠਕਾਂ ਦੀਆਂ ਤਤਕਾਲੀ ਸਮੱਸਿਆਵਾਂ ਵੱਲ ਧਿਆਨ ਦੇ ਕੇ ਉਨ੍ਹਾਂ ਦੇ ਸਦੀਵੀ ਹੱਲ ਦੱਸਦਾ ਹੈ। ਇਸ ਮੈਗਜ਼ੀਨ ਵਿਚ ਪੰਜਾਬੀਅਤ ਤੇ ਖਾਸ ਕਰਕੇ ਕਿਰਤੀ ਕਿਸਾਨ ਦੀ ਮੁਢ-ਕਦੀਮੀ ਪਛਾਣ ਨਾਲ ਪਾਠਕਾਂ ਦੀ ਸਾਂਝ ਪੁਆਉਣੀ ਹੁੰਦੀ ਹੈ।

ਉਸ ਦੀ ਪਹਿਲੀ ਰਚਨਾ 'ਮੰਜ਼ਲ ਨਾ ਮਿਲੀ' ਵਾਰਤਕ ਵਿੱਚ ਕਹਾਣੀਆਂ ਤੇ ਬੌਧਿਕ ਨਿਬੰਧਾਂ ਦਾ ਪਹਿਲਾ ਪਰਾਗਾ ਸੀ। ਉਸ ਨੇ ਕਹਾਣੀਆਂ, ਨਿਬੰਧ, ਕਵਿਤਾਵਾਂ, ਮਿਨੀ ਕਹਾਣੀਆਂ ਤੇ ਛੋਟੀਆਂ ਕਵਿਤਾਵਾਂ ਵਿੱਚ ਵੱਡੀਆਂ ਗੱਲਾਂ ਕਰਨ ਦੀ ਰਿਵਾਇਤ ਦੀ ਪਾਲਣਾ ਕਰਨ ਬਾਅਦ 172 ਬੈਂਤਾਂ ਵਿੱਚ 'ਹੀਰ ਸੁੰਨੜ' ਵੀ ਲਿਖੀ ਹੈ। ਅੰਗਰੇਜ਼ੀ ਵਿੱਚ ਨਜ਼ਮਾਂ ਤੇ ਧਾਰਮਿਕ ਨਿਬੰਧਾਂ ਦੀ ਰਚਨਾ ਕੀਤੀ ਹੈ। ਉਸਦੀਆਂ ਰਚਨਾਵਾਂ ਦੇ ਨਾਮ ਇਸ ਤਰ੍ਹਾਂ ਹਨ-

ਮੰਜ਼ਲ ਨਾ ਮਿਲੀ
ਮੇਰੇ ਪੰਧ ਪੈਂਡੇ
ਹੀਰ ਸੁੰਨੜ
ਸ਼ਬਦ ਪ੍ਰਕਾਸ਼,
ਰੰਗ ਮਜੀਠ,
ਆਪਣਾ ਅਤੀਤ,
ਸੁੰਨ ਸਿਫਰ,
One Almighty,
Logic Illogical,

ਸੁੰਨੜ ਮੂਲਕ ਤੌਰ ਤੇ ਕਿਸਾਨੀ ਜੀਵਨ ਦੇ ਉਤਰਾਵਾਂ ਚੜ੍ਹਾਵਾਂ ਵਾਲੇ ਪਿਛੋਕੜ ਤੇ ਤਜਰਬਿਆਂ ਨੂੰ ਪਿੰਡੇ ਉਤੇ ਹੰਢਾਉਣ ਵਾਲਾ ਲੇਖਕ ਹੈ। ਕਿਸਾਨੀ ਜੀਵਨ ਵਿੱਚ ਆਏ ਇੱਕ ਮੋੜ ਨੇ ਉਸ ਨੂੰ ਪ੍ਰਦੇਸਾਂ ਵੱਲ ਤੋਰ ਦਿੱਤਾ। ਮਿਹਨਤ, ਵਫ਼ਾਦਾਰੀ, ਦਿਆਨਤਦਰੀ ਤੇ ਲਗਨ ਨੇ ਉਸਨੂੰ ਪ੍ਰਦੇਸ਼ਾਂ ਦੇ ਨਿਯਮਬੱਧ ਤੇ ਭਰਪੂਰ ਰੁਝੇਵਿਆਂ ਦੀ ਕੁਠਾਲੀ ਨੇ ਉਸਨੂੰ ਖਰੇ ਸੋਨੇ ਵਿੱਚ ਬਦਲ ਕੇ ਮਾਲਾ ਮਾਲ ਕਰ ਦਿੱਤਾ । ਪਰ ਇਹ ਪ੍ਰਾਪਤੀਆਂ ਉਸ ਦੇ ਪੰਜਾਬੀ ਮਨ ਦੀ ਮੰਜ਼ਿਲ ਨਹੀਂ ਸੀ। ਇਸ ਲਈ ਉਸਨੇ 'ਮੰਜ਼ਿਲ ਨਾ ਮਿਲੀ' ਵਿੱਚ ਆਪਣੀ ਅਸਲੀ ਮੰਜ਼ਿਲ ਦੇ ਸੰਕੇਤ ਦਿੱਤੇ ਹਨ।

'ਮੇਰੇ ਪੰਧ ਪੈਂਡੇ' ਵਿੱਚ ਆਪਣੀਆਂ ਉਦਾਹਰਣਾਂ ਦੇ ਕੇ ਅਜੋਕੀ ਨੌਜਵਾਨ ਪੀੜ੍ਹੀ ਦਾ ਮਾਰਗ ਦਰਸ਼ਨ ਕੀਤਾ ਹੈ। ਤਰ੍ਹਾਂ-ਤਰ੍ਹਾਂ ਦੇ ਹੋਏ ਤਜ਼ਰਬਿਆਂ ਬਾਅਦ ਉਸ ਦਾ ਯਕੀਨ ਹੈ ÷ਦੁਨੀਆ ਦੀ ਤਪਸ਼ ਤੋਂ ਬਚਣ ਦੇ ਉਪਰਾਲੇ ਵਜੋਂ ਮੈਂ ਅਧਿਆਤਮਵਾਦ ਦੇ ਸੀਤਲ ਸਾਗਰ ਵਿੱਚ ਡੁੱਬਕੀ ਲਾਉਣ ਦੀ ਸੋਚ ਕੇ ਧਰਮ ਗ੍ਰੰਥ ਪੜ੍ਹਨੇ ਸ਼ੁਰੂ ਕੀਤੇ। ਜਿਵੇਂ ਜਿਵੇਂ ਮੈਂ ਪੜ੍ਹਦਾ ਗਿਆ ਸੁਖ ਸਾਗਰ ਦੀਆਂ ਗਹਿਰਾਈਆਂ ਵਿੱਚੋਂ ਕਈ ਅਨਮੋਲ ਹੀਰੇ ਨਜ਼ਰ ਪੈਂਦੇ ਰਹੇ ਤੇ ਨਾਲ ਦੀ ਨਾਲ ਇਹ ਵੀ ਗਿਆਨ ਹੋਣ ਲੱਗਾ ਕਿ ਸਾਡੀ ਇਕ ਕੱਟੜਤਾ ਕਰਕੇ ਅਸੀਂ ਕੀ ਕੁਝ ਗਵਾਈ ਬੈਠੇ ਹਾਂ। ਦੁਨੀਆਂ ਦੀ ਸਭ ਤੋਂ ਪਹਿਲੀ ਵਿਦਵਤਾ ਵੇਦਾਂ ਸ਼ਾਸਤਰਾਂ ਵਿੱਚ ਜੋ ਗਿਆਨ ਸੀ, ਉਹ ਸਾਡੀ ਕੱਟੜਤਾ ਨੇ ਕੈਦ ਕਰ ਲਿਆ । ਸਾਡੀ ਬ੍ਰਾਹਮਣਵਾਦੀ ਕੱਟੜਤਾ ਨੇ ਦੁਨੀਆ ਭਰ ਵਿੱਚ ਸੀਤਲਤਾ ਦਾ ਸੁਖ ਦੇ ਸਕਣ ਵਾਲੇ ਗਿਆਨ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਕਰ ਦਿੱਤਾ।"ਮੇਰੇ ਪੰਧ ਪੈਂਡੇ ਨਾਮ ਦੀ ਇਸ ਕਿਤਾਬ ਵਿੱਚ ਸੁੰਨੜ ਨੇ 133 ਸਿਰਲੇਖਾਂ ਹੇਠ ਸਫਲ ਤੇ ਦਿਆਨਤਦਾਰ ਜੀਵਨ ਵਾਲੇ ਬਣਨ ਲਈ, ਮਾਨੋ ਜਿਵੇਂ ਇਕ ਸਦਾਚਾਰਕ ਵਿਸ਼ਵ ਕੋਸ਼ ਹੀ ਲਿਖ ਦਿੱਤਾ ਹੋਵੇ। ਜ਼ਰਾ ਇਸ ਵਿੱਚ ਸ਼ਾਮਿਲ ਕੁਝ ਨਿਬੰਧ ਵੇਖੋ-ਸਾਡੀ ਤਰਤੀਬ, ਸਾਡੀ ਮਿਹਨਤ, ਸਾਡੀ ਤਰਜੀਹ, ਸਾਡੀ ਤੰਦਰੁਸਤੀ, ਸਾਡੀ ਜਿੱਤ ਹਾਰ ਤੇ ਸਾਡੀ ਸ਼ਖਸ਼ੀਅਤ। ਇਸ ਤੋਂ ਇਲਾਵਾ ਸੁੰਨੜ ਨੇ ਭਾਰਤੀ ਮਹਾਂਕਾਵਾਂ ਤੇ ਪੁਰਾਤਨ ਗ੍ਰੰਥਾਂ ਵਿਚ ਮੌਜੂਦ ਗਿਆਨ ਬਾਰੇ ਪਾਠਕਾਂ ਨੂੰ ਦੱਸ ਪਾਈ ਹੈ। ਮੇਰੀ ਰਾਏ ਅਨੁਸਾਰ ਉਸਨੇ ਜੋ ਕੁਝ ਇਸ ਕਿਤਾਬ ਵਿਚ ਲਿਖਿਆ ਹੈ, ਉਸਦਾ ਆਮ ਪਾਠਕ ਨੂੰ ਗਿਆਨ ਹੋਣਾ ਏਨਾ ਜ਼ਰੂਰੀ ਹੈ, ਜਿਵੇਂ ਅੰਗ੍ਰੇਜ਼ੀ ਸਾਹਿਤ ਦੇ ਪਾਠਕਾਂ ਨੂੰ ਨਿਬੰਧਕਾਰ ਬੇਕਨ ਦੇ ਐਸੇਜ਼ ਪੜ੍ਹਨੇ ਜਰੂਰੀ ਸਮਝੇ ਜਾਂਦੇ ਹਨ। ਇਹ ਨਿਬੰਧ ਰੋਜ਼ ਮੱਰਾਅ ਜ਼ਿੰਦਗੀ ਵਿਚ ਆਪਣੀ ਵਿਸ਼ੇਸ਼ ਮਹੱਤਤਾ ਰੱਖਦੇ ਹਨ।

ਹੀਰ ਸੁੰਨੜ ਪੰਜਾਬੀ ਇਸ਼ਕੀਆ ਕਾਵਿ ਅਤੇ ਬੈਤਬਾਜ਼ੀ

ਨੂੰ ਸੱਜਦਾ ਕਰਦੀ 172 ਛੰਦਾਂ ਵਾਲੀ ਅਜੋਕੀ ਜ਼ਿੰਦਗੀ ਦੀ ਚਿਤਰਕਾਰੀ ਕਰਦੀ ਕਾਵਿ ਰਚਨਾ ਹੈ । ਇਸਦਾ ਵਿਸ਼ਾ ਵਸਤੂ ਰਚਨਹਾਰ ਦਾ ਆਪਣਾ ਹੈ। ਮੇਰੇ ਅਨੁਸਾਰ ਆਧੁਨਿਕ ਯੁੱਗ ਵਿੱਚ ਬੈਤਬਾਜ਼ੀ ਨੂੰ ਨਿਭਾਅ ਸਕਣਾ ਸਾਡੇ ਕਵੀ ਦਾ ਇੱਕ ਹਾਸਲ ਹੈ। ਸੁੰਨ ਸਿਫ਼ਰ ਵੰਨ ਸਵੰਨੇ ਵਿਸ਼ਿਆਂ ਵਾਲਾ ਕਾਵਿ ਸੰਗ੍ਰਹਿ ਹੈ, ਜਿਸ ਵਿਚ ਭਾਰਤੀ ਤੇ ਪੰਜਾਬੀ ਪਿਛੋਕੜ ਦੀ ਸ਼ਬਦਾਵਲੀ ਵਾਲੇ ਧਾਰਮਿਕ, ਰਾਜਨੀਤਿਕ ਤੇ ਦੇਸ਼ ਭਗਤੀ ਵਾਲੇ ਸਿਰਲੇਖਾਂ ਹੇਠ ਛੋਟੀਆਂ ਛੋਟੀਆਂ ਨਜ਼ਮਾਂ ਵਿੱਚ ਕਵੀ ਮਨ ਨੇ ਸੋਹਣੇ ਸੋਹਣੇ ਖ਼ਿਆਲ ਕਲਮ ਬੰਦ ਕੀਤੇ ਹਨ, ਜਿਵੇਂ ਮਨ ਦੀ ਮੈਲ, ਸੱਚੋ ਸੱਚ, ਭਟਕਣ, ਕਿਰਤੀ ਕਿਸਾਨ, ਸੰਘਰਸ਼ ਮਾਂ ਮਛੋਰ, ਜਗ ਵਿਰੋਧੀ, ਵਾਅਦਾ, ਸ਼ਬਦਾਂ ਦੀ ਪਰਵਾਜ਼, ਪ੍ਰੇਮ, ਸਮੁੰਦਰ, ਰਾਜਾ ਪਰਜਾ ਤੇ ਭਗਤ ਸਿੰਘ ਆਦਿ। ਇਹ ਨਜ਼ਮਾਂ ਮੇਰੀ ਉਪਰੋਕਤ ਧਾਰਨਾ ਦੀ ਤਰਜ਼ਮਾਨੀ ਕਰਦੀਆਂ ਹਨ। ਇਹਨਾਂ ਰਾਹੀਂ ਸੁੰਨੜ ਦੇ ਕਵੀ ਮਨ ਨੇ ਨਵੇਂ ਅਰਥ ਦਰਸਾਉਂਦੇ ਨਵੇਂ ਖ਼ਿਆਲਾਂ ਨੂੰ ਆਪਣੀ ਕਲਮ ਦਾ ਵਿਸ਼ਾ ਬਣਾਇਆ ਹੈ। ਸਾਧਾਰਨ ਬੋਲ ਚਾਲ ਦੀ ਭਾਸ਼ਾ ਵਿੱਚ ਦਿਲ ਟੁੰਬਵੇਂ ਅੰਦਾਜ਼ ਵਿੱਚ ਪੇਸ਼ ਕੀਤੇ ਖ਼ਿਆਲ ਪਾਠਕਾਂ ਤੇ ਨਿਵੇਕਲਾ ਪ੍ਰਭਾਵ ਪਾਉਂਦੇ ਹਨ। 'ਸੁੰਨ ਸਿਫ਼ਰ' ਦੇ ਪਿਛੋਕੜ ਵਿੱਚ ਕਵੀ ਦੇ ਜ਼ਿਹਨ ਵਿੱਚ 'ਅਰਬਦ ਨਰਬਦ ਧੁੰਧੂਕਾਰਾ' ਦੀ ਰੂਹਾਨੀ ਹਕੀਕਤ ਮੌਜੂਦ ਹੈ, ਜੋ ਕਵੀ ਮਨ ਨੂੰ ਡੂੰਘੇ ਖਿਆਲਾਂ ਦਾ ਮੰਥਨ ਕਰਨ ਲਈ ਪ੍ਰੇਰਨਾ ਸਰੋਤ ਬਣਦੀ ਜ਼ਾਹਰ ਹੁੰਦੀ ਹੈ । ਮੁਕਦੀ ਗੱਲ ਇਹ ਕਾਵਿ ਸੰਗ੍ਰਹਿ ਮਨੁੱਖੀ ਜੀਵਨ ਦੀਆਂ ਦੈਵੀ ਕਦਰਾਂ-ਕੀਮਤਾਂ ਉੱਤੇ ਪਹਿਰਾ ਦਿੰਦਾ ਹੈ।

ਪੰਜਾਬੀ ਕਾਵਿ ਰੂਪ ਦੇ ਖੇਤਰ ਵਿੱਚ ਪੈਂਤੀ ਅੱਖਰੀ, ਬਾਰਾਮਾਹ ਤੇ ਸਪਤਾਹ ਲਿਖਣ ਦੀ ਵੱਡੀ ਪਰੰਪਰਾ ਰਹੀ ਹੈ। ਪਿੱਛਲੇ ਸਮੇਂ ਵਿਚ ਇਨ੍ਹਾਂ ਕਾਵਿ-ਰੂਪਾਂ ਵਿਚ ਬੇਸ਼ੁਮਾਰ ਰਚਨਾਵਾਂ ਲਿਖੀਆਂ ਮਿਲਦੀਆਂ ਹਨ । ਪ੍ਰੋ. ਪਿਆਰਾ ਸਿੰਘ ਪਦਮ ਨੇ 'ਪੰਜਾਬੀ ਬਾਰਾਮਾਹੇ' ਨਾਮ ਦਾ ਇਕ ਵੱਡ ਆਕਾਰੀ ਸੰਗ੍ਰਹਿ ਸੰਪਾਦਿਤ ਕੀਤਾ ਹੈ। ਇਸੇ ਤਰ੍ਹਾਂ ਡਾ. ਗੁਰਦੇਵ ਸਿੰਘ ਸਿੱਧੂ ਮੋਹਾਲੀ ਵਾਲਿਆਂ ਦਾ 65 ਤੋਂ ਵੱਧ ਪੈਂਤੀ ਅੱਖਰੀਆਂ ਦਾ ਸੰਗ੍ਰਹਿ ਭਾਸ਼ਾ ਵਿਭਾਗ ਪੰਜਾਬ ਵੱਲੋਂ ਛਪਿਆ ਹੋਇਆ ਹੈ। ਪੰਜਾਬੀ ਕਾਵਿ ਖੇਤਰ ਦੇ ਆਧੁਨਿਕ ਦੌਰ ਵਿੱਚ ਸੁਰਿੰਦਰ ਸੁੰਨੜ ਹੀ ਅਜਿਹੇ ਵਿਰਲੇ ਸ਼ਾਇਰਾਂ ਵਿਚੋਂ ਇਕ ਹੈ, ਜਿਸ ਨੇ ਇਹਨਾਂ ਤਿੰਨਾਂ ਕਾਵਿ-ਰੂਪਾਂ ਉੱਪਰ ਸਫਲਤਾ ਨਾਲ ਕਲਮ ਚਲਾਈ ਹੈ। ਆਧੁਨਿਕ ਦੌਰ ਵਿੱਚ ਸੁਰਿੰਦਰ ਸੁੰਨੜ ਦੀ ਰਚੀ ਪੈਂਤੀ ਦੇ ਕੁਝ ਬੰਦ ਪਾਠਕਾਂ ਦੇ ਦਿਲਚਸਪੀ ਲਈ ਦਿੰਦੇ ਹਾਂ:

ਊੜਾ ਊਲ ਜਲੂਲ ਵਿਚ ਉਮਰ ਬੀਤੀ, ਉਸ ਦੀ ਸਮਝ ਨਾ ਆਈ ਉਸਨੂੰ ਪਾਵਣਾ ਕੀ..... ਢੱਡਾ ਢੋਲ ਢਮੱਕਾ ਤੂੰ ਕਰੇਂ ਕਾਫ਼ੀ, ਗੱਲ ਜੋੜਦੈਂ ਢਾਡੀ ਜਿਉਂ ਵਾਰ ਗਾਵੇ..... ਥੱਥਾ ਥੱਕ ਕੇ ਹਾਰ ਕੇ ਸੁਰਤ ਆਵੇ, ਬੁੜਿ ਆ ਕੀ ਸੀ ਐਹੋ ਜਿਹੇ ਟੌਹਰ ਬਾਝੋਂ,

ਰਾੜ ਰਿੜਕਿਆ ਬੜਾ ਤੂੰ ਸਾਫ ਪਾਣੀ, ਪਾਣੀ ਵਿਚ ਲੱਭਿਆ ਕੀ ?

ਪੰਜਾਬੀ ਸਪਤਾਹ ਵਿੱਚ ਸੁੰਨੜ ਇਸ ਤਰਾਂ ਲਿਖਦਾ ਹੈ:

ਸੋਮਵਾਰ ਸੰਪੂਰਨ ਸੱਚਖੰਡ ਸਤਿਗੁਰ ਸੁੰਨ ਸਿਰ ਜਾਵੰਦਿਆ॥

ਮਾਤ ਪਿਤਾ ਤੱਤ ਧਾਤ ਨਹੀ ਸੀ, ਸੋਮਵਾਰ ਸਚ ਪਾਵੰਦਿਆ ॥...

ਬੁੱਧਵਾਰ ਕੰਮ ਸ਼ੁੱਧ ਹੋ ਜਾਵੇ, ਜੇ ਜਗ ਸੱਚ ਦੀ ਬੋਲੀ ਪਾਵੇ ।...

ਛਨੀਵਾਰ ਜੋ ਜੋ ਸਚਿਆਰਾ, ਪਰਮ ਪੁਰਖ ਨੂੰ ਉਹ ਹੀ ਪਿਆਰਾ।

ਝੂਠ ਤੋਂ ਛੁਟਕਾਰਾ ਮਿਲਦਾ ਹੈ, ਸਚ ਨਾਲ ਲਿਵ ਲਾਵੰਦਿਆ।

ਉਸਨੇ ਅੰਗਰੇਜ਼ੀ ਵਿਚ ਦੋ ਪੁਸਤਕਾਂ One Almighty ਅਤੇ Logical Logic ਵੀ ਲਿਖੀਆਂ ਹਨ।

ਪਾਠਕ ਪੜ੍ਹਦਿਆਂ ਬਹੁਤ ਥਾਂ ਇਹ ਅਨੁਭਵ ਕਰਦਾ ਹੈ ਕਿ ਜਿਵੇਂ ਇਹ ਗੁਰਬਾਣੀ ਦਾ ਹੀ ਤਰਜਮਾ ਹੋਵੇ। Logical Logic ਅਜੇ ਮੈਂ ਪੂਰੀ ਤਰ੍ਹਾਂ ਪੜ੍ਹ ਨਹੀਂ ਸਕਿਆ। ਪਰ ਜਿੰਨੀ ਕੁ ਪੜ੍ਹੀ ਹੈ, ਓਨੀ ਕੁ ਮੈਂ ਸਮਝਣ ਦਾ ਯਤਨ ਕੀਤਾ ਹੈ। ਇਸਦੇ ਦੋ

ਭਾਗ ਵਾਰਤਕ ਅਤੇ ਕਵਿਤਾ ਹਨ। ਸੁੰਨੜ ਦਾ ਇਹ ਵੱਡਾ ਹਾਸਲ ਹੈ ਕਿ ਜਿਥੇ ਸਾਡੇ ਕਵੀ ਹੁਣ ਪੰਜਾਬੀ ਵਿੱਚ ਖੁਲ੍ਹੀ ਕਵਿਤਾ ਲਿਖਣ ਲੱਗ ਪਏ ਹਨ, ਓਥੇ ਸੁੰਨੜ ਨੇ ਕਵਿਤਾ ਭਾਗ ਅੰਗਰੇਜ਼ੀ Meter (ਪਿੰਗਲ) ਵਿੱਚ ਲਿਖ ਕੇ ਉਗਲਾਂ ਤੇ ਗਿਣੇ ਜਾਣ ਵਾਲੇ ਉਹਨਾਂ ਪੰਜਾਬੀ ਮੂਲ ਦੇ ਸਹਿਤਕਾਰਾਂ ਵਿੱਚ ਆਪਣਾ ਨਾਮ ਲਿਖਾਇਆ ਹੈ ਜਿਨਾਂ ਨੇ ਅੰਗਰੇਜ਼ੀ ਕਵਿਤਾ ਮੀਟਰ ਵਿੱਚ ਲਿਖੀ ਹੈ।

ਅੰਗਰੇਜ਼ੀ ਮੀਟਰ ਵਿੱਚ ਉਹੀ ਕਵਿਤਾ ਲਿਖ ਸਕਦਾ ਹੈ, ਜਿਸ ਨੂੰ ਉਸ ਭਾਸ਼ਾ ਉੱਤੇ ਪੂਰੀ ਤਰ੍ਹਾਂ ਅਬੂਰ ਹਾਸਿਲ ਹੋਵੇ ਜਾਂ ਜਿਸ ਉਤੇ ਕੁਦਰਤ ਬਹੁਤ ਮਿਹਰਬਾਨ ਹੋਵੇ । ਹੁਣ ਤੱਕ ਮੈਂ ਸੁਰਜੀਤ ਸਿੰਘ ਅਤੇ ਪ੍ਰੋ. ਸਤਿੰਦਰ ਸਿੰਘ ਦੀਆਂ ਅੰਗਰੇਜ਼ੀ ਮੀਟਰ ਵਿੱਚ ਲਿਖੀਆਂ ਪੁਸਤਕਾਂ ਹੀ ਵੇਖੀਆਂ ਹਨ, ਬੇਸ਼ਕ ਉਹ ਚੋਣਵੀਆਂ ਬਾਣੀਆਂ ਦੇ ਤਰਜਮੇ ਹਨ। ਪਰ ਮੀਟਰ ਦੀ ਪਾਲਣਾ ਕਰਦੀਆਂ ਹਨ। ਸੁੰਨੜ ਦੀ ਇੱਕ ਉਦਾਹਰਣ ਦੇਣੀ ਹੀ ਯੋਗ ਹੋਵੇਗੀ :

We can describe but we can talk.
We canÓt reach Him, but let us walk.
Keep your anger in control,
Do not be lusty, it mess up soul.
All our blanks, we can fill,
All that depends on His will.

ਅੰਗਰੇਜ਼ੀ ਸਾਹਿਤ ਦਾ ਵਿਦਿਆਰਥੀ ਰਿਹਾ ਹੋਣ ਕਾਰਨ ਅਸੀਂ ਐਮ.ਏ.ਦੇ ਇੱਕ ਪੇਪਰ ਵਿੱਚ En-glish Writings of Indian Authors. ਪੜ੍ਹਣ ਸਮੇਂ ਮਹਿਸੂਸ ਕਰਦੇ ਹੁੰਦੇ ਸੀ ਕਿ ਇਨ੍ਹਾਂ 6 Authors ਵਿਚੋਂ ਦੋ ਤਾਂ ਸਾਨੂੰ ਸਲੇਬਸਯੋਗ ਹੀ ਨਹੀਂ ਲੱਗਦੇ ਸਨ। ਮੈਨੂੰ ਇਹ 50 ਕੁ ਸਾਲ ਪੁਰਾਣੀ ਗੱਲ ਤਾਂ ਯਾਦ ਆ ਗਈ ਕਿ ਜੇ ਮੇਰਾ ਵਸ ਚੱਲੇ ਤਾ ਮੈਂ ਸੁੰਨੜ ਦੀਆਂ ਦੋਵਾਂ ਕਿਤਾਬਾਂ ਵਿਚੋਂ ਇੱਕ ਨੂੰ ਉਸ ਸਲੇਬਸ ਵਿੱਚ ਸ਼ਾਮਿਲ ਕਰਵਾ ਦੇਵਾਂ!

ਆਪਣਾ ਅਤੀਤ ਉਸ ਦੀ ਇੱਕ ਅਜਿਹੇ ਵਾਰਤਕ ਰਚਨਾ ਹੈ ਜਿਹੜੀ ਮਨੁੱਖ ਜਾਤੀ ਦੇ ਵਿਕਾਸ ਦੀ ਕਹਾਣੀ ਪਾਉਂਦਿਆਂ, ਭਾਰਤ ਦੀ ਮੁੱਢ ਕਦੀਮੀ ਸਭਿਅਤਾ ਦੇ ਮਹਾਨ ਪਹਿਲੂਆਂ ਬਾਰੇ ਸਾਨੂੰ ਸੁਚੇਤ ਕਰਕੇ, ਪੱਛਮ ਦੀਆਂ ਸਿਧਾਂਤਕ ਠੱਗਬਾਜ਼ੀਆਂ ਦੇ ਪਾਏ ਭਰਮ ਭੁਲੇਖਿਆਂ ਨੂੰ ਠੋਸ ਦਲੀਲਾਂ ਅਤੇ ਦ੍ਰਿੜਤਾ ਨਾਲ ਦੂਰ ਕਰਦੀ ਹੈ । ਇਸ ਵਿੱਚ ਲਿਖੇ ਨਿਬੰਧ- ਸਮੇਂ ਦੀਆਂ ਸੂਈਆਂ ਭਾਰਤੀ ਅਤੀਤ, ਗਿਆਨ ਵਿਗਿਆਨ, ਸਿਫ਼ਰ ਦੀ ਸ਼ਕਤੀ, ਨਵੀਂ ਧਰਤੀ ਅਮਰੀਕਾ, ਕੈਲੰਡਰ, ਬੰਦੇ ਮੁੱਢ ਕਦੀਮ, ਪੰਜਾਬ ਦੀ ਧਰਤੀ ਤੇ ਭਾਸ਼ਾ, ਪੁਰਾਤਨ ਸੱਭਿਅਤਾ ਅਤੇ ਪੰਜਾਬ ਦੀਆਂ ਕਦਰਾਂ-ਕੀਮਤਾਂ ਦੇ ਮੌਜੂਆਂ ਹੇਠ ਡੂੰਘੇ ਖ਼?ਆਲਾਂ ਦੇ ਭੂਗੋਲਿਕ, ਇਤਿਹਾਸਿਕ, ਦਾਰਸ਼ਨਿਕ ਅਤੇ ਵਿਗਿਆਨਿਕ ਦ੍ਰਿਸ਼ਟੀਕੋਣ ਦੀਆਂ ਕਸਵੱਟੀਆਂ ਨਾਲ ਪਰਖ ਕੇ ਨਤਾਰੇ ਕੀਤੇ ਹੋਏ ਹਨ। ਆਮ ਪਾਠਕ ਹੈਰਾਨ ਰਹਿ ਜਾਂਦਾ ਹੈ ਕਿ ਕਿਸਾਨੀ ਤੇ ਵਪਾਰਕ ਕਿੱਤਿਆਂ ਵਿੱਚ ਮੱਲਾਂ ਮਾਰਨ ਵਾਲਾ ਇੰਨੇ ਡੂੰਘੇ ਚਿੰਤਨ ਦੇ ਸਮੁੰਦਰ ਵਿੱਚ ਕਿਵੇਂ ਤਾਰੀਆਂ ਲਾ ਕੇ ਦੁਰਲਭ ਮੋਤੀਆਂ ਦੀ ਦੱਸ ਪਾ ਰਿਹਾ ਹੈ। ਇਸ ਸਬੰਧੀ ਪ੍ਰਸਿੱਧ ਅਲੋਚਕ ਡਾ. ਰਾਮ ਮੂਰਤੀ ਨੇ ਬਹੁਤ ਸੱਚ ਕਿਹਾ ਹੈ, "ਆਪਣਾ ਅਤੀਤ ਰਾਹੀਂ ਸੁਰਿੰਦਰ ਸੁੰਨੜ ਨੇ ਸਾਡੇ ਸਾਰਿਆਂ ਦੇ ਫਿਕਰਾਂ ਦੀ ਬਾਂਹ ਫੜੀ ਹੈ ।ਪੱਛਮੀ ਕਦਰਾਂ-ਕੀਮਤਾਂ ਦੀ ਭੇਂਟ ਚੜ੍ਹੇ ਸਾਡੇ ਲੋਕਾਂ ਨੂੰ ਹਲੂਣ ਹਲੂਣ ਕੇ ਜਗਾਇਆ ਹੈ। ਜੇਕਰ ਅਸੀਂ ਜਾਗ ਜਾਈਏ ਤਾਂ ਉਹ ਦਿਨ ਦੂਰ ਨਹੀਂ ਜਦ ਪੱਛਮੀ ਮੁਲਕਾਂ ਵੱਲ ਝਾਕਣ ਦੀ ਬਜਾਏ ਅਸੀਂ ਆਪਣੀ ਦੁਨੀਆਂ ਦੇ ਬਾਦਸ਼ਾਹ ਬਣ ਜਾਵਾਂਗੇ।

ਮੈਂ ਕਹਿ ਸਕਦਾ ਹਾਂ ਕਿ ਸਾਹਿਤ ਸਮਾਜ ਅਤੇ ਮਨੁਖੀ ਹਿੱਤਾਂ ਲਈ ਸਦਾ ਤਾਜ਼ਗੀ ਵੰਡਦਾ ਹੈ। ਇਹ ਕੋਹਝਾਂ ਦੀ ਥਾਂ ਸੁੰਦਰਤਾ ਉਤੇ ਪਲਦਾ ਹੈ। ਸੁੰਨੜ ਦੇ ਸਾਹਿਤ ਵਿਚ ਇਕ ਨਵੀਂ ਰੂਹ ਹੈ। ਇਹ ਰਚਨਾਵਾਂ ਦੁਨੀਆਂ ਨੂੰ ਸੁਹਾਵਾ ਬਾਗ਼ ਵਾਂਗ ਖਿੜਿਆ ਦੇਖਣਾ ਚਾਹੁੰਦੀਆਂ ਹਨ। ਇਹ ਰਚਨਾਵਾਂ ਉਸ ਦੀ ਮੰਜ਼ਲ ਵੱਲ ਉਡਾਰੀਆਂ ਹਨ। ਮੇਰਾ ਵਿਸ਼ਵਾਸ ਹੈ ਕਿ ਅਜੇ ਉਸ ਨੇ ਹੋਰ ਪੋੜ ਰਚਨਾਵਾਂ ਆਪਣੀ ਪੰਜਾਬੀ ਮਾਂ ਬੋਲੀ ਦੇ ਭੰਡਾਰ ਵਿਚ ਭੇਟਾ ਕਰਨੀਆਂ ਹਨ।

ਸ਼ਾਲਾ ! ਮੇਰੀਆਂ ਦੁਆਵਾਂ ਤੇ ਆਸਾਂ ਨੂੰ ਬੂਰ ਪਵੇ।

(ਬਾਲ ਕਹਾਣੀ)

# ਬਾਲਾਂ ਦੇ ਸੁਪਨੇ

ਹਰੀ ਕ੍ਰਿਸ਼ਨ ਮਾਇਰ
ਮੋਬਾ. 9780667686

ਪਿੰਡ ਦੇ ਬਾਹਰਵਾਰ, ਪਿੱਪਲ ਲਾਗੇ ਪਈ ਖੁੱਲੀ ਜ਼ਮੀਨ ਤੇ ਬੱਚੇ ਖੇਡਾਂ ਖੇਡਦੇ ਹੁੰਦੇ ਸਨ। ਪਿੰਡ ਦੀਆਂ ਨਾਲੀਆਂ ਦਾ ਸਾਰਾ ਪਾਣੀ ਪੁਲੀ ਲੰਘ ਕੇ ਟੋਭੇ ਵਿੱਚ ਆ ਵੜਦਾ ਸੀ। ਮੀਹਾਂ ਦੇ ਦਿਨਾਂ ਵਿੱਚ ਇਹ ਪਾਣੀ ਪਹਿਲਾਂ ਟੋਭੇ ਨੂੰ ਭਰਦਾ ਅਤੇ ਫੇਰ ਪਿੱਪਲ ਨੂੰ ਘੇਰ ਲੈਂਦਾ।

ਗਰੀਬ ਕਿਸਾਨਾਂ ਜਾਂ ਕੰਮੀਆਂ ਦੇ ਬੱਚੇ ਹੀ ਪਿੱਪਲ ਥੱਲੇ ਖੇਡਣ ਆਉਦੇ ਸਨ। ਖੇਡਣ ਲਈ ਉਨ੍ਹਾ ਕੋਲ ਆਪੇ ਘੜੀਆਂ ਖੇਡਾਂ ਹੁੰਦੀਆਂ ਸਨ। ਅੱਜ ਸਵੇਰੇ ਹੀ ਬੀਰ੍ਹਾ,ਜੈਲੀ ਅਤੇ ਜੀਤ ਤਿੰਨੇ 'ਖੇਤ ਖੇਤ' ਦੀ ਖੇਡ ਖੇਡਣ ਲਈ ਇੱਥੇ ਆਏ ਸਨ। ਤਿੰਨਾਂ ਨੇ ਪੱਥਰ ਨਾਲ ਲਕੀਰ ਖਿੱਚ ਕੇ ਜ਼ਮੀਨ ਦੀ ਨਿਸ਼ਾਨਦੇਹੀ ਕਰ ਲਈ ਸੀ। ਫਿਰ ਉਸ ਨੂੰ ਬਰਾਬਰ ਤਿੰਨ ਹਿੱਸਿਆ ਵਿੱਚ ਵੰਡ ਲਿਆ। ਇਹ ਉਨ੍ਹਾ ਦੇ ਤਿੰਨ ਖੇਤ ਬਣ ਗਏ ਸਨ। ਪੁਲੀ ਵਾਲੇ ਪਾਸਿਓਂ ਪਹਿਲਾ ਬੀਰ੍ਹੇ ਦਾ ਖੇਤ ਸੀ, ਦੂਜਾ ਜੈਲੀ ਦਾ, ਤੀਜਾ ਜੀਤ ਦਾ। ਸਵੇਰ ਤੋਂ ਲੈ ਕੇ ਸ਼ਾਮ ਤੀਕਰ ਉਹ ਖੁਰਪਿਆਂ ਨਾਲ ਆਪੋ ਆਪਣੇ ਖੇਤ ਦੀ ਮਿੱਟੀ ਤਿਆਰ ਕਰਦੇ ਰਹੇ। ਇੱਟਾ ਗੱਡ ਕੇ ਖੇਤਾਂ ਦੀ ਹੱਦਬੰਦੀ ਵੀ ਕਰ ਲਈ ਸੀ। ਅੰਦਰ ਵੱਟਾਂ ਬਣਾ ਲਈਆਂ ਸਨ। ਪੁਲੀ ਤੋਂ ਖਾਲ ਬਣਾ ਕੇ ਪਾਣੀ ਖੇਤਾਂ ਵਿੱਚ ਵੜਦਾ ਕਰ ਲਿਆ। ਰਾਤ ਭਰ ਪਾਣੀ ਲੱਗਣ ਨਾਲ ਖੇਤ ਤਰ ਹੋ ਗਏ ਸਨ।

ਦੂਜੇ ਦਿਨ ਬੀਰ੍ਹੇ ਨੇ ਖੇਤ ਵਿੱਚ ਸਰੋਂ ਬੀਜ ਦਿੱਤੀ ਸੀ। ਜੈਲੀ ਨੇ ਆਪਣੇ ਖੇਤ ਵਿੱਚ ਅਲਸੀ ਬੀਜੀ। ਜੀਤ ਨੇ ਆਪਣੇ ਖੇਤ ਵਿੱਚ ਜੌਂ ਬੀਜੇ ਸਨ। ਬੀਜ ਤਾਂ ਉਨ੍ਹਾ ਨੂੰ ਘਰੋਂ ਹੀ ਮਿਲ ਗਏ ਸਨ। ਜੇਬਾਂ ਭਰ ਲਿਆਏ ਸਨ।

ਉਨ੍ਹਾਂ ਦੇ ਘਰੇ ਹਰ ਫ਼ਸਲ ਦੇ ਬੀਜਣ, ਰਾਖੀ ਕਰਨ, ਕੀੜੇ ਮਾਰ ਦਵਾਈ ਛਿੜਕਣ, ਫ਼ਸਲ ਕੱਟਣ ਤੇ ਮੰਡੀ ਲਿਜਾਣ ਬਾਰੇ ਗੱਲਾਂ ਹੁੰਦੀਆਂ ਹੀ ਰਹਿੰਦੀਆਂ ਸਨ। ਜੁਆਕਾਂ ਨੂੰ ਇਸ ਬਾਰੇ ਸਾਰੀ ਸਮਝ ਸੀ।

ਇਹ ਖੇਤ ਜੁਆਕਾਂ ਦੇ ਸੁਪਨਿਆਂ ਦੇ ਖੇਤ ਸਨ। ਉਨ੍ਹਾ ਨੂੰ ਤਾਂ ਇਹ ਵੀ ਨਹੀਂ ਪਤਾ ਸੀ ਕਿ ਜਿਸ ਜ਼ਮੀਨ ਤੇ ਉਨ੍ਹਾ ਫ਼ਸਲ ਬੀਜੀ ਸੀ, ਉਹ ਜ਼ਮੀਨ ਕੀਹਦੀ ਸੀ? ਉਨ੍ਹਾ ਨੇ ਤਾਂ ਰੱਬ ਦੀ ਧਰਤੀ ਤੇ ਸੁਪਨੇ ਬੀਜ ਦਿੱਤੇ ਸਨ।

ਦਿਨਾਂ ਵਿਚ ਹੀ ਬੀਜ ਪੁੰਗਰ ਪਏ। ਤੂਈਆਂ ਨਿਕਲ ਆਈਆ ਸਨ। ਜੁਆਕਾ ਦੇ ਚਿਹਰਿਆਂ ਤੇ ਜਿੱਤ ਵਰਗੀ ਖੁਸ਼ੀ ਸੀ। ਪੁੰਗਰੇ ਪੌਦਿਆਂ ਦੀ ਰਾਖੀ ਕਰਨ ਲਈ, ਉਨ੍ਹਾ ਬੇਰੀ ਦੀਆ ਝਿੰਗਾਂ ਪੌਦਿਆਂ ਤੇ ਰੱਖ ਦਿੱਤੀਆਂ ਸਨ। ਉਨ੍ਹਾ ਨੂੰ ਡਰ ਸੀ ਕਿ ਕੋਈ ਖਾਰ ਖਾਣ ਵਾਲਾ ਜੁਆਕ, ਪੌਦਿਆਂ ਨੂੰ ਮਿੱਧ ਨਾ ਜਾਵੇ ਜਾਂ ਕੋਈ ਪਸ਼ੂ ਪੌਦਿਆਂ ਨੂੰ ਲਿਤਾੜ ਨਾ ਦੇਵੇ।

ਇਕ ਚੌਥਾ ਮੁੰਡਾ ਸੀ ਕਾਕੂ। ਉਹ ਵੀ ਪੂਰਾ ਛਿੰਗੜੀ ਛੇੜ ਸੀ। ਖੁਰਪੀ ਚੁੱਕ ਕੇ ਉਹ ਵੀ ਉੱਥੇ ਪਹੁੰਚ ਗਿਆ।

ਨਾਲ ਦੀ ਜਮੀਨ ਤੇ ਉਹ ਵੀ ਖੇਤ ਬਨਾਉਣ ਲੱਗਾ। ਉਹ ਪੰਗਾ ਲੈ ਰਿਹਾ ਸੀ ਅਤੇ ਡਰਦਾ ਵੀ ਸੀ ਕਿ ਤਿੰਨ ਰਲ ਕੇ ਉਸ ਨੂੰ ਕੁੱਟਣ ਨਾ ਲੱਗ ਪੈਣ। ਬੀਰ੍ਹੇ, ਜੀਤ ਅਤੇ ਜੈਲੀ ਨੇ ਕਾਕੂ ਨੂੰ ਉੱਥੇ ਖੇਤ ਬਨਾਉਣ ਤੋਂ ਰੋਕ ਦਿੱਤਾ ਸੀ।

ਕਾਕੂ ਤਿੰਨਾਂ ਨੂੰ ਦੂਰ ਖਲੋ ਕੇ, ਬੁਰਾ ਭਲਾ ਬੋਲਦਾ ਰਿਹਾ, ਤੁਸੀ ਮੈਨੂੰ ਖੇਤ ਨਹੀਂ ਬਨਾਉਣ ਦਿੰਦੇ, ਮੈਂ ਥੋਡੇ ਖੇਤ ਵੀ ਹੁਣ ਰਹਿਣ ਨਹੀਂ ਦਿਆਂਗਾ।

ਕਾਕੂ ਝੱਟ ਜੀਤੇ ਦੀ ਮਾਂ ਕੋਲ ਸ਼ਿਕਾਇਤ ਲਾਉਣ ਪਹੁੰਚ ਗਿਆ।ਕਹਿੰਦਾ,"ਚਾਚੀ ਥੋਡਾ ਜੀਤਾ, ਬ?ਹੀਰਾ ਤੇ ਜੈਲੀ ਤਿੰਨੇ ਪੁਲੀ ਕੋਲ ਨਾਲੀਆਂ ਦੇ ਗੰਦੇ ਪਾਣੀ ਨਾਲ ਖੇਡਦੇ ਨੇ।

"ਕਿੱਥੇ ਪੁੱਤ ਜੀਤ ਦੀ ਮਾਂ ਬੋਲੀ।"

"ਟੋਭੇ ਕੋਲ"

"ਚੱਲ ਪੁੱਤ ਮੇਰੇ ਨਾਲ ਅੱਜ ਭੁਗਤ ਸੁਆਰਦੀਆਂ ਉਸ ਦੀ।" ਜੀਤ ਦੀ ਮਾਂ ਪੁਲੀ ਵੱਲ ਤੁਰ ਪਈ। ਕਾਕੂ ਜੈਲੀ ਅਤੇ ਬੀਰ੍ਹੇ ਦੀ ਮੰਮੀ ਨੂੰ ਵੀ ਸ਼ਿਕਾਇਤ ਲਾ ਆਇਆ ਸੀ। ਤਿੰਨਾਂ ਦੀਆਂ ਮਾਂਵਾਂ ਟੋਭੇ ਤੇ ਪਹੁੰਚ ਗਈਆਂ।

ਕਾਕੂ ਵੀ ਉਨ੍ਹਾ ਕੋਲ ਆ ਗਿਆ ਸੀ। ਕਾਕੂ ਨੇ ਮਾਂਵਾਂ ਨੂੰ ਉਂਗਲੀ ਦੇ ਇਸ਼ਾਰੇ ਨਾਲ ਤਿੰਨਾਂ ਦੇ ਖੇਤ ਦਿਖਾਏ। ਮਾਂਵਾਂ ਨੂੰ ਆਉਂਦੀਆਂ ਦੇਖ ਕੇ ਬੀਰ੍ਹਾ, ਜੈਲੀ ਅਤੇ ਜੀਤ ਨੇੜੇ ਦੇ ਕਮਾਦ

ਵਿੱਚ ਲੁਕ ਗਏ ਸਨ। ਜੀਤ ਦੀ ਮਾਂ ਝਿੰਗ ਚੁੱਕ ਕੇ ਖੇਤ ਵਿਹੰਦਿਆਂ ਬੋਲੀ," ਇਹ ਫਸਲ ਵੀ ਉਗਾ ਲੈਂਦੇ ਨੇ?

ਬੀਰ੍ਹੇ ਦੀ ਮਾਂ ਬੋਲੀ, "ਜ਼ਿਮੀਂਦਾਰਾਂ ਦੇ ਜੁਆਕਾਂ ਦੇ ਤਾਂ ਖ਼ੂਨ ਵਿੱਚ ਕਿਸਾਨੀ ਹੁੰਦੀ ਹੈ।

ਜ਼ੈਲੀ ਦੀ ਮਾਂ ਬੋਲੀ, "ਪੌਦੇ ਪੁੰਗਰੇ ਦੇਖ ਕੇ ਮੇਰੀ ਤਾਂ ਰੂਹ ਖੁਸ਼ ਹੋ ਗਈ ਹੈ ਭੈਣੇ।

ਪਰ ਉਹ ਤਿੰਨੇ ਸੋਚਣ ਲੱਗੀਆ-ਆਹ ਜਿਹੜਾ ਐਥੇ ਕੂੜੇ ਵਾਲੇ ਪਾਣੀ ਵਿੱਚ ਲੱਤਾਂ ਬਾਹਾਂ ਲਬੇੜਦੇ ਨੇ। ਨਾ ਜਾਣੇ ਕੱਲ ਨੂੰ ਕੋਈ ਬਿਮਾਰੀ ਦੇ ਅੜਿੱਕੇ ਚੜ੍ਹਗੇ ਤਾਂ ਕੌਣ ਲੇਖਾ ਭਰੂਗਾ?

-ਤਾਂਹੀਓ ਸਕੂਲ ਵੱਲ ਮੂੰਹ ਨਹੀਂ ਕਰਦੇ। ਆਂਹਦੇ ਔਹ ਮਾਸਟਰ ਬਾਹਲਾ ਹੀ ਕੁੱਟਦਾ। ਔਹ ਵਾਲਾ ਮਾਸਟਰ ਗਾਲਾਂ ਕੱਢਦਾ। ਬਹਾਨੇ ਘੜਦੇ ਰਹਿੰਦੇ ਨੇ।

-ਮੈਨੂੰ ਕੀ ਪਤਾ ਸੀ ਡੁੱਬ ਜਾਣੇ ਐਥੇ ਵਕਤ ਬਰਬਾਦ ਕਰਦੇ ਨੇ।

ਹਵਾ ਕੁਝ ਤੇਜ ਵਗਣ ਲੱਗੀ। ਤਿੰਨਾਂ ਦੀਆਂ ਮਾਂਵਾਂ ਪਿੱਪਲ ਦੀਆਂ ਜੜ੍ਹਾਂ ਤੇ ਬੈਠ ਗਈਆਂ ਉਹ ਗੱਲਾਂ ਕਰਨ ਲੱਗੀਆਂ।

"ਕੀ ਬਨਣਗੇ ਬੀਬੀ ਇਹ ਵੱਡੇ ਹੋ ਕੇ ? ਇਕ ਬੋਲੀ।

"ਇਹੀ ਚਿੰਤਾ ਮੈਨੂੰ ਵੀ ਲੱਗੀ ਹੋਈ ਹੈ, ਦੂਜੀ ਨੇ ਕਿਹਾ। ਤੀਜੀ ਅਜੇ ਚੁੱਪ ਹੀ ਰਹੀ। ਐਨੇ ਨੂੰ ਪਿੱਪਲ ਦੇ ਪੱਤਿਆਂ ਵਿੱਚੋਂ ਕੋਈ ਆਵਾਜ਼ ਸੁਣਾਈ ਦਿੱਤੀ। ਉਸ ਆਵਾਜ ਨੂੰ ਸੁਣਦਿਆਂ ਜੀਤ ਦੀ ਮਾਂ ਬੋਲੀ, "ਕੌਣ ਏਂ ਭਾਈ ਤੂੰ?"

"ਚੌਕੀਦਾਰ"

"ਚੌਕੀਦਾਰ ? ਦਿਨੇ ਕੀ ਕਰਦਾਂ ਐਥੇ?

"ਮੈ ਗਲੀ ਮੁਹੱਲੇ ਪਹਿਰਾ ਨਹੀਂ ਦਿੰਦਾ। ਸੁਪਨਿਆਂ ਤੇ ਪਹਿਰਾ ਦਿੰਨਾ।

"ਕੀਹਦੇ ਸੁਪਨਿਆਂ ਤੇ ਪਹਿਰਾ ਦੇਣ ਆਇਆ ਤੂੰ ਐਥੇ।

"ਬਾਲਾ ਦੇ ਸੁਪਨਿਆਂ ਤੇ"

"ਕਿੱਥੇ ਨੇ ਬਾਲਾਂ ਦੇ ਸੁਪਨੇ?

"ਇੰਨ੍ਹਾ ਕਿਆਰੀਆਂ ਵਿੱਚ ਜੋ ਪੌਦੇ ਬਣ ਕੇ ਪੁੰਗਰੇ ਨੇ। ਤੁਹਾਡੇ ਬੱਚਿਆਂ ਦੇ ਸੁੱਪਨੇ ਹਨ। ਆਵਾਜ਼ ਆਈ।

"ਜੁਆਕ ਤੇਰੇ ਨੇ ਕਿ ਸਾਡੇ?" ਜੀਤ ਦੀ ਮੰਮੀ ਨੇ ਪੁੱਛਿਆ।

"ਪਹਿਲੀ ਮਾਂ ਪ੍ਰਕਿਰਤੀ ਹੈ ਇੰਨ੍ਹਾ ਦੀ।"

"ਮੈਨੂੰ ਤਾਂ ਤੂੰ ਕੋਈ ਕਮਲਾ ਲੱਗਦਾਂ। ਗੰਦੇ ਪਾਣੀ ਵਿੱਚ ਲਿਬੜਣ ਤੇ ਇੰਨ੍ਹਾ ਨੂੰ ਜੇ ਕੋਈ ਰੋਗ ਲੱਗ ਗਿਆ। ਦਵਾਈ ਤੂੰ ਦੇਵੇਂਗਾ?"ਜੀਤ ਦੀ ਮਾਂ ਨੇ ਸੁਆਲ ਕੀਤਾ।"

"ਸਕੂਲ ਨਹੀਂ ਜਾਣਗੇ ਤਾ ਅਕਲ ਕਿਵੇਂ ਆਊ ਇੰਨ੍ਹਾ ਨੂੰ ?" ਬੀਰ੍ਹੇ ਦੀ ਮਾਂ ਵੀ ਬੋਲ ਪਈ।

"ਬੋਲੀ ਤੋਂ ਤਾਂ ਤੂੰ ਬਜ਼ੁਰਗ ਲੱਗਦਾਂ, ਪਰ ਗਲਤ ਗੱਲਾਂ ਦੀ ਵਕਾਲਤ ਨੀ ਕਰੀਦੀ। ਜੈਲੀ ਦੀ ਮਾਂ ਨੇ ਕਿਹਾ।

ਦੇਖਦੇ ਦੇਖਦੇ ਜੀਤ ਦੀ ਮਾਂ ਨੇ ਉੱਠੀ ਅਤੇ ਕਿਆਰੀ ਦੀ ਪੈਰ ਮਾਰ ਕੇ ਵੱਟ ਢਾਹ ਆਈ। ਜੈਲੀ ਦੀ ਮਾਂ ਨੇ ਪੌਦਿਆਂ ਉਪਰੋਂ ਝਿੰਗਾਂ ਵਗਾਹ ਮਾਰੀਆਂ। ਝਿੰਗਾਂ ਦੇ ਕੰਡਿਆਂ ਵਿੱਚ ਬੀਰ੍ਹੇ ਦੀ ਮਾਂ ਦੀ ਚੁੰਨੀ ਉਲਝ ਗਈ। ਉਹ ਖੇਤ ਵਿੱਚੋਂ ਉੱਗੇ ਪੌਦੇ ਪੁੱਟਣ ਲੱਗੀ ਸੀ। ਉਸਦੇ ਪੈਰ ਤੇ ਕੋਈ ਕੀੜਾ ਦੰਦੀ ਵੱਢ ਗਿਆ ਸੀ। ਉਹ ਤਾਂ ਲੱਗੀ ਚੀਕਾਂ ਮਾਰਨ। ਬੋਲੀ, "ਓਏ ਬੀਰ੍ਹੇ ! ਮਾਂ ਮਰੀ ਤੇ ਹੀ ਆਈਂ ਹੁਣ। ਗੰਨਿਆਂ ਦੇ ਖੇਤ ਵਿੱਚ ਲੁਕੇ ਤਿੰਨੇ ਬਾਹਰ ਨਿਕਲ ਆਏ। ਉਨ੍ਹਾ ਨੂੰ ਦੇਖਦੇ ਸਾਰ ਕਾਕੂ ਦੌੜ ਗਿਆ ਸੀ। ਮਾਂਵਾਂ ਨੇ ਆਪੋ ਆਪਣੇ ਜੁਆਕਾ ਨੂੰ ਕੰਨਾਂ ਤੋਂ ਪਕੜਿਆ ਅਤੇ ਘਰਾਂ ਨੂੰ ਤੁਰ ਪਈਆਂ। ਤੁਰਨ ਵੇਲੇ ਉਹੀ ਆਵਾਜ਼ ਫੇਰ ਸੁਣਾਈ ਦਿੱਤੀ, "ਬਾਲਾਂ ਦੇ ਸੁਪਨੇ ਨਹੀਂ ਉਜਾੜੀਦੇ। ਕੁਦਰਤ ਨਾਰਾਜ਼ ਹੋ ਜਾਂਦੀ ਹੈ। ਇਹੀ ਜੁਆਕ ਕੱਲ ਨੂੰ, ਨਵੇਂ ਢੰਗ ਤਰੀਕੇ ਵਰਤ ਕੇ, ਤੁਹਾਡੇ ਖੇਤਾਂ ਦੀ ਨੁਹਾਰ ਬਦਲ ਦੇਣਗੇ।

"ਪਰ ਤੂੰ ਇੰਨ੍ਹਾ ਨੂੰ ਐਨਾ ਤਾਂ ਸਮਝਾਈ ਕਿ ਸਕੂਲ ਤਾਂ ਚਲੇ ਜਾਇਆ ਕਰਨ।" ਜੀਤ ਦੀ ਮਾਂ ਨੇ ਚੌਕੀਦਾਰ ਤੋਂ ਮਦਦ ਮੰਗੀ।

"ਮੈ ਇੰਨ੍ਹਾ ਦੇ ਸੁਪਨਿਆਂ ਵਿੱਚ ਆਵਾਂਗਾ ਤੇ ,ਇੰਨ੍ਹਾ ਨੂੰ ਸਮਝਾ ਦਿਆਂਗਾ।

"ਤੂੰ ਆਪਣੇ ਆਪ ਨੂੰ ਚੌਕੀਦਾਰ ਕਹਿਨੈਂ ਤਾਂ ਨਿਗ੍ਹਾ ਰੱਖਿਆ ਕਰ ਇੰਨ੍ਹਾ ਤੇ।" ਬੀਰ੍ਹੇ ਦੀ ਮਾਂ ਨੇ ਕਿਹਾ।

ਜੀਤ ਦੀ ਮਾਂ ਦਾ ਤਾਂ ਗਲ?ਾ ਭਰ ਆਇਆ ਸੀ।

ਉਨ੍ਹਾਂ ਨੇ ਦੇਖਿਆ ਉਹ ਤਾਂ ਅਨਜਾਣ ਆਵਾਜ਼ ਨਾਲ ਗੱਲਾਂ ਕਰਦੀਆਂ ਕਰਦੀਆਂ ਜੀਤ ਦੇ ਘਰ ਕੋਲ ਪਹੁੰਚ ਗਈਆਂ ਸਨ। ਜੀਤ ਦੀ ਮਾਂ ਨੇ ਘਰ ਅੰਦਰ ਵੜਦਿਆਂ ਦੋਹਾਂ ਨੂੰ ਚਾਹ ਪੀਕੇ ਜਾਣ ਦੀ ਸੁਲ੍ਹਾ ਮਾਰੀ। ਪਰ ਉਹ ਕੰਮ ਪਿਆ ਹੋਣ ਦਾ ਰੋਣਾਂ ਰੋਂਦੀਆ ਆਪੋ ਆਪਣੇ ਘਰਾਂ ਵੱਲ ਤੁਰ ਪਈਆਂ ਸਨ।

# ਸ਼ਬਦ ਸ਼ਕਤੀ



ਖੰਜਰ ਬਾਬਰ ਕੋਲ ਸੀ, ਬਾਬੇ ਕੋਲ ਵਿਚਾਰ।
ਖੰਜਰ ਖੁੰਢਾ ਹੋ ਗਿਆ, ਖਾ ਸ਼ਬਦਾਂ ਦੀ ਮਾਰ।

ਲਾਲੋ ਬੈਠਾ ਸਿਦਕ ਲੈ, ਭਾਗੋ ਲੈ ਹੰਕਾਰ।
ਤਾਹੀਓਂ ਨਿਕਲੀ ਕੋਧਰੇ, ਵਿੱਚੋਂ ਦੁੱਧ ਦੀ ਧਾਰ।

ਸੋਚ ਮਤੱਸਬੀ ਵਲੀ ਦੀ, ਬਾਬੇ ਹੀਆ ਵਿਸ਼ਾਲ।
ਚਸ਼ਮਾ ਤਾਹੀਓਂ ਫੁੱਟਿਆ, ਉਹਦੇ ਚਰਨਾ ਨਾਲ।

ਹਿੰਸਾ ਕੌਡੇ ਕੋਲ ਸੀ, ਬਾਬਾ ਦਇਆ ਦਾਤਾਰ।
ਏਸੇ ਕਰਕੇ ਕਰ ਗਿਆ, ਉਹਦਾ ਬੇੜਾ ਪਾਰ।

ਸੱਜਣ ਕਪਟੀ ਮੀਤ ਸੀ, ਬਾਬਾ ਸੱਚਾ ਯਾਰ।
ਸੱਜਣ ਸੱਜਣ ਕਰ ਲਿਆ ਤੀਰ ਤਰਕ ਦੇ ਮਾਰ।

ਕਾਰੂ ਧਨ ਦਾ ਲਾਲਚੀ, ਬਾਬੇ ਕੋਲ ਤਿਆਗ।
ਇਲਮ ਅਕਲ ਦੀ ਚੋਟ ਲਾ, ਦਿੱਤਾ ਬਦਲ ਦਿਮਾਗ।

ਬਾਬੇ ਯੁਕਤੀ ਨਾਲ ਹੀ, ਬਦਲੀ ਉਹਦੀ ਚਾਲ।
ਬਚਨ ਨਿਭਾਇਆ ਭੂਮੀਏ, ਹੋਇਆ ਨਮਕ ਹਲਾਲ।

ਬਾਬੇ ਕੋਲ ਰਬਾਬ ਸੀ, ਅੰਦਰ ਅਨਹਦ ਨਾਦ।
ਨੱਚਣ ਸ਼ਬਦ ਸਿਤਾਰ ਤੇ, ਕੱਟਣ ਵਾਦ ਵਿਵਾਦ।

ਰੱਬ ਮਸੀਤੀਂ ਕਿਸੇ ਦਾ, ਮੰਦਰ ਕਿਸੇ ਵਿਚਾਰ।
ਬਾਬੇ ਦੱਸਿਆ ਵੱਸਦਾ, ਕੁੱਲ ਖਲਕਤ ਵਿਚਕਾਰ।

ਚੁੱਕੀ ਫਿਰਨ ਚਲਾਕ ਜੋ, ਸਿਰੀਂ ਸਵਾਰਥ ਪੰਡ।
ਲੋਈ ਲਾਹ ਕੇ ਭਰਮ ਦੀ, ਸਾਵੀਂ ਕੀਤੀ ਵੰਡ।

ਇਹ ਸੀ ਤਾਕਤ ਸ਼ਬਦ ਦੀ, ਸਾਣ ਚੜ੍ਹਾਈ ਰਾਗ।
ਵਿੱਚ ਦਿਮਾਗਾਂ ਵੱਸ ਕੇ, ਹੰਸ ਕਰੇਂਦੀ ਕਾਗ।

ਬਾਣੀ ਬਾਬੇ ਦੀ ਤੋਂ, ਲੈ ਕੇ ਅਸਲ ਗਿਆਨ।
ਹਿੰਸਕ ਰਸਤੇ ਛੱਡ ਕੇ, ਬਣ ਜਾਈਏ ਇਨਸਾਨ।

ਸਦ ਬਾਬੇ ਦੀ ਕਲਮ ਤੋਂ, ਮਾਤ ਪਈ ਤਲਵਾਰ।
ਦੁਨੀਆ ਜਿੱਤੀ ਬਾਜਵਾ, ਜਿੰਨ੍ਹੇ ਬਿਨ ਹਥਿਆਰ।

ਲਖਵਿੰਦਰ ਸਿੰਘ ਬਾਜਵਾ
9416734506, 9729608492

ਬਾਲ-ਗੀਤ

# ਸਵੇਰ ਦੀ ਸਭਾ



ਆਓ ਬੱਚਿਓ ਸਵੇਰ ਦੀ ਸਭਾ 'ਚ ਜਾਣਾ ਏ,
ਪ੍ਰਾਰਥਨਾ ਕਰ ਦਿਨ ਨੂੰ ਸਫ਼ਲ ਬਣਾਣਾ ਏ .....

ਸਾਰੇ ਬੰਨ੍ਹ ਕਤਾਰਾਂ ਮੈਦਾਨ 'ਚ ਇਕੱਠੇ ਹੋਈਏ,
ਮਾਲ਼ਾ ਦੇ ਮਣਕੇ ਵਾਂਗੂੰ ਇੱਕ ਧਾਗੇ 'ਚ ਪ੍ਰੋਈਏ,
ਅਨੁਸ਼ਾਸਨ ਦਾ ਪਾਠ ਸਾਨੂੰ ਇਸੇ ਸਿਖਾਣਾ ਏ .....

'ਦੇਹ ਸਿਵਾ ਵਰ ਮੋਹੇ' ਦੇ ਪਾਠ ਨੂੰ ਕਰਨਾ ਏ,
'ਰਾਸ਼ਟਰੀ ਗਾਣ' ਦਾ ਫਿਰ ਧਿਆਨ ਵੀ ਧਰਨਾ ਏ,
ਰਲ਼-ਮਿਲ਼ ਸਭਨੇ ਇੱਕੋ ਸੁਰ ਵਿੱਚ ਗਾਣਾ ਏ .....

ਪੀ.ਟੀ. ਜਾਂਦੀ ਸਭਨੂੰ ਹਰ ਰੋਜ ਕਰਵਾਈ ਏ,
ਤੰਦਰੁਸਤ ਰਹਿਣ ਦੀ ਜਾਂਦੀ ਜਾਚ ਸਿਖਾਈ ਏ,
ਇੱਕ-ਦੋ, ਤਿੰਨ ਕਹਿ ਫਿਰ ਤਾੜੀ ਵਜਾਣਾ ਏ .....

ਸਵੇਰ ਦੀ ਸਭਾ ਸਾਡੀ ਗਿਆਨ ਦਾ ਭੰਡਾਰ ਏ,
ਅਧਿਆਪਕਾਂ ਦੇ ਸੁਣਦੇ ਜਿੱਥੇ ਉੱਚ ਵਿਚਾਰ ਏ,
'ਪ੍ਰੀਤ ਬੀੜ ਕਿਸ਼ਨ', ਤੋਂ ਅੱਗੇ ਖੜੇ ਮਾਣਾ ਏ .....

**ਗੁਰਪ੍ਰੀਤ ਸਿੰਘ ਬੀੜ ਕਿਸ਼ਨ**
ਪਿੰਡ ਬੀਜਾ, ਤਹਿ.ਖੰਨਾ, ਜ਼ਿਲ੍ਹਾ -ਲੁਧਿਆਣਾ।
ਮੋਬ. ਨੰ. 99884-66885
ਪਿੰਨ-ਕੋਡ 141412

# ਵਿਦਿਅਕ ਢਾਂਚੇ ਦੇ ਚਾਰ ਥੰਮ



ਨੱਕਾਸ਼ ਚਿੱਤੇਵਾਣੀ

ਤਕਰੀਬਨ ਪਿਛਲੇ ਪੰਝੀ-ਛੱਬੀ ਸਾਲਾਂ ਤੋਂ ਵੱਖਰੇ-ਵੱਖਰੇ ਸਕੂਲਾਂ ਵਿੱਚ ਹਜ਼ਾਰਾਂ ਵਿਦਿਆਰਥੀਆਂ ਨਾਲ, ਉਹਨਾਂ ਦੇ ਮਾਪਿਆਂ ਨਾਲ, ਅਧਿਆਪਕਾਂ ਨਾਲ ਤੇ ਮੈਨੇਜਮੈਂਟ ਨਾਲ ਵਾਹ ਪਿਆ। ਅਣਗਿਣਤ ਖੱਟੇ-ਮਿੱਠੇ ਤਜਰਬਾਤ ਹੁਣ ਤੱਕ ਨਾਲ-ਨਾਲ ਘੁੰਮਦੇ ਨੇ। ਬਹੁਤ ਸਾਰੇ ਵਿਦਿਆਰਥੀ ਜੋ ਕਦੋਂ ਦੇ ਆਪਣੀ ਪੜ੍ਹਾਈ ਪੂਰੀ ਕਰਕੇ ਆਪੋ-ਆਪਣੇ ਕਾਰੋਬਾਰ ਵਿੱਚ ਵਿਅਸਤ ਨੇ, ਕਈ ਵਾਰੀ ਮਿਲ ਪੈਂਦੇ ਨੇ। ਉਹਨਾਂ ਵੱਲੋਂ ਮਿਲਦਾ ਪਿਆਰ ਤੇ ਸਤਿਕਾਰ ਸਿਰ ਮੱਥੇ ਧਰੀਦੈ। ਇੱਕ ਖੱਟਾ ਤਜਰਬਾ ਸਾਂਝਾ ਕਰਨ ਲੱਗਾ ਹਾਂ, ਇਹ ਸਾਂਝਾ ਮਸਲਾ ਹੈ ਜੋ ਸਮਾਂ ਰਹਿੰਦਿਆਂ ਸਾਨੂੰ ਸਾਰਿਆਂ ਨੂੰ ਨਜਿੱਠ ਲੈਣਾ ਚਾਹੀਦਾ, ਨਹੀਂ ਤਾਂ ਸਮਾਜਿਕ ਸਰੋਕਾਰਾਂ ਵਿੱਚ ਪੈ ਰਹੇ ਪਾੜੇ ਦੇ ਭਿਆਨਕ ਨਤੀਜੇ ਭੁਗਤਣ ਲਈ ਖ਼ੁਦ ਨੂੰ ਤਿਆਰ ਕਰਨਾ ਪੈਣਾ।



ਇੱਕ ਸਕੂਲ ਦੇ ਸਲਾਨਾ ਸਮਾਗਮ ਦੀ ਗੱਲ ਹੈ, ਕਿੰਨ੍ਹੀਆਂ ਹੀ ਚੀਜ਼ਾਂ ਇਕੱਠੀਆਂ ਵਾਪਰ ਗਈਆਂ। ਇੱਕ ਸਕਿੱਟ ਸੀ ਸਮਾਗਮ ਵਿੱਚ, ਸੋਸ਼ਲ ਮੀਡੀਆ ਅਤੇ ਮੋਬਾਈਲ ਦੇ ਦੁਰਉਪਯੋਗ 'ਤੇ ਆਧਾਰਿਤ। ਮੇਰੇ ਕੰਪਿਊਟਰ ਵਿੱਚੋਂ ਤਿਆਰ ਹੋ ਕੇ ਨਿਕਲੀ ਹੋਣ ਕਾਰਨ ਮੈਨੂੰ ਇਸਦਾ ਇੱਕ-ਇੱਕ ਸੰਵਾਦ ਯਾਦ ਸੀ। ਸੰਵਾਦ ਦਾ ਪ੍ਰਗਟਾਅ, ਬੱਚਿਆਂ ਵੱਲੋਂ ਕੀਤੀ ਗਈ ਤਿਆਰੀ ਇਸ ਵਿੱਚ ਹੋਰ ਰੰਗ ਭਰ ਰਹੀ ਸੀ। ਸੁਨੇਹਾ ਇਹੋ ਸੀ ਕਿ ਸੋਸ਼ਲ ਮੀਡੀਆ ਤੇ ਮੋਬਾਈਲ ਦਾ ਜ਼ਿੰਮੇਦਾਰੀ ਨਾਲ ਉਪਯੋਗ ਕਰਨਾ ਚਾਹੀਦਾ। ਮੋਬਾਈਲ ਸਾਡਾ ਮਾਨਸਿਕ ਸੰਤੁਲਨ ਵੀ ਵਿਗਾੜ ਸਕਦਾ ਹੈ। ਸਮਾਜਿਕ ਜ਼ਿੰਮੇਦਾਰੀ ਵਿੱਚ ਇੱਕ ਗੱਲ ਤਾਂ ਸਪਸ਼ਟ ਰੂਪ ਵਿੱਚ ਦੱਸੀ ਜਾਂਦੀ ਹੈ ਕਿ ਉਹ ਕੰਮ ਨਾ ਕਰੋ ਜਿਸ ਨਾਲ ਦੂਜਿਆਂ ਨੂੰ ਤਕਲੀਫ਼ ਹੋਵੇ। ਬੱਸ! ਏਥੇ ਹੀ ਮੇਰੀ ਗਰਾਰੀ ਫ਼ਸੀ ਰਹੀ।

ਹੁਣ ਦ੍ਰਿਸ਼ਟਾਂਤ-ਲਗਪਗ ਹਰ ਮਰਹਲੇ ਵਿੱਚ, ਜਿਸ ਵਿੱਚ ਜਿਸਦਾ ਬੱਚਾ ਭਾਗ ਲੈ ਰਿਹਾ, ਕੀ ਨਿੱਕਾ-ਵੱਡਾ ਸਾਰੇ ਆਪੋ-ਆਪਣਾ ਫ਼ੋਨ ਹੱਥ ਵਿੱਚ ਫ਼ੜ੍ਹੀ ਮੂਹਰਲੀ ਕਤਾਰ ਦੇ ਸਾਹਮਣੇ ਆ ਖਲੋਵੇ। ਅਤੇ ਇਹ ਵਰਤਾਰਾ ਲਗਾਤਾਰ ਵਾਪਰਿਆ। ਜਿਵੇਂ ਇਹ ਪ੍ਰਗਟਾਇਆ ਜਾ ਰਿਹਾ ਹੋਵੇ ਕਿ ਸਾਡੇ ਬੱਚੇ ਹੀ ਨੇ ਬਾਕੀ ਸਭ ਦੇ ਅਸੀਂ ਵੇਖਣੇ ਵੀ ਨਹੀਂ। ਹੋਇਆ ਵੀ ਏਦਾਂ ਹੀ, ਜਿਸਦੇ ਬੱਚੇ ਦੀ ਆਈਟਮ ਮੁੱਕੇ ਉਹ ਹਾੱਲ 'ਚੋਂ ਬਾਹਰ। ਹਾੱਲ ਦੇ ਅੰਦਰ ਕਿਸੇ ਨੂੰ ਵੇਖਣ ਨਾ ਦੇਵੇ ਤੇ ਆਪਣੇ ਬੱਚੇ ਦੀ ਆਈਟਮ ਤੋਂ ਬਾਅਦ ਬਾਹਰ। ਇਹ ਕਿਹੋ ਜਿਹੀ ਮਾਨਸਿਕਤਾ ਹੈ ਜੋ ਅਸੀਂ ਬਣਾਈ ਬੈਠੇ।

ਸੁਖਦ ਅਹਿਸਾਸ -ਸਵੇਰੇ ਕੋਈ ਬੱਚੇ ਦੇ ਰਿਸ਼ਤੇਦਾਰ ਪ੍ਰਿੰਸੀਪਲ ਕੋਲ ਬੇਨਤੀ ਕਰ ਰਹੇ ਸੀ ਕਿ ਸਾਡਾ ਕੋਈ ਰਿਸ਼ਤੇਦਾਰ ਹੈ ਜੋ ਸਮਾਗਮ ਵੇਖਣਾ ਚਾਹੁੰਦਾ ਪਰ ਇੱਕ ਕਾਰਡ 'ਤੇ ਸਿਰਫ਼ ਦੋ ਜਣੇ ਆ ਸਕਦੇ, ਇਸ ਲਈ ਜੇ ਤੁਸੀਂ ਇਜਾਜ਼ਤ ਦੇਵੋ ਤਾਂ ਉਹਨਾਂ ਨੂੰ ਨਾਲ ਲੈ ਕੇ ਆਈਏ? ਪ੍ਰਿੰਸੀਪਲ ਨੇ ਬੜੇ ਠਰੰਮੇ ਤੇ ਪਿਆਰ

ਨਾਲ ਕਿਹਾ ਕਿ ਸਾਡੇ ਕੋਲ ਹਾੱਲ ਵਿੱਚ ਮਾਪਿਆਂ ਜੋਗੀ ਹੀ ਜਗ੍ਹਾ ਹੈ, ਤੇ ਅਸੀਂ ਚਾਹੁੰਦੇ ਹਾਂ ਕਿ ਸਾਰੇ ਮਾਪੇ ਬੈਠ ਸਕਣ, ਅਗਲੀ ਵਾਰ ਅਸੀਂ ਬਾਹਰ ਮੈਦਾਨ ਵਿੱਚ ਕਰਾਂਗੇ ਸਮਾਗਮ, ਉਸ ਵੇਲੇ ਜੇ ਕੋਈ ਆਉਣਾ ਚਾਹੇਗਾ ਤਾਂ ਅਸੀਂ ਸੁਅਗਤ ਕਰਾਂਗੇ।

ਹੁਣ ਮੇਰਾ ਫਿਕਰ ਮੇਰੇ ਸਿਰ ਨੂੰ ਚਕਰਾਉਣ ਲੱਗਾ, ਕਿ ਇਹ ਕਿਹੜੀ ਫ਼ਸਲ ਉੱਗ ਖੜੋਈ ਹੈ ਤੇ ਇਹ ਬੀਜੀ ਕਿਸ ਨੇ ਹੈ। ਮੇਰੇ ਅੰਦਰਲਾ ਜਿਗਿਆਸੂ ਮਨੁੱਖ ਮਰਦਾ ਨਜ਼ਰ ਆਇਆ। ਮੈਂ ਅਕਸਰ ਕੰਮ 'ਤੇ ਜਾਣ ਲੱਗਾ ਆਪਣੇ ਅੰਦਰਲਾ ਸ਼ਾਇਰ ਤੇ ਚਿੰਤਕ ਘਰੇ ਕਿਤਾਬਾਂ ਵਾਲੀ ਅਲਮਾਰੀ ਵਿੱਚ ਤਾਅੜ ਕੇ ਜਾਨਾਂ ਹੁੰਨਾਂ ਪਰ ਅੱਜ ਉਹ ਉਡਾਰੀ ਮਾਰ ਕੇ ਮੇਰੇ ਅੰਦਰ ਪ੍ਰਵੇਸ਼ ਕਰ ਗਿਆ। ਮੇਰੇ ਵਰਗੇ ਹੋਰ ਵੀ ਬਹੁਤ ਹੋਣਗੇ ਜਿਹਨਾਂ ਦੇ ਅੰਦਰ ਚਿੰਤਕ ਮਰਦੇ ਹੋਣਗੇ। ਗੱਲ 'ਤੇ ਆਉਂਦੇ ਹਾਂ।

ਵਿੱਦਿਅਕ ਢਾਂਚੇ ਦੇ ਚਾਰ ਥੰਮ ਨੇ

1. ਬੱਚਾ

2. ਮਾਪੇ

3. ਵਿੱਦਿਅਕ ਅਦਾਰੇ (ਜਿਸ ਵਿੱਚ ਮੈਨੇਜਮੈਂਟ, ਅਧਿਆਪਕ ਤੇ ਸਹਾਇਕ ਸਟਾਫ਼ ਸ਼ਾਮਿਲ ਹੈ)

4. ਵਾਤਾਵਰਨ

ਮਗਰਲੇ ਤਿੰਨ੍ਹਾਂ ਦਾ ਸਾਰਾ ਜ਼ੋਰ ਪਹਿਲੇ ਯਾਨਿ ਕਿ ਬੱਚੇ ਨੂੰ ਚੰਗਾ ਬਣਾਉਣ 'ਤੇ ਲੱਗਾ ਹੁੰਦਾ। ਤੇ ਬੱਚੇ ਦਾ ਖ਼ੁਦ ਦਾ ਵੀ ਓਨਾ ਹੀ ਯੋਗਦਾਨ ਹੁੰਦੈ। ਚਾਰਾਂ ਵਿੱਚੋਂ ਕਿਸੇ ਇੱਕ ਵੱਲੋਂ ਵੀ ਕੋਤਾਹੀ ਗੱਡੀ ਨੂੰ ਲੀਹੋਂ ਲਾਹ ਸਕਦੀ ਹੈ, ਹਾਂ ਕੁਝ ਪੰਜਵੇਂ ਪਹੀਏ ਵੀ ਹੁੰਦੇ ਨੇ ਜਿਹਨਾਂ ਦਾ ਵਿੱਦਿਅਕ ਅਦਾਰਿਆਂ ਦੇ ਜ਼ਰੀਏ ਚਾਰੇ ਥੰਮਾਂ ਦੇ ਨਾਲ ਸਿੱਧਾ ਜਾਂ ਅਸਿੱਧਾ ਸਬੰਧ ਹੁੰਦਾ। ਉਹਨਾਂ ਦਾ ਚਿੰਤਨਸ਼ੀਲ ਹੋਣਾ ਜਾਂ ਨਾ ਹੋਣਾ ਉਹਨਾਂ ਦੇ ਸੁਭਾਅ 'ਤੇ ਨਿਰਭਰ ਕਰਦਾ। ਪਰ ਜਿੰਮੇਦਾਰੀ ਉਹਨਾਂ ਸਿਰ ਵੀ ਹੁੰਦੀ ਹੈ ਕਿਉਂਕਿ ਵਾਤਾਵਰਨ ਵਿੱਚ ਉਹਨਾਂ ਦਾ ਵੀ ਹਿੱਸਾ ਹੁੰਦੈ।

ਜ਼ਿੰਦਗੀ ਦੀ ਤੇਜ਼ ਰਫ਼ਤਾਰੀ ਨੇ ਬੱਚਿਆਂ ਪ੍ਰਤੀ ਮਾਪਿਆਂ ਦੇ ਲਗਾਅ ਵਿੱਚ ਵੀ ਘਾਟਾ ਪੈਦਾ ਕੀਤਾ ਹੈ। ਤੇ ਇਸੇ ਦਾ ਨਤੀਜਾ ਹੈ ਕਿ ਬੱਚਿਆਂ ਵਿੱਚ ਸੰਸਕਾਰਾਂ ਦੀ ਘਾਟ ਹੈ। ਦੁਨੀਆ ਦੀ ਕੋਈ ਵੀ ਵਿੱਦਿਅਕ ਸੰਸਥਾ ਸੰਸਕਾਰ ਨਹੀਂ ਪੜ੍ਹਾਉਂਦੀ, ਇਹ ਸਾਨੂੰ ਘਰੋਂ ਹੀ ਮਿਲਦੇ ਨੇ। ਖ਼ੈਰ ਮਸਲੇ 'ਤੇ ਆਉਂਦੇ ਹਾਂ, ਬੱਚਿਆਂ ਦੇ ਕੋਮਲ ਮਨਾਂ ਅੰਦਰ ਗ਼ੈਰ-ਸੰਵਿਧਾਨਕ, ਗ਼ੈਰ-ਸਮਾਜਿਕ ਤੇ ਗ਼ੈਰ-ਜ਼ਿੰਮੇਦਾਰਾਨਾ ਗੱਲਾਂ ਦਾ ਜਨਮ ਲੈਣਾ ਸਾਡੇ ਭਵਿੱਖ ਲਈ ਖ਼ਤਰਨਾਕ ਹੈ। ਅਸੀਂ ਜਿਸ ਵਾਤਾਵਰਨ ਵਿੱਚ ਜਿਉਂਦੇ ਹਾਂ ਕੀ ਉਹ ਸਾਡੇ ਭਵਿੱਖ ਦੇ ਸਮਾਜਿਕ ਜੀਵਨ ਲਈ ਲਾਹੇਵੰਦ ਹੈ? ਅਸੀਂ ਖ਼ੁਦ ਵਿੱਚੋਂ ਤੇ ਬੱਚਿਆਂ ਵਿੱਚੋਂ ਚੰਗੇ ਮਾੜੇ ਦਾ ਨਿਤਾਰਾ ਕਰਨ ਦਾ ਗੁਣ ਗੁਆ ਤਾਂ ਨਹੀਂ ਰਹੇ? ਅਸੀਂ ਕਾਹਲ ਵਿੱਚ ਫਸ ਕੇ ਆਪਣੇ ਬੱਚਿਆਂ ਅੰਦਰੋਂ ਕੁਦਰਤੀ ਵਰਤਾਰਾ ਮਿਟਾ ਕੇ ਉਹਨਾਂ ਨੂੰ ਮਸ਼ੀਨਾਂ ਤਾਂ ਨਹੀਂ ਬਣਾ ਰਹੇ?

ਏਦਾਂ ਦੇ ਹਜ਼ਾਰਾਂ ਸਵਾਲ ਲੈ ਕੇ ਮੇਰੇ ਵਰਗੇ ਬਹੁਤ ਸਾਰੇ ਮੂਰਖ਼ ਚੰਗੇ ਸਮਾਜ ਨੂੰ ਸਿਰਜਣ ਦੀ ਦੁਹਾਈ ਦਿੰਦੇ ਨਜ਼ਰ ਆਉਣਗੇ, ਤੁਸੀਂ ਵੀ ਆਪਣੇ ਅੰਦਰ ਇਹਨਾਂ ਸਵਾਲਾਂ ਦੇ ਪੁੰਗਰਣ ਲਈ ਜ਼ਮੀਨ ਤਿਆਰ ਕਰੋ। ਜਾਂ ਫਿਰ ਅੰਡਰ-ਐਸਟੀਮੇਟ ਕਰੋ। ਮਨੁੱਖ ਦਾ ਜਨਮ, ਵਿਕਾਸ ਤੇ ਵਿਨਾਸ਼ ਕੁਦਰਤੀ ਵਰਤਾਰਾ ਹੈ ਪਰ ਸਮਾਜਿਕ ਸਰੋਕਾਰਾਂ ਦਾ ਜਨਮ, ਵਿਕਾਸ ਤੇ ਵਿਨਾਸ਼ ਮਨੁੱਖ ਦੇ ਹੱਥਾਂ ਵਿੱਚ ਹੈ। ਪ੍ਰਾਪਤੀ ਜੀਵਨ ਨੂੰ ਸੌਖਾ ਕਰ ਸਕਦੀ ਹੈ ਸੁੰਦਰ ਨਹੀਂ, ਇਹ ਵਰਤਾਰਾ ਸਮਾਜਿਕ ਸਰੋਕਾਰਾਂ 'ਤੇ ਵੀ ਲਾਗੂ ਹੁੰਦਾ ਹੈ। ਹੁਣ ਸਵਾਲ ਇਹ ਵੀ ਪੈਦਾ ਹੁੰਦਾ ਕਿ ਹਰ ਕੋਈ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਅ ਰਿਹਾ ਜਾਂ ਨਹੀਂ। ਸਮਾਗਮ ਵਿੱਚ ਮਾਪਿਆਂ ਨੂੰ ਬੱਚਿਆਂ ਦਾ ਪ੍ਰੋਗਰਾਮ ਵੇਖਣ ਲਈ ਬੁਲਾਇਆ ਜਾਂਦਾ ਪਰ ਉਹ ਆਪੋ-ਆਪਣਾ ਮੋਬਾਈਲ ਚੁੱਕੀ ਰਿਕਾਡਿੰਗ ਵਿੱਚ ਵਿਅਸਤ ਹੁੰਦੇ, ਭਲਿਉ ਲੋਕੋ ਮੈਨੇਜਮੈਂਟ ਨੇ ਫ਼ੋਟੋਗਰਾਫ਼ਰ ਤੇ ਵੀਡਿਉ ਮੇਕਰ ਬੁਲਾਏ ਹੁੰਦੇ ਨੇ। ਇਹ ਉਹਨਾਂ ਦੀ ਜ਼ਿੰਮੇਵਾਰੀ ਹੈ। ਤੁਸੀਂ ਵੇਖਣ ਆਏ ਹੋ, ਭੱਦਰ-ਪੁਰਖਾਂ ਵਾਂਗੂੰ ਵੇਖੋ। ਏਹੋ ਤੁਹਾਡੀ ਜ਼ਿੰਮੇਵਾਰੀ ਹੈ। ਜਾਂ ਫ਼ਿਰ ਤੁਸੀਂ ਮੋਬਾਈਲ ਦੇ ਬੰਦੀ ਹੋ। ਛੇ ਇੰਚ ਦੀ ਸਕਰੀਨ ਦੇ ਕੈਦੀ। ਖ਼ੁਦ ਨੂੰ ਆਜ਼ਾਦ ਕਰੋ ਤਾਂ ਹੀ ਆਉਣ ਵਾਲੀ ਪੀੜ੍ਹੀ ਨੂੰ ਵੀ ਦੱਸ ਸਕੋਗੇ।

# ਜਿਸ ਦਿਨ ਪਿੰਡ ਨੇ ਆਪਣਾ ਨਾਮ ਭੁਲਾ ਦਿੱਤਾ



- ਡਾ. ਅਮਰਜੀਤ ਟਾਂਡਾ

ਹਰ ਸਾਲ ਸਾਵਣ ਦੀ ਪਹਿਲੀ ਪੂਰਨਮਾਸ਼ੀ ਨੂੰ ਪਿੰਡ ਦੇ ਚੌਕ ਵਿੱਚ ਇੱਕ ਘੜਾ ਰੱਖਿਆ ਜਾਂਦਾ ਸੀ। ਲੋਕ ਉਸਨੂੰ "ਪਿੰਡ ਦੀ ਰੀਤ" ਕਹਿੰਦੇ ਸਨ।

ਬਜ਼ੁਰਗ ਕਹਿੰਦੇ ਸਨ, "ਸਾਡੇ ਵੱਡਿਆਂ ਦੇ ਸਮੇਂ ਤੋਂ ਚੱਲੀ ਆ ਰਹੀ ਹੈ।" ਕਿਸੇ ਨੂੰ ਇਹ ਨਹੀਂ ਪਤਾ ਸੀ ਕਿ ਇਹ ਰੀਤ ਕਿਉਂ ਸ਼ੁਰੂ ਹੋਈ ਸੀ। ਪਰ ਪਿੰਡ ਵਿੱਚ ਕੁਝ ਸਵਾਲ ਅਜਿਹੇ ਸਨ ਜਿਨ੍ਹਾਂ ਨੂੰ ਪੁੱਛਣਾ ਬੇਅਦਬੀ ਸਮਝਿਆ ਜਾਂਦਾ ਸੀ।

ਉਸ ਦਿਨ ਹਰ ਘਰ ਵਿੱਚੋਂ ਇੱਕ ਪਰਿਵਾਰ ਦਾ ਨਾਮ ਕਾਗਜ਼ ਉੱਤੇ ਲਿਖ ਕੇ ਘੜੇ ਵਿੱਚ ਪਾਇਆ ਜਾਂਦਾ। ਸ਼ਾਮ ਨੂੰ ਸਾਰਾ ਪਿੰਡ ਇਕੱਠਾ ਹੁੰਦਾ। ਸਰਪੰਚ ਘੜੇ ਵਿੱਚੋਂ ਇੱਕ ਪਰਚੀ ਕੱਢਦਾ ਅਤੇ ਜਿਸ ਘਰ ਦਾ ਨਾਮ ਆਉਂਦਾ, ਉਸ ਘਰ ਨੂੰ ਅਗਲੇ ਸਾਲ ਤੱਕ ਪਿੰਡ ਦੇ ਹਰ ਵੱਡੇ ਫ਼ੈਸਲੇ ਤੋਂ ਬਾਹਰ ਰੱਖਿਆ ਜਾਂਦਾ। ਨਾ ਕੋਈ ਉਨ੍ਹਾਂ ਦੇ ਘਰ ਜਾਂਦਾ, ਨਾ ਉਨ੍ਹਾਂ ਨਾਲ ਵਪਾਰ ਕਰਦਾ, ਨਾ ਵਿਆਹ-ਸ਼ਾਦੀ ਵਿੱਚ ਬੁਲਾਉਂਦਾ।

ਇਸਨੂੰ ਸਜ਼ਾ ਨਹੀਂ ਕਿਹਾ ਜਾਂਦਾ ਸੀ। ਇਸਨੂੰ ਕਿਹਾ ਜਾਂਦਾ ਸੀ— "ਪਿੰਡ ਦੀ ਸਫ਼ਾਈ।

ਇਸ ਵਾਰ ਪਰਚੀ ਨਿਕਲੀ—ਮਾਸਟਰ ਅਰਜਨ ਸਿੰਘ ਦੇ ਘਰ ਦੀ।

ਚੌਕ ਵਿੱਚ ਇੱਕ ਪਲ ਲਈ ਚੁੱਪ ਛਾ ਗਈ। ਮਾਸਟਰ ਅਰਜਨ ਪਿੰਡ ਦੇ ਬੱਚਿਆਂ ਨੂੰ ਪੜ੍ਹਾਉਂਦਾ ਸੀ। ਉਸਨੇ ਸਾਰੀ ਉਮਰ ਉਨ੍ਹਾਂ ਨੂੰ ਪਹਿਲਾ ਅੱਖਰ ਇਹ ਸਿਖਾਇਆ ਸੀ ਕਿ "ਸੱਚ ਬੋਲੋ।

ਉਸਦਾ ਪੁੱਤਰ ਮਨਦੀਪ ਸ਼ਹਿਰ ਵਿੱਚ ਪੜ੍ਹਦਾ ਸੀ। ਘਰ ਵਿੱਚ ਬੁੱਢੀ ਮਾਂ ਅਤੇ ਉਸਦੀ ਧੀ ਨੂਰ ਰਹਿੰਦੇ ਸਨ।

ਨੂਰ ਨੇ ਭੀੜ ਵੱਲ ਵੇਖਿਆ। "ਪਰ ਸਾਡਾ ਕਸੂਰ ਕੀ ਹੈ?"

ਕਿਸੇ ਨੇ ਜਵਾਬ ਨਾ ਦਿੱਤਾ।

ਸਰਪੰਚ ਨੇ ਸਿਰਫ਼ ਇੰਨਾ ਕਿਹਾ, "ਰੀਤ ਵਿੱਚ ਕਸੂਰ ਨਹੀਂ ਪੁੱਛਿਆ ਜਾਂਦਾ।"

ਮਾਸਟਰ ਅਰਜਨ ਨੇ ਪਹਿਲੀ ਵਾਰ ਘੜੇ ਵੱਲ ਧਿਆਨ ਨਾਲ ਵੇਖਿਆ। ਫਿਰ ਹੌਲੀ ਜਿਹੀ ਆਵਾਜ਼ ਵਿੱਚ ਪੁੱਛਿਆ, "ਜੇ ਕੱਲ੍ਹ ਤੁਹਾਡੇ ਘਰ ਦਾ ਨਾਮ ਨਿਕਲ ਆਇਆ ਤਾਂ?"

ਭੀੜ ਵਿੱਚੋਂ ਕਿਸੇ ਨੇ ਕਿਹਾ, "ਫਿਰ ਅਸੀਂ ਵੀ ਰੀਤ ਮੰਨਾਂਗੇ।"

ਮਾਸਟਰ ਮੁਸਕਰਾ ਪਿਆ।

"ਤਾਂ ਫਿਰ ਇਹ ਰੀਤ ਨਹੀਂ," ਉਸਨੇ ਕਿਹਾ, "ਇਹ ਡਰ ਹੈ।

ਉਸ ਦਿਨ ਤੋਂ ਮਾਸਟਰ ਦੇ ਘਰ ਦੇ ਬਾਹਰ ਚੁੱਪ ਵੱਸ ਗਈ। ਦੁੱਧ ਵਾਲਾ ਦੁੱਧ ਨਾ ਲਿਆਇਆ। ਦੁਕਾਨਦਾਰ ਨੇ ਰਾਸ਼ਨ ਦੇਣ ਤੋਂ ਇਨਕਾਰ ਕਰ ਦਿੱਤਾ। ਸਕੂਲ ਵਿੱਚ ਬੱਚਿਆਂ ਨੂੰ ਕਿਹਾ ਗਿਆ ਕਿ ਮਾਸਟਰ ਦੇ ਘਰ ਨਾ ਜਾਣ। ਇੱਥੋਂ ਤੱਕ ਕਿ ਨੂਰ ਦੀ ਸਹੇਲੀ ਨੇ ਵੀ ਉਸ ਨਾਲ ਗੱਲ ਕਰਨੀ ਬੰਦ ਕਰ ਦਿੱਤੀ।

ਪਰ ਸਭ ਤੋਂ ਅਜੀਬ ਗੱਲ ਇਹ ਸੀ ਕਿ ਜਿਹੜੇ ਲੋਕ ਅੰਦਰੋਂ ਇਸ ਰੀਤ ਨੂੰ ਗਲਤ ਸਮਝਦੇ ਸਨ, ਉਹ ਵੀ ਚੁੱਪ ਸਨ।

ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਅਗਲੀ ਪਰਚੀ ਉਨ੍ਹਾਂ ਦੇ ਨਾਮ ਦੀ ਹੋ ਸਕਦੀ ਹੈ।

ਇੱਕ ਰਾਤ ਨੂਰ ਨੇ ਆਪਣੇ ਪਿਤਾ ਨੂੰ ਪੁੱਛਿਆ, "ਬਾਪੂ, ਤੁਸੀਂ ਸਾਰੇ ਪਿੰਡ ਨੂੰ ਸੱਚ ਕਿਉਂ ਨਹੀਂ ਦੱਸਦੇ ਕਿ ਇਹ ਗਲਤ ਹੈ?"

ਮਾਸਟਰ ਨੇ ਦੀਵਾ ਬੁਝਾਉਂਦਿਆਂ ਕਿਹਾ, "ਧੀਏ, ਜਦੋਂ ਸੌ ਲੋਕ ਗਲਤ ਗੱਲ ਨੂੰ ਇਕੱਠੇ ਮੰਨ ਲੈਣ ਤਾਂ ਸੱਚ ਬੋਲਣ ਵਾਲਾ ਪਹਿਲਾਂ ਝੂਠਾ ਬਣਦਾ ਹੈ, ਫਿਰ ਦੁਸ਼ਮਣ।

ਅਗਲੇ ਸਾਲ ਫਿਰ ਘੜਾ ਰੱਖਿਆ ਗਿਆ।

ਇਸ ਵਾਰ ਪਰਚੀ ਨਿਕਲੀ—ਸਰਪੰਚ ਦੇ ਘਰ ਦੀ।

ਭੀੜ ਵਿੱਚ ਹਲਚਲ ਹੋਈ। ਸਰਪੰਚ ਦਾ ਚਿਹਰਾ ਪੀਲਾ ਪੈ ਗਿਆ। ਉਸਨੇ ਘੜੇ ਵੱਲ ਵੇਖਿਆ, ਫਿਰ ਲੋਕਾਂ ਵੱਲ।

"ਇਹ ਗਲਤੀ ਹੈ," ਉਸਨੇ ਕਿਹਾ।

ਭੀੜ ਚੁੱਪ ਰਹੀ।

ਮਾਸਟਰ ਅਰਜਨ ਅੱਗੇ ਆਇਆ।

"ਗਲਤੀ ਕਿਵੇਂ?" ਉਸਨੇ ਪੁੱਛਿਆ। "ਪਿਛਲੇ ਸਾਲ ਜਦੋਂ ਸਾਡਾ ਨਾਮ ਨਿਕਲਿਆ ਸੀ, ਤੁਸੀਂ ਕਿਹਾ ਸੀ—ਗੀਤ ਵਿੱਚ ਗਲਤੀ ਨਹੀਂ ਹੁੰਦੀ।"

ਸਰਪੰਚ ਨੇ ਨਜ਼ਰ ਝੁਕਾ ਲਈ।

ਕੁਝ ਲੋਕਾਂ ਨੇ ਹੌਲੀ ਆਵਾਜ਼ ਵਿੱਚ ਕਿਹਾ, "ਗੀਤ ਤਾਂ ਗੀਤ ਹੈ।"

ਮਾਸਟਰ ਨੇ ਘੜਾ ਚੁੱਕ ਕੇ ਜ਼ਮੀਨ ਉੱਤੇ ਸੁੱਟ ਦਿੱਤਾ।

ਪਰਚੀਆਂ ਹਵਾ ਵਿੱਚ ਉੱਡ ਗਈਆਂ।

"ਅੱਜ ਇੱਕ ਗੱਲ ਤੈਅ ਕਰ ਲਓ," ਉਸਨੇ ਕਿਹਾ, "ਅਸੀਂ ਗੀਤ ਨੂੰ ਬਚਾਉਣਾ ਹੈ ਜਾਂ ਮਨੁੱਖ ਨੂੰ?"

ਕੋਈ ਨਹੀਂ ਬੋਲਿਆ।

ਉਸਨੇ ਆਪਣੀ ਜੇਬ ਵਿੱਚੋਂ ਇੱਕ ਪੁਰਾਣੀ ਪਰਚੀ ਕੱਢੀ।

"ਇਹ ਉਹ ਪਰਚੀ ਹੈ ਜੋ ਮੇਰੇ ਪਿਤਾ ਨੇ ਮੈਨੂੰ ਮਰਨ ਤੋਂ ਪਹਿਲਾਂ ਦਿੱਤੀ ਸੀ। ਉਹ ਕਹਿੰਦੇ ਸਨ ਕਿ ਪਿੰਡ ਦੀ ਇਹ ਰਸਮ ਇੱਕ ਵਾਰ ਸਜ਼ਾ ਦੇਣ ਲਈ ਨਹੀਂ, ਕਿਸੇ ਨੂੰ ਬਚਾਉਣ ਲਈ ਸ਼ੁਰੂ ਹੋਈ ਸੀ।

ਲੋਕ ਹੈਰਾਨ ਹੋ ਕੇ ਉਸ ਵੱਲ ਵੇਖਣ ਲੱਗੇ।

ਮਾਸਟਰ ਨੇ ਪਰਚੀ ਖੋਲ੍ਹੀ।

ਉਸ ਉੱਤੇ ਸਿਰਫ਼ ਇੱਕ ਨਾਮ ਲਿਖਿਆ ਸੀ—

"ਮਨੁੱਖ।"

"ਮੇਰੇ ਪਿਤਾ ਨੇ ਕਿਹਾ ਸੀ," ਮਾਸਟਰ ਬੋਲਿਆ, "ਜਿਸ ਦਿਨ ਤੁਸੀਂ ਪਰਚੀ ਵਿੱਚ ਮਨੁੱਖ ਦੀ ਥਾਂ ਘਰ, ਜਾਤ, ਪਰਿਵਾਰ ਜਾਂ ਨਾਮ ਪਾਉਣਾ ਸ਼ੁਰੂ ਕਰ ਦਿਓਗੇ, ਉਸ ਦਿਨ ਇਹ ਰਸਮ ਮਨੁੱਖ ਨੂੰ ਬਚਾਉਣ ਦੀ ਬਜਾਏ ਮਨੁੱਖ ਨੂੰ ਮਾਰਨ ਲੱਗ ਪਵੇਗੀ।

ਚੌਕ ਵਿੱਚ ਪੂਰੀ ਚੁੱਪ ਸੀ।

ਸਰਪੰਚ ਦੀਆਂ ਅੱਖਾਂ ਭਰ ਆਈਆਂ।

ਉਸਨੇ ਘੜੇ ਦੇ ਟੁਕੜੇ ਚੁੱਕਣੇ ਸ਼ੁਰੂ ਕਰ ਦਿੱਤੇ।

ਪਰ ਭੀੜ ਵਿੱਚੋਂ ਇੱਕ ਬੁੱਢੀ ਆਵਾਜ਼ ਆਈ—

"ਘੜਾ ਟੁੱਟ ਗਿਆ ਤਾਂ ਕੀ ਹੋਇਆ ? ਅਗਲੇ ਸਾਲ ਫਿਰ ਬਣਾ ਲਵਾਂਗੇ।

ਮਾਸਟਰ ਨੇ ਉਸ ਬੁੱਢੇ ਵੱਲ ਵੇਖਿਆ।

"ਘੜਾ ਬਣਾਉਣਾ ਔਖਾ ਨਹੀਂ,"ਉਹ ਬੋਲਿਆ, "ਮੁਸ਼ਕਲ ਇਹ ਹੈ ਕਿ ਮਨੁੱਖ ਆਪਣੇ ਅੰਦਰੋਂ ਭੀੜ ਨੂੰ ਕੱਢੇ।"

ਕਿਸੇ ਨੇ ਤਾਲੀ ਨਹੀਂ ਵਜਾਈ।

ਕੋਈ ਨਾਅਰਾ ਨਹੀਂ ਲੱਗਾ।

ਲੋਕ ਇੱਕ-ਇੱਕ ਕਰਕੇ ਆਪਣੇ ਘਰਾਂ ਨੂੰ ਤੁਰ ਗਏ।

ਅਗਲੇ ਸਾਲ ਸਾਵਣ ਦੀ ਪੂਰਨਮਾਸ਼ੀ ਆਈ।

ਚੌਂਕ ਵਿੱਚ ਨਾ ਘੜਾ ਸੀ, ਨਾ ਪਰਚੀਆਂ।

ਪਰ ਪਿੰਡ ਦੇ ਬਿਲਕੁਲ ਵਿਚਕਾਰ ਇੱਕ ਨਵਾਂ ਪੱਥਰ ਲੱਗਾ ਸੀ।

ਉਸ ਉੱਤੇ ਲਿਖਿਆ ਸੀ—

"ਇੱਥੇ ਕਦੇ ਇੱਕ ਗੀਤ ਹੁੰਦੀ ਸੀ।

ਫਿਰ ਇੱਕ ਦਿਨ ਲੋਕਾਂ ਨੇ ਪੁੱਛਿਆ—

ਜੇ ਸਾਰੇ ਗਲਤ ਹੋਣ ਤਾਂ?

ਮਾਸਟਰ ਅਰਜਨ ਉਸ ਪੱਥਰ ਕੋਲ ਖੜ੍ਹਾ ਸੀ।

ਨੂਰ ਨੇ ਪੁੱਛਿਆ, "ਬਾਪੂ, ਕੀ ਹੁਣ ਪਿੰਡ ਆਜ਼ਾਦ ਹੋ ਗਿਆ?

ਮਾਸਟਰ ਨੇ ਚੌਕ ਵਿੱਚੋਂ ਲੰਘਦੇ ਲੋਕਾਂ ਵੱਲ ਵੇਖਿਆ।

"ਨਹੀਂ ਧੀਏ," ਉਸਨੇ ਕਿਹਾ, "ਘੜਾ ਟੁੱਟ ਗਿਆ ਹੈ। ਹੁਣ ਵੇਖਣਾ ਇਹ ਹੈ ਕਿ ਲੋਕ ਉਸਨੂੰ ਆਪਣੇ ਅੰਦਰ ਤਾਂ ਨਹੀਂ ਚੁੱਕੀ ਫਿਰਦੇ।

ਉਸ ਦਿਨ ਤੋਂ ਪਿੰਡ ਵਿੱਚ ਕੋਈ ਪਰਚੀ ਨਹੀਂ ਨਿਕਲੀ।

ਪਰ ਇੱਕ ਸਾਲ ਬਾਅਦ ਮਾਸਟਰ ਅਰਜਨ ਦੀ ਕਿਤਾਬ ਵਿੱਚੋਂ ਇੱਕ ਪੁਰਾਣੀ ਪਰਚੀ ਮਿਲੀ।

ਉਸ ਉੱਤੇ ਕਿਸੇ ਨੇ ਕੰਬਦੇ ਹੱਥਾਂ ਨਾਲ ਲਿਖਿਆ ਸੀ—

"ਅਗਲੀ ਵਾਰੀ ਕਿਸੇ ਇੱਕ ਘਰ ਦਾ ਨਾਮ ਨਹੀਂ ਆਵੇਗਾ।

ਅਗਲੀ ਵਾਰੀ ਸਾਰਾ ਪਿੰਡ ਆਪਣੇ ਆਪ ਨੂੰ ਕਟਹਿਰੇ ਵਿੱਚ ਖੜ੍ਹਾ ਕਰੇਗਾ।

ਹੇਠਾਂ ਕਿਸੇ ਦੇ ਦਸਤਖ਼ਤ ਨਹੀਂ ਸਨ।

ਸਿਰਫ਼ ਇੱਕ ਸ਼ਬਦ ਸੀ—

"ਅਸੀਂ।

ਇੱਕ ਰਿਪੋਰਟ

# ਆਪਣੀ ਆਵਾਜ਼ ਵੱਲੋਂ ਡਾ. ਬਲਜੀਤ ਕੌਰ ਜੀ ਨੂੰ ਮਿਲਿਆ ਲਾਈਫ ਟਾਈਮ ਅਚੀਵਮੈਂਟ ਅਵਾਰਡ

ਆਪਣੀ ਆਵਾਜ਼ ਮਾਸਿਕ ਪੰਜਾਬੀ ਮੈਗਜ਼ੀਨ ਵੱਲੋਂ ਡਾ. ਬਲਜੀਤ ਕੌਰ (ਪੂਰਵ ਡੀਨ ਅਤੇ ਪ੍ਰੋਫੈਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ) ਜੀ ਨੂੰ ਸੰਤ ਹੀਰਾ ਦਾਸ ਕੰਨਿਆ ਮਹਾਂ ਵਿਦਿਆਲਿਆ ਕਾਲਾ ਸੰਘਿਆਂ ਵਿਖੇ ਜੀਵਨ ਭਰ ਦੀਆਂ ਪ੍ਰਾਪਤੀਆਂ ਬਦਲੇ ਪੁਰਸਕਾਰ ਦਿੱਤਾ ਗਿਆ। ਕਾਲਜ ਦੇ ਹਾਲ ਵਿੱਚ ਕਰਵਾਏ ਗਏ ਇਸ ਪ੍ਰਭਾਵਸ਼ਾਲੀ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਆਪਣੀ ਆਵਾਜ਼ ਦੇ ਮੁੱਖ ਸੰਪਾਦਕ ਸ. ਸੁਰਿੰਦਰ ਸਿੰਘ ਸੁੰਨੜ, ਕਾਲਜ ਦੇ ਪ੍ਰਧਾਨ ਇੰਜੀ. ਸੀਤਲ ਸਿੰਘ ਸੰਘਾ, ਡਾ. ਆਸਾ ਸਿੰਘ ਘੁੰਮਣ, ਪ੍ਰੋ. ਕੁਲਵੰਤ ਸਿੰਘ ਔਜਲਾ, ਪ੍ਰਿੰ. ਕੁਲਵਿੰਦਰ ਸਿੰਘ ਸਰਾਏ, ਆਪਣੀ ਆਵਾਜ਼ ਦੇ ਸੰਪਾਦਕ ਅਤੇ ਕਾਲਜ ਦੇ ਡਾਇਰੈਕਟਰ ਡਾ ਰਾਮ ਮੂਰਤੀ, ਡਾ. ਰਘਬੀਰ ਕੌਰ, ਪ੍ਰਿੰ.ਬਲਜਿੰਦਰ ਕੌਰ ਸਚਦੇਵਾ ਤੇ ਪ੍ਰਿੰ. ਰਜਿੰਦਰ ਕੌਰ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਤ ਸਨ। ਸਮਾਗਮ ਦਾ ਆਗਾਜ਼ ਕਾਲਜ ਸ਼ਬਦ ਦੇ ਗਾਇਨ ਨਾਲ ਹੋਇਆ। ਉਪਰੰਤ ਪ੍ਰਧਾਨਗੀ ਮੰਡਲ ਵੱਲੋਂ ਜੋਤੀ ਜਗਾ ਕੇ ਗਿਆਨ ਦੀ ਰੋਸ਼ਨੀ ਨੂੰ ਚਿਹਨਤ ਕੀਤਾ ਗਿਆ। ਸੰਤ ਹੀਰਾ ਦਾਸ ਕੰਨਿਆ ਮਹਾ ਵਿਦਿਆਲਿਆ ਅਤੇ ਸੰਤ ਹੀਰਾ ਦਾਸ ਕਾਲਜੀਏ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਬਲਜਿੰਦਰ ਕੌਰ ਸੱਚਦੇਵਾ ਅਤੇ ਸ੍ਰੀਮਤੀ ਰਜਿੰਦਰ ਕੌਰ ਵੱਲੋਂ ਡਾ. ਬਲਜੀਤ ਕੌਰ ਜੀ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਉਹਨਾਂ ਦਾ ਸਵਾਗਤ ਕੀਤਾ ਗਿਆ। ਇਸੇ ਤਰ੍ਹਾਂ ਡਾ. ਰਾਮ ਮੂਰਤੀ ਤੇ ਇੰਜੀ. ਸੀਤਲ ਸਿੰਘ ਸੰਘਾ ਨੇ ਸ. ਸੁਰਿੰਦਰ ਸਿੰਘ ਸੁੰਨੜ ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਉਹਨਾਂ ਨੂੰ ਜੀ ਆਇਆ ਆਖਿਆ। ਸਭ ਤੋਂ ਪਹਿਲਾਂ ਇੰਜੀ.ਸੀਤਲ ਸਿੰਘ ਸੰਘਾ ਨੇ ਸਭ ਨੂੰ ਰਸਮੀ ਜੀ ਆਇਆ ਆਖਿਆ। ਡਾ. ਰਾਮ ਮੂਰਤੀ ਨੇ ਡਾ. ਬਲਜੀਤ ਕੌਰ ਜੀ ਦੀ ਸ਼ਖਸ਼ੀਅਤ ਸਬੰਧੀ ਸੰਖੇਪ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਪ ਜੀ ਬਹੁਤ ਹੀ ਨਿਮਰ ਸੁਭਾਅ ਦੇ ਮਾਲਕ ਤੇ ਮਿੱਠ ਬੋਲੜੇ ਹਨ ਅਤੇ ਵਿਦਵਤਾ ਦੇ ਖੇਤਰ ਤੇ ਪੰਜਾਬੀ ਖੋਜ ਦੇ ਖੇਤਰ ਦੀ ਉੱਗੀ ਹਸਤੀ ਹਨ। ਆਪ ਨੇ ਹਜ਼ਾਰਾਂ ਬੱਚਿਆਂ ਨੂੰ ਵਿਦਿਆ ਦਾ ਦਾਨ ਦੇ ਕੇ ਜਿੰਦਗੀ ਜਿਉਣ ਜੋਗੇ ਬਣਾਇਆ। ਉਹਨਾਂ ਤੋਂ ਬਾਅਦ ਪ੍ਰਸਿੱਧ ਸਿੱਖਿਆ ਸ਼ਾਸਤਰੀ ਡਾ. ਆਸਾ ਸਿੰਘ ਘੁੰਮਣ ਨੇ ਵੀ ਡਾ. ਬਲਜੀਤ ਕੌਰ ਜੀ ਦੇ ਦੀ ਸ਼ਖਸ਼ੀਅਤ ਅਤੇ ਅਦਬੀ ਗੁਣਾਂ ਬਾਰੇ ਵਿਦਿਅਕ ਅਤੇ ਸਾਹਿਤਕ ਪ੍ਰਾਪਤੀਆਂ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ। ਉਹਨਾਂ ਆਪਣੀ ਆਵਾਜ਼ ਦੀ ਟੀਮ ਦੇ ਮੁਖੀ ਸ. ਸੁਰਿੰਦਰ ਸਿੰਘ ਸੁੰਨੜ ਹੁਣਾਂ ਨੂੰ ਇਸ ਗੱਲ ਦੀ ਵਧਾਈ ਦਿੱਤੀ ਕਿ ਉਹਨਾਂ ਨੇ ਡਾ. ਬਲਜੀਤ ਕੌਰ ਜੀ ਦੀ ਇਸ ਸਨਮਾਨ ਲਈ ਚੋਣ ਕਰਕੇ ਬੜਾ ਸਹੀ ਫੈਸਲਾ ਲਿਆ ਹੈ। ਕੇਂਦਰੀ ਯੂਨੀਵਰਸਿਟੀ ਬਠਿੰਡਾ ਤੋਂ ਆਏ ਐਸੋਸੀਏਟ ਪ੍ਰੋਫੈਸਰ ਡਾ. ਸਰਬਜੀਤ ਸਿੰਘ ਨੇ ਵੀ ਮੈਡਮ ਜੀ ਦੇ ਸਖਸ਼ੀ ਗੁਣਾਂ ਬਾਰੇ ਚਾਨਣਾ ਪਾਉਂਦੇ ਆ ਦੱਸਿਆ ਕਿ ਉਹਨਾਂ ਜਿੱਥੇ ਡਾ. ਬਲਜੀਤ ਕੌਰ ਜੀ ਨੂੰ ਇੱਕ ਆਦਰਸ਼ ਅਧਿਆਪਕ ਵਜੋਂ ਦੇਖਿਆ ਉੱਥੇ ਉਹਨਾਂ ਵੱਲੋਂ ਮਿਲਿਆ ਮਾਂ ਵਰਗਾ ਪਿਆਰ ਵੀ ਉਹ ਕਦੇ ਨਹੀਂ ਭੁੱਲ ਸਕਦੇ। ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਜਲੰਧਰ ਦੀ ਪ੍ਰਿੰ. ਡਾ. ਨਵਜੋਤ ਕੌਰ ਜੀ ਨੇ ਡਾ. ਬਲਜੀਤ ਕੌਰ ਜੀ ਨਾਲ ਬਿਤਾਏ ਭਾਵੁਕ ਪਲਾਂ ਅਤੇ ਜ਼ਿੰਦਗੀ ਦੀ ਸਾਂਝ ਨੂੰ ਪੇਸ਼ ਕਰਦਿਆਂ ਮਾਹੌਲ ਨੂੰ ਭਾਵੁਕ ਬਣਾ ਦਿੱਤਾ। ਪ੍ਰੋ. ਕੁਲਵੰਤ ਸਿੰਘ ਔਜਲਾ ਨੇ ਡਾ. ਬਲਜੀਤ ਕੌਰ ਦੇ ਸਨਮਾਨ ਨੂੰ ਵਿਦਵਤਾ ਅਤੇ ਖੋਜ ਦਾ ਸਨਮਾਨ ਦੱਸਿਆ। ਪ੍ਰਿੰਸੀਪਲ ਕੁਲਵਿੰਦਰ ਸਿੰਘ ਸਰਾਏ ਹੁਣਾਂ ਨੇ ਸ. ਸੁਰਿੰਦਰ ਸਿੰਘ ਸੁੰਨੜ ਨੂੰ ਇਸ ਉਪਯੁਕਤ ਚੋਣ ਲਈ ਵਧਾਈ



ਦਿੱਤੀ ਅਤੇ ਅਜਿਹੀਆਂ ਸ਼ਖਸੀਅਤਾਂ ਨੂੰ ਸਨਮਾਨਿਤ ਕਰਨ ਦੀ ਪ੍ਰਥਾ ਨੂੰ ਜਾਰੀ ਰੱਖਣ ਦਾ ਮਸ਼ਵਰਾ ਵੀ ਦਿੱਤਾ। ਉਹਨਾਂ ਵੱਲੋਂ ਡਾ. ਬਲਜੀਤ ਕੌਰ ਜੀ ਨੂੰ ਪੰਜਾਬੀ ਸੱਥ ਵੱਲੋਂ ਛਾਪੀਆਂ ਕਿਤਾਬਾਂ ਦਾ ਸੈਟ ਭੇਂਟ ਕੀਤਾ ਗਿਆ ਅਤੇ ਸੱਥ ਵੱਲੋਂ ਕਾਲਜ ਦੀ ਲਾਇਬਰੇਰੀ ਲਈ ਪੁਸਤਕਾਂ ਵੀ ਦਿੱਤੀਆਂ ਗਈਆਂ। ਉਪਰੰਤ ਪ੍ਰਧਾਨਗੀ ਮੰਡਲ ਵੱਲੋਂ ਸਨਮਾਨ ਦੀ ਰਸਮ ਅਦਾ ਕੀਤੀ ਗਈ ਜਿਸ ਵਿੱਚ ਡਾ.ਰਾਮ ਮੂਰਤੀ ਨੇ ਡਾ ਬਲਜੀਤ ਕੌਰ ਬਾਰੇ ਲਿਖਿਆ ਸ਼ੋਭਾ ਪੱਤਰ ਹਾਜਰੀਨ ਨੂੰ ਪੜ੍ਹ ਕੇ ਸੁਣਾਇਆ। ਸਨਮਾਨ ਵਿੱਚ ਇੱਕ ਯਾਦਗਾਰੀ ਚਿੰਨ, ਇਕ ਲੱਖ ਰੁਪਿਆ ਸ. ਸੁਰਿੰਦਰ ਸਿੰਘ ਸੁੰਨੜ ਹੋਣਾਂ ਵੱਲੋਂ ਭੇਂਟ ਕੀਤਾ ਗਿਆ। ਕਾਲਜ ਪ੍ਰਿੰ. ਬਲਜਿੰਦਰ ਕੌਰ ਸਚਦੇਵਾ ਵੱਲੋਂ ਉਨ੍ਹਾਂ ਨੂੰ ਸ਼ਾਲ ਪਹਿਨਾਇਆ ਗਿਆ। ਉਹਨਾਂ ਦੇ ਸਨਮਾਨ ਤੋਂ ਬਾਅਦ ਸ ਸੁਰਿੰਦਰ ਸਿੰਘ ਸੁੰਨੜ ਹੋਰਾਂ ਨੂੰ ਕਾਲਜ ਵੱਲੋਂ ਇੱਕ ਯਾਦ ਚਿੰਨ ਅਤੇ ਇੱਕ ਲੋਈ ਦੇ ਕੇ ਸਨਮਾਨਿਤ ਕੀਤਾ ਗਿਆ। ਸਨਮਾਨ ਤੋਂ ਉਪਰੰਤ ਡਾ. ਬਲਜੀਤ ਕੌਰ ਜੀ ਨੇ ਆਪਣੀ ਆਵਾਜ਼ ਦੀ ਸਮੁੱਚੀ ਟੀਮ, ਸੁਰਿੰਦਰ ਸਿੰਘ ਸੁੰਨੜ ਅਤੇ ਡਾ. ਰਾਮ ਮੂਰਤੀ ਦਾ ਧੰਨਵਾਦ ਕੀਤਾ ਕਿ ਉਹਨਾਂ ਨੇ ਇਸ ਸਨਮਾਨ ਲਈ ਉਹਨਾਂ ਦੀ ਚੋਣ ਕੀਤੀ। ਉਹਨਾਂ ਦੱਸਿਆ ਕਿ ਇਸ ਸਨਮਾਨ ਦੀ ਉਹਨਾਂ ਨੂੰ ਇਸ ਕਰਕੇ ਵਧੇਰੇ ਖੁਸ਼ੀ ਹੈ ਕਿ ਆਪਣੀ ਆਵਾਜ਼ ਦੀ ਟੀਮ ਨੇ ਉਹਨਾਂ ਦੀ ਚੋਣ ਮੈਰਿਟ ਦੇ ਅਧਾਰ ਤੇ ਕੀਤੀ। ਸਨਮਾਨ ਲੈਣ ਲਈ ਉਹਨਾਂ ਨੇ ਕਦੇ ਬਾਹਾਂ ਖੜੀਆਂ ਨਹੀਂ ਕੀਤੀਆਂ। ਉਹਨਾਂ ਕਿਹਾ ਕਿ ਜਿਸ ਢੰਗ ਅਤੇ ਜਿਸ ਪਹੁੰਚ ਨਾਲ ਉਹਨਾਂ ਦੀ ਚੋਣ ਹੋਈ ਉਹਨਾਂ ਨੂੰ ਇਸ ਦਾ ਡਾਢਾ ਮਾਣ ਹੈ। ਉਹਨਾਂ ਨੇ ਹਾਜ਼ਰ ਵਿਦਿਆਰਥੀਆਂ ਨੂੰ ਸੋਸ਼ਲ ਮੀਡੀਏ ਦੇ ਪ੍ਰਕੋਪ ਤੋਂ ਬਚ ਕੇ ਕਿਤਾਬਾਂ ਪੜ੍ਹਨ ਦੀ ਪ੍ਰੇਰਣਾ ਦਿੱਤੀ। ਕਿਤਾਬਾਂ ਸਬੰਧੀ ਉਹਨਾਂ ਨੇ ਆਪਣੀ ਇੱਕ ਖ਼ੂਬਸੂਰਤ ਨਜ਼ਮ ਵੀ ਪੜ੍ਹ ਕੇ ਸੁਣਾਈ ਜੋ ਸਰੋਤਿਆਂ ਨੂੰ ਬਹੁਤ ਪਸੰਦ ਆਈ। ਉਹਨਾਂ ਤੋਂ ਬਾਅਦ ਸ. ਸੁਰਿੰਦਰ ਸਿੰਘ ਸੁੰਨੜ ਹੋਣਾਂ ਨੇ ਬੋਲਦਿਆਂ ਆਖਿਆ ਕਿ ਇਹ ਸਮਾਗਮ ਕਰਨ ਲਈ ਕਾਲਾ ਸੰਘਿਆਂ ਦੇ ਇਸ ਕਾਲਜ ਦੀ ਚੋਣ ਉਹਨਾਂ ਨੇ ਇਸ ਕਰਕੇ ਕੀਤੀ ਕਿ ਇਹ ਉਹਨਾਂ ਦਾ ਪਿੰਡ ਹੈ ਤੇ ਪਿੰਡ ਵਿੱਚ ਹੀ ਬੰਦੇ ਦੇ ਪ੍ਰਾਣ ਵੱਸਦੇ ਹਨ। ਇਸ ਕਰਕੇ ਇੱਥੇ ਸਮਾਗਮ ਰਚਾ ਕੇ ਉਹਨਾਂ ਨੂੰ ਬਹੁਤ ਖੁਸ਼ੀ ਹੋਈ ਹੈ। ਉਹਨਾਂ ਨੇ ਡਾ. ਬਲਜੀਤ ਕੌਰ ਜੀ ਦਾ ਧੰਨਵਾਦ ਵੀ ਕੀਤਾ ਜਿਨਾਂ ਨੇ ਖਿੜੇ ਮੱਥੇ ਇਸ ਸਨਮਾਨ ਨੂੰ ਸਵੀਕਾਰ ਕੀਤਾ। ਉਪਰੰਤ ਡਾ. ਰਾਮ ਮੂਰਤੀ ਨੇ ਸ. ਸੁਰਿੰਦਰ ਸਿੰਘ ਸੁੰਨੜ ਦਾ ਇਸ ਕਰਕੇ ਧੰਨਵਾਦ ਵੀ ਕੀਤਾ ਕਿ ਉਹਨਾਂ ਨੇ ਕਾਲਜ ਦੀਆਂ ਬੱਚੀਆਂ ਅਤੇ ਸਟਾਫ ਵਾਸਤੇ ਠੰਡੇ ਪਾਣੀ ਦੀ ਵਿਵਸਥਾ ਕਰਨ ਲਈ ਇੱਕ ਅਵਲ ਦਰਜੇ ਦਾ ਵੱਡਾ ਵਾਟਰ ਕੂਲਰ ਖਰੀਦ ਕੇ ਦਾਨ ਵਿੱਚ ਦਿੱਤਾ। ਅਖੀਰ ਵਿੱਚ ਕਾਲਜ ਪ੍ਰਿੰ. ਬਲਜਿੰਦਰ ਕੌਰ ਸੱਚਦੇਵਾ ਜੀ ਨੇ ਸਭ ਦਾ ਧੰਨਵਾਦ ਕੀਤਾ ਅਤੇ ਉਹਨਾਂ ਨੇ ਸ. ਸੁਰਿੰਦਰ ਸਿੰਘ ਸੁੰਨੜ ਤੇ ਡਾ.ਬਲਜੀਤ ਕੌਰ ਜੀ ਨੂੰ ਅੱਗੇ ਤੋਂ ਵੀ ਕਾਲਜ ਨਾਲ ਜੁੜੇ ਰਹਿਣ ਦੀ ਅਪੀਲ ਕੀਤੀ। ਮੰਚ ਦਾ ਸੰਚਾਲਨ ਪੰਜਾਬੀ ਵਿਭਾਗ ਦੇ ਡਾ. ਕੁਲਵਿੰਦਰ ਕੌਰ ਅਤੇ ਡਾ. ਰਾਮ ਮੂਰਤੀ ਨੇ ਸਾਂਝੇ ਤੌਰ ਤੇ ਕੀਤਾ। ਇਸ ਸਮਾਗਮ ਵਿੱਚ ਕਾਲਜ ਪ੍ਰਬੰਧਕ ਕਮੇਟੀ ਦੇ ਸੈਕਟਰੀ ਸ੍ਰੀ ਸੰਜੀਵ ਕੁਮਾਰ ਹੈਪੀ, ਖਜ਼ਾਨਚੀ ਜਥੇਦਾਰ ਗੁਰਦੇਵ ਸਿੰਘ ਸੰਘਾ, ਸੰਤ ਹੀਰਾ ਦਾਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀ ਪ੍ਰਿੰਸੀਪਲ ਕਰੁਣਾ ਕਟੋਚ, ਵਾਈਸ ਪ੍ਰਿੰਸੀਪਲ ਸੁਖਜਿੰਦਰ ਸਿੰਘ, ਮਨੀਸ਼ ਤਾਲਿਬ, ਰਵੀ ਨਕਰਮਾ, ਜਗਦੀਪ ਸਿੰਘ ਪ੍ਰਿੰਸ, ਜਰਨੈਲ ਸਿੰਘ ਸਾਖੀ, ਅਜਮੇਰ ਸਿੰਘ ਢਪਈ, ਭਾਸ਼ਾ ਵਿਭਾਗ ਦੇ ਸਾਬਕਾ ਡਾਇਰੈਕਟਰ ਚੇਤਨ ਸਿੰਘ ਦੋਨਾਂ ਪੱਤਰਕਾਰ ਮੰਚ ਦੇ ਪ੍ਰਧਾਨ ਬਲਜੀਤ ਸਿੰਘ ਸੰਘਾ, ਸ਼੍ਰੋਮਣੀ ਬਾਲ ਲੇਖਕ ਮਾਸਟਰ ਆਤਮਾ ਸਿੰਘ ਚਿੱਟੀ, ਕਾਲਜ ਦੀ ਸਾਬਕਾ ਪ੍ਰਿੰਸੀਪਲ ਮੈਡਮ ਜਸਬੀਰ ਕੌਰ, ਅੰਮ੍ਰਿਤ ਸਿੰਘ ਸਰਾਏ ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਇਸ ਸਮਾਗਮ ਨੂੰ ਸਫਲ ਬਣਾਉਣ ਵਿੱਚ ਦੋਨਾਂ ਪੱਤਰਕਾਰ ਮੰਚ ਦੇ ਪ੍ਰਧਾਨ ਬਲਜੀਤ ਸਿੰਘ ਸੰਘਾ ਨੇ ਆਪਣੀ ਵਿਸ਼ੇਸ਼ ਭੂਮਿਕਾ ਨਿਭਾਈ। ਇਸ ਤਰਾਂ ਇਹ ਸਮਾਗਮ ਆਪਣੀਆਂ ਰਾਂਗਲੀਆਂ ਯਾਦਾਂ ਛੱਡਦਾ ਹੋਇਆ ਸਮਾਪਤ ਹੋਇਆ।

ਨੋਟ – ਸਮਾਗਮ ਨਾਲ ਸੰਬੰਧਿਤ ਤਸੀਵਰਾਂ ਪੰਨਾ 67 'ਤੇ ਦੇਖੀਆਂ ਜਾ ਸਕਦੀਆਂ ਹਨ।

**-ਰਿਪੋਰਟ ਡਾ. ਰਾਮ ਮੂਰਤੀ**

# ਯੂਨੀਵਰਸਲ ਪੀਸ ਫੈਡਰੇਸ਼ਨ ਵੱਲੋਂ ਡਾ. ਐੱਸ. ਪੀ. ਸਿੰਘ ਓਬਰਾਏ "ਅੰਬੈਸਡਰ ਫਾਰ ਪੀਸ" ਐਵਾਰਡ ਨਾਲ ਸਨਮਾਨਿਤ

ਬਲਵਿੰਦਰ ਬਾਲਮ
ਗੁਰਦਾਸਪੁਰ



ਮੈਰੀਲੈਂਡ : (ਬਲਵਿੰਦਰ ਬਾਲਮ) ਉਘੇ ਸਮਾਜਸੇਵੀ ਅਤੇ ਮਨੁੱਖਤਾ ਦੇ ਮਸੀਹਾ ਵਜੋਂ ਜਾਣੇ ਜਾਂਦੇ ਡਾ. ਐੱਸ.ਪੀ. ਸਿੰਘ ਓਬਰਾਏ ਨੂੰ ਯੂਨੀਵਰਸਲ ਪੀਸ ਫੈਡਰੇਸ਼ਨ (ਯੂਪੀਐੱਫ) ਵੱਲੋਂ ਵੱਕਾਰੀ "ਅੰਬੈਸਡਰ ਫਾਰ ਪੀਸ" ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਵਿਸ਼ੇਸ਼ ਸਮਾਗਮ ਵਿੱਚ ਮੈਰੀਲੈਂਡ ਅਤੇ ਵਾਸ਼ਿੰਗਟਨ ਡੀ.ਸੀ. ਖੇਤਰ ਦੀਆਂ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ।

ਇਹ ਐਵਾਰਡ ਯੂਨੀਵਰਸਲ ਪੀਸ ਫੈਡਰੇਸ਼ਨ ਯੂਐੱਸਏ ਦੀ ਵਾਈਸ ਪ੍ਰੈਜ਼ੀਡੈਂਟ ਟੋਮੀਕੋ ਦੁਗਾਨ ਵੱਲੋਂ ਡਾ. ਓਬਰਾਏ ਨੂੰ ਸਿੱਖਿਆ, ਸਿਹਤ ਸੇਵਾਵਾਂ, ਕੁਦਰਤੀ ਆਫ਼ਤਾਂ ਦੌਰਾਨ ਰਾਹਤ ਕਾਰਜਾਂ ਅਤੇ ਸਮਾਜ ਭਲਾਈ ਦੇ ਖੇਤਰ ਵਿੱਚ ਪਾਏ ਬੇਮਿਸਾਲ ਯੋਗਦਾਨ ਲਈ ਭੇਟ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਟੋਮੀਕੋ ਦੁਗਾਨ ਨੇ ਡਾ. ਓਬਰਾਏ ਨੂੰ "ਭਾਈਚਾਰੇ ਦਾ ਅਨਮੋਲ ਹੀਰਾ" ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਡਾ. ਓਬਰਾਏ ਦੀਆਂ ਨਿਰਸਵਾਰਥ ਸੇਵਾਵਾਂ ਨੇ ਅਣਗਿਣਤ ਲੋਕਾਂ ਦੀ ਜ਼ਿੰਦਗੀ ਵਿੱਚ ਆਸ ਦੀ ਕਿਰਨ ਜਗਾਈ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਯੂਨੀਵਰਸਲ ਪੀਸ ਫੈਡਰੇਸ਼ਨ ਨਾਲ ਉਨ੍ਹਾਂ ਦੀ ਸਾਂਝ ਸ਼ਾਂਤੀ, ਏਕਤਾ, ਆਪਸੀ ਸਤਿਕਾਰ ਅਤੇ ਮਨੁੱਖੀ ਭਲਾਈ ਦੇ ਵਿਸ਼ਵਵਿਆਪੀ ਮਿਸ਼ਨ ਨੂੰ ਹੋਰ ਮਜ਼ਬੂਤ ਕਰੇਗੀ।

ਡਾ. ਓਬਰਾਏ ਲੋੜਵੰਦ ਵਿਦਿਆਰਥੀਆਂ ਦੀ ਪੜ੍ਹਾਈ, ਗਰੀਬ ਪਰਿਵਾਰਾਂ ਲਈ ਸਿਹਤ ਸਹੂਲਤਾਂ, ਮੁਸੀਬਤ ਵਿੱਚ ਫਸੇ ਲੋਕਾਂ ਦੀ ਸਹਾਇਤਾ ਅਤੇ ਕੁਦਰਤੀ ਆਫ਼ਤਾਂ ਤੋਂ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕਾਰਜਾਂ ਲਈ ਦੁਨੀਆ ਭਰ ਵਿੱਚ ਸਤਿਕਾਰੇ ਜਾਂਦੇ ਹਨ। ਉਨ੍ਹਾਂ ਦੀਆਂ ਮਾਨਵਤਾਵਾਦੀ ਸੇਵਾਵਾਂ ਨੇ ਉਨ੍ਹਾਂ ਨੂੰ ਉਮੀਦ, ਹਮਦਰਦੀ ਅਤੇ ਨਿਰਸਵਾਰਥ ਸੇਵਾ ਦਾ ਪ੍ਰਤੀਕ ਬਣਾਇਆ ਹੈ।

ਸਮਾਗਮ ਦੌਰਾਨ ਡਾ. ਓਬਰਾਏ ਦਾ ਫੁੱਲਾਂ ਦੇ ਗੁਲਦਸਤਿਆਂ ਨਾਲ ਨਿੱਘਾ ਸਵਾਗਤ ਕਰੀਨਾ ਹੂ, ਟੋਮੀਕੋ ਦੁਗਾਨ, ਰਣਜੀਤ ਚਹਿਲ ਤੇ ਕੇ.ਕੇ. ਸਿੱਧੂ ਨੇ ਕੀਤਾ ਗਿਆ। ਇਸ ਮੌਕੇ ਡਾ. ਸੁਰਿੰਦਰ ਸਿੰਘ ਗਿੱਲ, ਚੇਅਰਮੈਨ ਇੰਟਰਨੈਸ਼ਨਲ ਫੋਰਮ ਯੂ.ਐੱਸ.ਏ; ਦਵਿੰਦਰ ਸਿੰਘ ਗਿੱਲ, ਡਾਇਰੈਕਟਰ ਸਿੱਖਸ ਆਫ਼ ਯੂ.ਐੱਸ.ਏ; ਕੇ. ਕੇ. ਸਿੱਧੂ, ਸੰਸਥਾਪਕ ਪੰਜਾਬੀ ਕਲੱਬ ਮੈਰੀਲੈਂਡ; ਰਣਜੀਤ ਚਾਹਲ, ਸਕੱਤਰ ਪੰਜਾਬੀ ਕਲੱਬ ਮੈਰੀਲੈਂਡ; ਗੁਰਚਰਨ ਸਿੰਘ ਗੁਰੂ, ਪ੍ਰਧਾਨ ਵਰਲਡ ਯੂਨਾਈਟਿਡ ਗੁਰੂ ਨਾਨਕ ਫਾਊਂਡੇਸ਼ਨ; ਕਰੀਨਾ ਹੂ, ਪੈਟਰਨ-ਇਨ-ਚੀਫ਼ ਇੰਟਰਨੈਸ਼ਨਲ ਫੋਰਮ ਯੂ.ਐੱਸ.ਏ; ਟੋਮੀਕੋ ਡੱਗਨ, ਵਾਈਸ ਪ੍ਰੈਜ਼ੀਡੈਂਟ ਯੂਪੀਐੱਫ ਯੂ.ਐੱਸ.ਏ; ਨੌਨਿਹਾਲ ਸਿੰਘ, ਨਿਰਪਜੀਤ ਸਿੰਘ, ਰਣਜੀਤ ਰਾਣਾ, ਰਾਇਲ ਤਾਜ ਦੇ ਮਾਲਕ ਜਸਵਿੰਦਰ ਸਿੰਘ ਅਤੇ ਵਾਸ਼ਿੰਗਟਨ ਡੀ.ਸੀ. ਦੀ ਉੱਘੀ ਮੀਡੀਆ ਸ਼ਖ਼ਸੀਅਤ ਲਲਿਤ ਝਾਅ ਸਮੇਤ ਕਈ ਪਤਵੰਤੇ ਹਾਜ਼ਰ ਸਨ।

ਐਵਾਰਡ ਸਮਾਗਮ ਤੋਂ ਬਾਅਦ ਡਾ. ਸੁਰਿੰਦਰ ਸਿੰਘ ਗਿੱਲ ਵੱਲੋਂ ਡਾ. ਐੱਸ.ਪੀ. ਸਿੰਘ ਓਬਰਾਏ ਦੇ ਸਨਮਾਨ ਵਿੱਚ ਰਾਇਲ ਤਾਜ ਰੈਸਟੋਰੈਂਟ, ਮੈਰੀਲੈਂਡ ਵਿਖੇ ਸ਼ਾਨਦਾਰ ਰਾਤਰੀ ਭੋਜ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਭਾਈਚਾਰੇ ਦੇ ਆਗੂਆਂ ਨੂੰ ਡਾ. ਓਬਰਾਏ ਨਾਲ ਵਿਚਾਰ-ਵਟਾਂਦਰਾ ਕਰਨ ਅਤੇ ਉਨ੍ਹਾਂ ਦੇ ਮਹਾਨ ਮਾਨਵਤਾਵਾਦੀ ਮਿਸ਼ਨ ਦੀ ਸ਼ਲਾਘਾ ਕਰਨ ਦਾ ਮੌਕਾ ਮਿਲਿਆ।

ਹਾਜ਼ਰ ਸ਼ਖ਼ਸੀਅਤਾਂ ਨੇ ਡਾ. ਓਬਰਾਏ ਨੂੰ ਵਧਾਈ ਦਿੰਦਿਆਂ ਕਿਹਾ ਕਿ "ਅੰਬੈਸਡਰ ਫਾਰ ਪੀਸ" ਦਾ ਸਨਮਾਨ ਉਨ੍ਹਾਂ ਦੀਆਂ ਮਨੁੱਖਤਾ, ਵਿਸ਼ਵ ਸ਼ਾਂਤੀ, ਸਦਭਾਵਨਾ ਅਤੇ ਸਮਾਜ ਭਲਾਈ ਨੂੰ ਸਮਰਪਿਤ ਸੇਵਾਵਾਂ ਦੀ ਯੋਗ ਪਛਾਣ ਹੈ।

ਡਾ. ਓਬਰਾਏ ਨੇ ਇਸ ਵੱਕਾਰੀ ਸਨਮਾਨ ਅਤੇ ਨਿੱਘੇ ਸਵਾਗਤ ਲਈ ਯੂਨੀਵਰਸਲ ਪੀਸ ਫੈਡਰੇਸ਼ਨ ਅਤੇ ਸਮੂਹ ਭਾਈਚਾਰਕ ਆਗੂਆਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਮਨੁੱਖਤਾ ਦੀ ਸੇਵਾ ਅਤੇ ਵਿਸ਼ਵ ਸ਼ਾਂਤੀ ਦੇ ਆਪਣੇ ਮਿਸ਼ਨ ਨੂੰ ਹੋਰ ਸਮਰਪਣ ਨਾਲ ਜਾਰੀ ਰੱਖਣ ਦਾ ਅਹਿਦ ਦੁਹਰਾਇਆ।

***

# ਕੁਦਰਤੀ ਆਫਤਾਂ ਤੇ ਇਨਸਾਨੀ ਦਖ਼ਲਅੰਦਾਜ਼ੀ

ਸੰਜੀਵ ਸਿੰਘ ਸੈਣੀ
ਮੋਹਾਲੀ,7888966168



ਨੇਪਾਲ ਦੇ ਰਾਸੁਵਾ ਅਤੇ ਨੁਵਾਕੋਟ ਜ਼ਿਲਿਆਂ 'ਚ 26 ਅਗਸਤ ਦੀ ਸਵੇਰ ਨੂੰ ਭੋਟੇਕੋਸ਼ੀ ਦਰਿਆ ਵਿੱਚ ਆਏ ਭਿਆਨਕ ਹੜ ਨੇ ਭਾਰੀ ਤਬਾਹੀ ਮਚਾਈ ਹੈ। ਇਸ ਕੁਦਰਤੀ ਆਫਤ ਨੇ ਰਿਹਾਇਸ਼ੀ ਇਲਾਕਿਆਂ ਦੇ ਨਾਲ ਨਾਲ ਕਈ ਸਕੂਲਾਂ ਤੇ ਹੋਰ ਸਿੱਖਿਆ ਸੰਸਥਾਵਾਂ ਨੂੰ ਵੀ ਮਲਵੇ ਵਿੱਚ ਤਬਦੀਲ ਕਰ ਦਿੱਤਾ ਹੈ। ਚਿੱਕੜ, ਬਰਫ਼ ਪੱਥਰਾਂ ਦਾ ਵਿਸ਼ਾਲ ਹੜ ਘਾਟੀਆਂ ਚੋਂ ਗੁਜ਼ਰਦਾ ਹੋਇਆ ਨੇਪਾਲ ਦੇ ਬੁਨਿਆਦੀ ਢਾਂਚੇ ਨੂੰ ਤਬਾਹ ਕਰ ਦਿੱਤਾ ਹੈ। ਨੇਪਾਲ ਦੀ ਇਹ ਤ੍ਰਾਸਦੀ ਦੱਸਦੀ ਹੈ ਕਿ ਉਚਾਈ ਤੇ ਵਾਪਰਨ ਵਾਲੀ ਕੋਈ ਘਟਨਾ ਦੇਖਦਿਆਂ ਹੇਠਲੇ ਇਲਾਕਿਆਂ ਵਿੱਚ ਕਿਵੇਂ ਵੱਡੀ ਆਫਤ ਬਣ ਸਕਦੀ ਹੈ। ਨੇਪਾਲ ਦੀ ਸੰਚਾਰ ਪ੍ਰਣਾਲੀ ਦਾ ਠੱਪ ਹੋਣਾ ਸਭ ਤੋਂ ਵੱਡੀ ਸਮੱਸਿਆ ਬਣ ਗਿਆ ਹੈ। ਲਗਭਗ 5000 ਤੋਂ ਵੱਧ ਲੋਕ ਅਜੇ ਵੀ ਲਾਪਤਾ ਹਨ। ਜਿਨਾਂ ਵਿੱਚੋਂ ਬਹੁਤ ਸਾਰੇ ਵਿਦੇਸ਼ੀ ਸੈਲਾਨੀ ਸਨ। ਦਰਿਆਵਾਂ ਦੇ ਨਾਲ ਲੱਗਦੇ ਪਣ -ਬਿਜਲੀ ਪ੍ਰੋਜੈਕਟ ਜਿਨਾਂ ਨੂੰ ਕਾਫੀ ਨੁਕਸਾਨ ਹੋਇਆ ਹੈ। ਹੱਦ ਤੋਂ ਵੱਧ ਸੜਕਾਂ, ਬੇਹਿਸਾਬ ਡੈਮ, ਬਹੁਮੰਜ਼ਿਲਾ ਇਮਾਰਤਾਂ ਅਤੇ ਉਹਨਾਂ ਥਾਵਾਂ ਤੇ ਸ਼ਹਿਰ ਕਸਬੇ ਵਸਾ ਦਿੱਤੇ ਗਏ। ਮਾਹਿਰਾਂ ਮੁਤਾਬਕ ਹਿਮਾਲਿਆ ਇੱਕ ਪ੍ਰਭਾਵਿਤ ਖੇਤਰ ਹੈ। ਜਿਉਂ-ਜਿਉ ਇਹ ਹਿੱਸਾ ਗਰਮ ਹੋ ਰਿਹਾ ਹੈ ਬਰਫ ਪਿਘਲ ਰਹੀ ਹੈ। ਇਸ ਸਾਲ ਦੇਸ਼ ਦੇ ਕਈ ਹਿੱਸਿਆਂ ਵਿੱਚ ਸੋਕੇ ਵਰਗੀ ਸਥਿਤੀ ਹੈ ਤੇ ਕਈ ਸੂਬੇ ਹੜਾਂ ਨਾਲ ਪ੍ਰਭਾਵਿਤ ਹੋ ਰਹੇ ਹਨ। ਮੌਸਮ ਪਰਿਵਰਤਨ ਲਗਾਤਾਰ ਹੋ ਰਿਹਾ ਹੈ। ਗਰਮੀ ਵੱਧ ਗਈ ਹੈ। ਬਰਸਾਤਾਂ ਦਾ ਮੌਸਮ ਘਟਦਾ ਜਾ ਰਿਹਾ ਹੈ। ਗਲੇਸ਼ੀਅਰਾਂ ਦਾ ਪਿੱਛੇ ਹਟਣਾ, ਝੀਲਾਂ ਦਾ ਫੈਲਣਾ ਪਿਘਲਦੀ ਬਰਫ਼, ਲੈਂਡਸਲਾਈਡ ਅਜਿਹੀ ਆਫਤ ਲਿਆ ਸਕਦੇ ਹਨ। ਸਥਿਰ ਰਹੀਆਂ ਢਲਾਣਾਂ ਦੀ ਬਣਤਰ ਵਿੱਚ ਤਬਦੀਲੀ ਆ ਰਹੀ ਹੈ। ਹਾਲ ਹੀ ਵਿੱਚ ਆਈਆਈਟੀ ਮੰਡੀ ਦੇ ਇੱਕ ਅਧਿਐਨ ਮੁਤਾਬਕ ਹਿਮਾਚਲ ਪ੍ਰਦੇਸ਼ ਦੀਆਂ ਤੇਜ਼ੀ ਨਾਲ ਫੈਲ ਰਹੀਆਂ ਨੌਂ ਗਲੇਸ਼ੀਅਰਾਂ ਝੀਲਾਂ ਦੀ ਪਛਾਣ ਕੀਤੀ ਗਈ, ਜਿਸ ਨੂੰ ਮੌਸਮ ਤਬਦੀਲੀ ਨਾਲ ਦੇਖਿਆ ਜਾਣਾ ਜ਼ਰੂਰੀ ਹੈ। ਬਰਸਾਤਾਂ ਦੇ ਮੌਸਮ ਵਿੱਚ ਪਹਾੜੀ ਖੇਤਰਾਂ ਜਿਵੇਂ ਕਸ਼ਮੀਰ, ਹਿਮਾਚਲ ਪ੍ਰਦੇਸ਼, ਉੱਤਰਾਖੰਡ ਵਿੱਚ ਅਕਸਰ ਚਟਾਨਾਂ ਖਿਸਕਣ ਦੀਆਂ ਖਬਰਾਂ ਆਮ ਪੜ੍ਹਦੇ ਹਾਂ। ਮਾਹਿਰ ਦੱਸਦੇ ਹਨ ਕਿ ਗਲੇਸ਼ੀਅਰ ਝੀਲਾਂ ਦੀ ਗਿਣਤੀ ਪੰਜ ਸਾਲਾਂ ਤੋਂ ਵੀ ਘੱਟ ਸਮੇਂ ਵਿੱਚ ਲਗਭਗ ਦੁੱਗਣੀ ਹੋ ਗਈ ਹੈ। ਪਹਾੜੀ ਖੇਤਰਾਂ ਵਿੱਚ ਬੱਦਲ ਫੱਟਣ ਦੀਆਂ ਘਟਨਾਵਾਂ ਆਮ ਪੜ੍ਹਦੇ ਹਾਂ। ਕਿਸ ਤਰ੍ਹਾਂ ਉੱਥੇ ਸੜਕਾਂ ਤਬਾਹ ਹੋ ਜਾਂਦੀਆਂ ਹਨ । ਇਹ ਕਿਹੋ ਜਿਹਾ ਵਿਕਾਸ ਹੈ, ਜੋ ਮਨੁੱਖੀ ਜਾਨਾਂ ਨੂੰ ਖਤਮ ਕਰ ਰਿਹਾ ਹੈ? 2012 ਵਿੱਚ ਉੱਤਰਾਖੰਡ ਦੇ ਕੇਦਾਰਨਾਥ ਵਿੱਚ ਜੋ ਤਬਾਹੀ ਆਈ ਸੀ ਉਸ ਵਿੱਚ ਹਜ਼ਾਰਾਂ ਲੋਕ ਮਰ ਗਏ ਸਨ। ਅਕਸਰ ਚਮੋਲੀ ਵੀ ਹਮੇਸ਼ਾ ਸੁਰਖੀਆਂ ਵਿੱਚ ਰਹਿੰਦਾ ਹੈ। ਅਕਸਰ ਪਹਾੜੀ ਖੇਤਰਾਂ ਵਿੱਚ ਦਰਿਆਵਾਂ ਤੇ ਜੋ ਬਿਜਲੀ ਬਣਾਉਣ ਵਾਲੇ ਪ੍ਰੋਜੈਕਟ ਲਗਾਏ ਗਏ ਹਨ, ਉਹਨਾਂ ਦਾ ਇੱਕ ਹੀ ਮਕਸਦ ਸੀ ਕਿ ਪਾਣੀ ਦਾ ਵਹਾਅ ਹਮੇਸ਼ਾ ਸਥਿਰ ਰਹੇਗਾ, ਪਰ ਅਜਿਹਾ ਨਹੀਂ ਹੋ ਰਿਹਾ। ਤਰੱਕੀ ਤਾਂ ਬਹੁਤ ਹੋ ਰਹੀ ਹੈ, ਇਨਸਾਨ ਦੇ ਚੰਨ ਤੱਕ ਕਦਮ ਪੁੱਜ ਚੁੱਕੇ ਹਨ। ਪਹਾੜੀ ਖੇਤਰਾਂ ਵਿੱਚ ਮਨੁੱਖ ਦੀ ਦਖਲਅੰਦਾਜ਼ੀ ਬਹੁਤ ਵੱਧ ਚੁੱਕੀ ਹੈ। ਨਦੀਆਂ ਨਾਲਿਆਂ ਨੂੰ ਤੰਗ ਕਰਕੇ ਇਮਾਰਤਾਂ, ਹੋਟਲ ਉਸਾਰ ਦਿੱਤੇ ਗਏ। ਪਿੱਛੇ ਜੇ ਹਿਮਾਚਲ ਪ੍ਰਦੇਸ਼ ਦੇ ਮੈਕਲੋਡਗੰਜ ਤੇ ਉੱਤਰਾਖੰਡ ਦੇ ਉੱਤਰ ਕਾਸ਼ੀ ਵਿੱਚ ਕਈ ਮਕਾਨਾਂ ਵਿੱਚ ਤਰੇੜਾਂ ਆਉਣ ਦੀਆਂ ਖਬਰਾਂ ਪੜੀਆਂ। ਜੰਗਲਾਂ ਨੂੰ ਉੱਥੇ ਵੀ ਕੱਟ ਕੇ ਸੜਕਾਂ ਦਾ ਨਿਰਮਾਣ ਹੋ ਰਿਹਾ ਹੈ। ਪਿੱਛੇ ਜੇ ਉੱਤਰਾਖੰਡ ਵਿੱਚ ਲੋਕਾਂ ਨੇ ਅੰਦੋਲਨ ਵੀ ਸ਼ੁਰੂ ਕੀਤਾ ਸੀ। ਪਹਾੜੀ ਖੇਤਰਾਂ ਵਿੱਚ ਕਾਰਪੋਰੇਟ ਅਦਾਰਿਆਂ ਵੱਲੋਂ ਸ਼ਹਿਰੀਕਰਨ ਕੀਤਾ ਜਾ ਰਿਹਾ ਹੈ। ਢਲਾਣਾਂ ਉੱਤੇ ਸੰਘਣੀ ਉਸਾਰੀ, ਸੜਕਾਂ ਤੇ ਇਮਾਰਤਾਂ ਲਈ ਪਹਾੜਾਂ , ਰੁੱਖਾਂ ਦੀ ਅੰਨੇਵਾਹ ਕਟਾਈ ਕੁਦਰਤ ਦੇ ਵਿਰੁੱਧ ਜਾ ਕੇ ਵਿਕਾਸ ਹਮੇਸ਼ਾ ਹੀ ਘਾਤਕ ਸਿੱਧ ਹੁੰਦਾ ਹੈ। ਕੁਦਰਤ ਬੇਅੰਤ ਹੈ। ਪਿਛਲੇ ਸਾਲ ਪੰਜਾਬ ਵਿੱਚ ਹੜਾਂ ਕਾਰਨ ਜੋ ਤਬਾਹੀ ਹੋਈ ਦਿਲ ਦਹਿਲਾਉਣ ਵਾਲਾ ਸੀ। ਦੋ ਕੁ ਸਾਲ ਪਹਿਲਾਂ ਪੰਜਾਬ ਦੇ ਮੋਹਾਲੀ ਜਿਲ੍ਹੇ ਵਿੱਚ ਹੜਾਂ ਨੇ ਬਹੁਤ ਨੁਕਸਾਨ ਪਹੁੰਚਾਇਆ ਸੀ। ਪੁਆਧ ਖੇਤਰ ਵਿੱਚ ਅਸਮਾਨ ਛੂਹ ਰਹੀਆਂ ਇਮਾਰਤਾਂ ਨੇ ਪਾਣੀ ਦੀ ਨਿਕਾਸੀ ਰੋਕ ਦਿੱਤੀ ਹੈ। ਅੱਜ ਆਪਣੇ ਅੰਦਰ ਝਾਤੀ ਮਾਰ ਲੈਣੀ ਚਾਹੀਦੀ ਹੈ ਕਿ ਜਿਹੜੇ ਕਾਰਪੋਰੇਟ ਅਦਾਰੇ ਪੈਸੇ ਦੇ ਪਿੱਛੇ ਲੱਗ ਕੇ ਕਿਹੋ ਜਿਹੀ ਉਸਾਰੀ ਕਰ ਰਹੇ ਹਨ,ਪਹਾੜਾਂ ਤੇ ਸ਼ਹਿਰ ਵਸਾਏ ਜਾ ਰਹੇ ਹਨ। ਕਿ ਸਾਨੂੰ ਭਵਿੱਖ ਵਿੱਚ ਕੁਦਰਤ ਨੂੰ ਲੇਖਾ ਜੋਖਾ ਨਹੀਂ ਦੇਣਾ ਪਵੇਗਾ? ਜਿਨਾਂ ਬੁਨਿਆਦੀ ਢਾਂਚਾ ਪਹਾੜਾਂ ਵਿੱਚ ਤਿਆਰ ਕੀਤਾ ਜਾਵੇਗਾ, ਕੁਦਰਤੀ ਆਫਤਾਂ ਆਉਣ ਦੀ ਸੂਰਤ ਵਿੱਚ ਜਾਨੀ ਨੁਕਸਾਨ ਦਾ ਖਤਰਾ ਵੀ ਉਹਨਾਂ ਵੱਧ ਜਾਵੇਗਾ।

# ਭੱਠ ਪਿਆ ਸੋਨਾ

**ਮਨੀਸ਼ ਤਾਲਿਬ**

ਇਹ ਗੱਲ 1990 ਦੇ ਦਹਾਕੇ ਦੀ ਹੈ। ਇੱਕ ਬਜ਼ੁਰਗ ਹਨੇਰੀ ਰਾਤ ਵਿੱਚ ਹੱਥ ਵਿੱਚ ਸੋਟੀ ਲਏ, ਮੋਢੇ ਉੱਤੇ ਝੋਲਾ ਤੇ ਖੇਸੀ ਟੰਗੀ ਤੁਰਿਆ ਆ ਰਿਹਾ ਸੀ। ਉਸ ਦਾ ਚਿਹਰਾ ਇੰਨਾ ਥੱਕਿਆ ਹੋਇਆ ਸੀ, ਜਿਵੇਂ ਉਹ ਪਿਛਲੇ ਦੋ ਹਫ਼ਤਿਆਂ ਤੋਂ ਸੁੱਤਾ ਹੀ ਨਾ ਹੋਵੇ। ਉਹ ਰਾਜਸਥਾਨ ਦੇ ਬਾਗੜ ਖੇਤਰ ਦੇ ਇੱਕ ਪਿੰਡ ਤੋਂ ਪੈਦਲ ਪੰਜਾਬ ਵੱਲ ਆ ਰਿਹਾ ਸੀ। ਰਾਹ ਵਿੱਚ ਉਹ ਲੋਕਾਂ ਕੋਲੋਂ ਮਦਦ ਮੰਗਦਾ, ਟਰੱਕਾਂ ਵਾਲਿਆਂ ਤੋਂ ਲਿਫ਼ਟ ਲੈਂਦਾ ਅਤੇ ਗੁਰਦੁਆਰਿਆਂ ਤੇ ਮੰਦਰਾਂ ਦੀਆਂ ਸਰਾਵਾਂ ਵਿੱਚ ਰਾਤਾਂ ਕੱਟਦਾ। ਰਾਹ ਵਿੱਚ ਪੈਂਦੇ ਢਾਬਿਆਂ ਤੋਂ ਖ਼ੈਰਾਤ ਵਿੱਚ ਮਿਲੀ ਰੋਟੀ ਖਾ ਕੇ ਉਹ ਆਪਣਾ ਸਫ਼ਰ ਜਾਰੀ ਰੱਖਦਾ।

ਪਰ ਸਫ਼ਰ ਦੇ ਵਿਚਕਾਰ ਹੀ ਉਸ ਨੂੰ ਤੇਜ਼ ਬੁਖ਼ਾਰ ਨੇ ਘੇਰ ਲਿਆ। ਬੇਹੱਦ ਕਮਜ਼ੋਰੀ ਕਾਰਨ ਉਹ ਕਿਸੇ ਤਰ੍ਹਾਂ ਨੇੜਲੇ ਹਸਪਤਾਲ ਪਹੁੰਚ ਗਿਆ।

ਨਰਸਾਂ ਨੇ ਜਾਂਚ ਕਰਨ ਤੋਂ ਬਾਅਦ ਉਸ ਨੂੰ ਦਵਾਈ ਲਈ ਪੈਸੇ ਜਮ੍ਹਾਂ ਕਰਵਾਉਣ ਲਈ ਕਿਹਾ।

ਬਜ਼ੁਰਗ ਨੇ ਬੜੀ ਬੇਬਸੀ ਨਾਲ ਕਿਹਾ, "ਬੇਟਾ, ਮੇਰੇ ਕੋਲ ਪੈਸੇ ਨਹੀਂ ਹਨ। ਮੈਂ ਤਾਂ ਆਪਣੇ ਪਿੰਡ ਤੋਂ ਵੀ ਪੈਦਲ ਤੁਰ ਕੇ ਆ ਰਿਹਾ ਹਾਂ। ਰਾਹ ਵਿੱਚ ਟਰੱਕਾਂ ਵਾਲਿਆਂ ਕੋਲੋਂ ਲਿਫ਼ਟ ਮੰਗਦਾ ਹਾਂ ਤੇ ਢਾਬਿਆਂ ਤੋਂ ਖ਼ੈਰਾਤ ਵਿੱਚ ਮਿਲੀ ਰੋਟੀ ਖਾ ਕੇ ਆਪਣਾ ਸਫ਼ਰ ਕਰ ਰਿਹਾ ਹਾਂ।

ਨਰਸ ਨੇ ਇਹ ਗੱਲ ਡਾਕਟਰ ਨੂੰ ਦੱਸੀ। ਡਾਕਟਰ ਨੇ ਬਜ਼ੁਰਗ ਦੀ ਹਾਲਤ ਵੇਖੀ, ਆਪਣੀ ਜੇਬ ਵਿੱਚੋਂ ਸੌ ਰੁਪਏ ਕੱਢੇ ਅਤੇ ਨਰਸ ਨੂੰ ਦਿੰਦਿਆਂ ਕਿਹਾ, "ਕੋਈ ਗੱਲ ਨਹੀਂ। ਇਹ ਪੈਸੇ ਇਸ ਨੂੰ ਦੇ ਦਿਓ। ਦਵਾਈ ਵੀ ਦੇ ਦਿਓ ਅਤੇ ਇਸ ਨੂੰ ਜਾਣ ਦਿਓ।

ਬਜ਼ੁਰਗ ਨੇ ਦਵਾਈ ਲਈ ਅਤੇ ਹੌਲੀ-ਹੌਲੀ ਹਸਪਤਾਲ ਤੋਂ ਬਾਹਰ ਜਾਣ ਲੱਗਾ। ਪਰ ਜਲਦਬਾਜ਼ੀ ਵਿੱਚ ਉਸ ਦਾ ਝੋਲਾ ਮੰਜੇ ਉੱਤੇ ਹੀ ਰਹਿ ਗਿਆ।

ਨਰਸ ਦੀ ਨਜ਼ਰ ਝੋਲੇ ਉੱਤੇ ਪਈ। ਉਸ ਨੇ ਬਜ਼ੁਰਗ ਨੂੰ ਆਵਾਜ਼ ਮਾਰਨ ਦੀ ਬਜਾਏ ਝੋਲਾ ਖੋਲ੍ਹ ਕੇ ਵੇਖ ਲਿਆ।

ਝੋਲਾ ਖੁੱਲ੍ਹਦੇ ਹੀ ਨਰਸ ਹੈਰਾਨ ਰਹਿ ਗਈ। ਇੱਕ ਸ਼ਨਾਖ਼ਤੀ ਕਾਰਡ, ਕੁਝ ਰੋਟੀਆਂ, ਬੀੜੀਆਂ ਦੇ ਇੱਕ-ਦੋ ਬੰਡਲ ਅਤੇ ਇੱਕ ਕੌਲੀ, ਗਲਾਸ, ਲੋਟਾ ਵੀ ਪਿਆ ਸੀ। ਅੰਦਰ ਪੰਜ-ਪੰਜ ਸੌ ਦੇ ਅਣਗਿਣਤ ਨੋਟ ਬੱਝੇ ਪਏ ਸਨ। ਨਰਸ ਨੇ ਕਾਰਡ ਚੁੱਕ ਕੇ ਪੜ੍ਹਿਆ :

ਰਾਮ ਨਰੇਸ਼ ਸਾਰਸਵਤ<br>
ਜ਼ਿਲ੍ਹਾ ਬਾਂਸਵਾੜਾ, ਬਾਗੜ<br>
ਪਿੰਡ ਪਰਸਰਾਮਪੁਰ, ਰਾਜਸਥਾਨ।

ਨਰਸ ਦੇ ਮਨ ਵਿੱਚ ਬੇਈਮਾਨੀ ਦਾ ਖ਼ਿਆਲ ਆਇਆ। ਉਸ ਨੇ ਇੱਕ ਪਲ ਲਈ ਸੋਚਿਆ—ਜੇ ਉਹ ਇਹਨਾਂ ਪੈਸਿਆਂ



ਵਿੱਚੋਂ ਕੁਝ ਰੱਖ ਲਵੇ ਤਾਂ ਕਿਸੇ ਨੂੰ ਕੀ ਪਤਾ ਲੱਗਣਾ ਹੈ?

ਉਹ ਹਾਲੇ ਕੋਈ ਫ਼ੈਸਲਾ ਕਰਨ ਹੀ ਵਾਲੀ ਸੀ ਕਿ ਦਰਵਾਜ਼ੇ ਵੱਲੋਂ ਬਜ਼ੁਰਗ ਦੀ ਸੋਟੀ ਦੀ ਖਟ-ਖਟ ਸੁਣਾਈ ਦਿੱਤੀ।

"ਬੇਟਾ" ਮੇਰਾ ਝੋਲਾ ਇੱਥੇ ਰਹਿ ਗਿਆ ਸੀ।

ਨਰਸ ਨੇ ਝੋਲਾ ਆਪਣੇ ਹੱਥ ਵਿੱਚ ਫੜਿਆ ਹੋਇਆ ਸੀ। ਉਸ ਨੇ ਸੱਚੀ ਬਣਦੀ ਨੇ ਬਜ਼ੁਰਗ ਵੱਲ ਦੇਖ ਕੇ ਕਿਹਾ, "ਬਾਬਾ ਤੂੰ ਤਾਂ ਕਹਿੰਦਾ ਸੀ ਕਿ ਤੇਰੇ ਕੋਲ ਕੁਝ ਨਹੀਂ। ਫਿਰ ਇਸ ਝੋਲੇ ਵਿੱਚ ਇੰਨੇ ਪੈਸੇ ਕਿੱਥੋਂ ਆ ਗਏ? ਤੂੰ ਝੂਠ ਕਿਉਂ ਬੋਲਿਆ?

ਬਜ਼ੁਰਗ ਨੇ ਨਰਸ ਵੱਲ ਸ਼ਾਂਤ ਨਜ਼ਰ ਨਾਲ ਵੇਖਿਆ। ਉਸ ਦੇ ਚਿਹਰੇ ਉੱਤੇ ਹਲਕੀ ਜਿਹੀ ਮੁਸਕਰਾਹਟ ਆਈ।

"ਬੇਟਾ, ਇਹ ਪੈਸੇ ਵੇਖ ਕੇ ਧੋਖਾ ਨਾ ਖਾਈਂ। ਇਹ ਮੇਰੇ ਨਹੀਂ ਹਨ।

ਨਰਸ ਹੈਰਾਨ ਹੋ ਕੇ ਉਸ ਵੱਲ ਵੇਖਣ ਲੱਗੀ, "ਤੇਰੇ ਨਹੀਂ? ਫਿਰ ਕਿਸ ਦੇ ਹਨ?

ਰਾਮ ਨਰੇਸ਼ ਨੇ ਝੋਲਾ ਆਪਣੇ ਹੱਥ ਵਿੱਚ ਲੈਂਦਿਆਂ ਕਿਹਾ, "ਇਹ ਤਾਂ ਕਰਜ਼ਾ ਹੈ, ਬੇਟਾ। ਇਹ ਕਰਜ਼ਾ ਮੋੜ ਕੇ ਹੀ ਮੇਰੀ ਰੂਹ ਨੂੰ ਛੁਟਕਾਰਾ ਮਿਲਣਾ ਹੈ।

ਨਰਸ ਕੁਝ ਪਲ ਚੁੱਪ ਰਹੀ। ਉਸ ਦੇ ਮਨ ਵਿੱਚ ਉੱਠਿਆ ਬੇਈਮਾਨੀ ਦਾ ਖ਼ਿਆਲ ਹੁਣ ਉਸ ਨੂੰ ਆਪਣੇ ਆਪ ਤੋਂ ਹੀ ਸ਼ਰਮਿੰਦਾ ਕਰਨ ਲੱਗ ਪਿਆ। ਉਸ ਨੇ ਹੌਲੀ ਆਵਾਜ਼ ਵਿੱਚ ਪੁੱਛਿਆ, "ਬਾਬਾ ਜੀ, ਤੁਸੀਂ ਜਾਣਾ ਕਿੱਥੇ ਹੈ?

ਬਜ਼ੁਰਗ ਨੇ ਝੋਲਾ ਮੁੜ ਮੋਢੇ ਉੱਤੇ ਰੱਖਿਆ ਅਤੇ ਕਿਹਾ, "ਬੇਟਾ ਦੂਰ ਜਾਣਾ ਏ।

"ਕਿੱਥੇ?

"ਰਾਜਗੜ੍ਹ।

ਨਰਸ ਨੇ ਹੈਰਾਨੀ ਨਾਲ ਪੁੱਛਿਆ, "ਰਾਜਗੜ੍ਹ? ਇੰਨੀ ਦੂਰ ਜਾਣਾ ਬੁਖ਼ਾਰ ਵਿੱਚ ਤੁਹਾਡੇ ਲਈ ਜਾਣਾ ਜ਼ਰੂਰੀ ਹੈ?

ਬਜ਼ੁਰਗ ਕੁਝ ਪਲ ਚੁੱਪ ਰਿਹਾ। ਉਸ ਨੇ ਜਿਵੇਂ ਆਪਣੇ ਅੰਦਰੋਂ ਕੋਈ ਜਵਾਬ ਲੱਭਿਆ ਹੋਵੇ। ਫਿਰ ਦੂਰ ਤੱਕ ਵੇਖਦਿਆਂ ਹੌਲੀ ਆਵਾਜ਼ ਵਿੱਚ ਬੋਲਿਆ, "ਹਾਂ ਬੇਟਾ ਰਾਜਗੜ੍ਹ ਜਾਣਾ ਬਹੁਤ ਜ਼ਰੂਰੀ ਹੈ।

"ਰਾਜਗੜ੍ਹ ਜਾਣਾ ਜ਼ਰੂਰੀ ਹੈ "ਇਹੋ ਸ਼ਬਦ ਹੌਲੀ-ਹੌਲੀ ਬੁੜਬੁੜਾਉਂਦਾ ਹੋਇਆ ਉਹ ਹਸਪਤਾਲ ਤੋਂ ਬਾਹਰ ਸੋਟੀ ਦੀ ਖਟ-ਖਟ ਨਾਲ ਨਿਕਲ ਗਿਆ। ਉਸੇ ਵੇਲੇ ਅਸਮਾਨ ਵਿੱਚ ਬੱਦਲ ਘਿਰ ਆਏ ਅਤੇ ਜ਼ੋਰ-ਜ਼ੋਰ ਨਾਲ ਗਰਜਣ ਲੱਗ ਪਏ। ਨਰਸ ਦਰਵਾਜ਼ੇ ਵਿੱਚ ਖੜ੍ਹੀ ਉਸ ਨੂੰ ਦੂਰ ਜਾਂਦਾ ਵੇਖਦੀ ਰਹੀ, ਅਤੇ ਰਾਜਗੜ੍ਹ ਦਾ ਨਾਂ ਉਸ ਦੇ ਕੰਨਾਂ ਅੰਦਰ ਵੱਜਦਾ ਰਿਹਾ। ਉਸ ਦੀ ਸੋਟੀ ਦੀ ਖਟ-ਖਟ ਹੌਲੀ-ਹੌਲੀ ਦੂਰ ਹੁੰਦੀ ਗਈ ਅਤੇ ਫਿਰ ਬਾਰਿਸ਼ ਦੀਆਂ ਆਵਾਜ਼ਾਂ ਵਿੱਚ ਗੁੰਮ ਹੋ ਗਈ। ਨਰਸ ਦੇ ਮਨ ਵਿੱਚ ਇੱਕੋ ਸਵਾਲ ਘੁੰਮ ਰਿਹਾ ਸੀ—ਇਹ ਬਜ਼ੁਰਗ ਆਖ਼ਰ ਰਾਜਗੜ੍ਹ ਕਿਉਂ ਜਾ ਰਿਹਾ ਸੀ? ਉਸ ਨੂੰ ਉਹ ਬਜ਼ੁਰਗ ਕਦੇ ਪਾਗਲ ਜਿਹਾ ਲੱਗਦਾ ਤੇ ਕਦੇ ਕੋਈ ਡੂੰਘਾ ਰਹੱਸ, ਕੋਈ ਡੂੰਘੀ ਬੁਝਾਰਤ।

ਦੂਜੇ ਪਾਸੇ ਰਾਜਗੜ੍ਹ ਵਿੱਚ ਜੋਗਿੰਦਰ ਵਿਸ਼ਿਸ਼ਟ ਮਥੁਰਾ ਤੋਂ ਸਾਲ 1970 ਵਿੱਚ ਇੱਕ ਪਿੰਡ ਦੇ ਬੰਦੇ ਨਾਲ ਪੰਜਾਬ ਦੇ ਰਾਜਗੜ੍ਹ ਨਾਮ ਦੇ ਕਸਬੇ ਵਿੱਚ ਆਇਆ ਸੀ। ਉਸ ਨੂੰ ਸ਼ਿਵ ਮੰਦਰ ਵਿੱਚ ਜੁਗਲ ਕਿਸ਼ੋਰ ਨੇ ਸਾਫ਼-ਸਫ਼ਾਈ ਦੀ ਸੇਵਾ ਤੋਂ ਖ਼ੁਸ਼ ਹੋ ਕੇ ਆਪਣਾ ਚੇਲਾ ਬਣਾ ਲਿਆ ਅਤੇ ਉਸ ਦਾ ਨਾਮ 'ਜੋਗੀ ਪੰਡਿਤ' ਰੱਖ ਦਿੱਤਾ। ਫਿਰ ਹੌਲੀ-ਹੌਲੀ ਉਸ ਨੂੰ ਪੰਡਤਾਈ ਦਾ ਕੰਮ ਸਿਖਾ ਦਿੱਤਾ।

ਜੁਗਲ ਕਿਸ਼ੋਰ ਦੀ ਇੱਕ ਦਿਨ ਦਿਲ ਦਾ ਦੌਰਾ ਪੈਣ ਕਾਰਨ ਅਚਾਨਕ ਮੌਤ ਹੋ ਗਈ ਸੀ। ਉਸ ਤੋਂ ਬਾਅਦ ਪਿੰਡ ਅਤੇ ਮੰਦਰ ਦੀ ਕਮੇਟੀ ਨੇ ਜੋਗਿੰਦਰ ਨੂੰ ਉੱਥੇ ਮੰਦਰ ਵਿੱਚ ਪੰਡਿਤ ਬਣਾ ਦਿੱਤਾ। ਪੰਡਿਤ ਜੁਗਲ ਕਿਸ਼ੋਰ ਦੀ ਭਾਣਜੀ ਕਮਲਾਂ ਦੇਵੀ, ਜੋ ਉੱਤਰ ਪ੍ਰਦੇਸ਼ ਤੋਂ ਅਜੇ ਦੋ ਮਹੀਨੇ ਪਹਿਲਾਂ ਹੀ ਆਈ ਸੀ ਅਤੇ ਜਿਸ ਦਾ ਮਾਮੇ ਤੋਂ ਇਲਾਵਾ ਹੋਰ ਕੋਈ ਨਹੀਂ ਸੀ, ਉਸ ਦਾ ਵਿਆਹ ਜੋਗੀ ਪੰਡਿਤ ਨਾਲ ਕਰ ਦਿੱਤਾ ਗਿਆ।

ਕਮਲਾਂ ਦੇਵੀ ਦੇ ਛੇ ਵਰ੍ਹਿਆਂ ਵਿੱਚ ਚਾਰ ਜਣੇਪੇ ਹੋਏ—ਦੋ ਕੁੜੀਆਂ ਅਤੇ ਦੋ ਮੁੰਡੇ। ਹੌਲੀ-ਹੌਲੀ ਇੱਥੋਂ ਦਾ ਰੰਗ ਉਸ ਦੇ ਪਰਿਵਾਰ 'ਤੇ ਵੀ ਚੜ੍ਹਨ ਲੱਗਾ। ਉਸ ਦੀਆਂ ਦੋ ਕੁੜੀਆਂ ਸਨ—ਇੱਕ ਸੋਲ੍ਹਾਂ ਸਾਲ ਦੀ ਆਰਤੀ ਅਤੇ ਦੂਜੀ ਸਤਾਰ੍ਹਾਂ ਸਾਲ ਦੀ ਉਮਾ, ਜਿਨ੍ਹਾਂ ਨੂੰ ਉਸ ਨੇ ਸਮੇਂ ਨਾਲ ਆਪਣੇ ਪਿੰਡ ਵੱਲ ਵਿਆਹ ਦਿੱਤਾ।

ਉਸ ਦੇ ਦੋਵੇਂ ਪੁੱਤਰ—ਵੱਡਾ ਪੁੱਤਰ ਸੰਜੇ (ਸੰਜੂ) 24 ਸਾਲ ਦਾ ਅਤੇ ਛੋਟਾ ਬੱਬਲੂ (ਬੱਬੂ) 22 ਸਾਲ ਦਾ ਸੀ। ਦੋਵੇਂ ਆਵਾਰਾ, ਸ਼ੈਤਾਨ, ਬਦਕਮਾਸ਼, ਨਿਕੰਮੇ, ਟੋਪੀਬਾਜ਼ ਅਤੇ

ਜੁਆਰੀਏ ਨਿਕਲੇ। ਜੋਗਿੰਦਰ ਨੂੰ ਪਿੰਡ ਵਾਲਿਆਂ ਨੇ ਪਹਿਲਾਂ ਉਸ ਦੇ ਮੁੰਡਿਆਂ ਦੇ ਚਾਲ-ਚਲਣ ਕਾਰਨ ਪਿੰਡ ਦੇ ਪ੍ਰਾਚੀਨ ਮੰਦਰ ਵਿੱਚੋਂ ਕੱਢ ਦਿੱਤਾ, ਫਿਰ ਉਸ ਕੋਲੋਂ ਪੰਚਾਇਤੀ ਮਕਾਨ ਵੀ ਵਾਪਸ ਲੈ ਲਿਆ।

ਉਸ ਨੇ ਤਿੰਨ ਮਰਲੇ ਦਾ ਇੱਕ ਪੁਰਾਣਾ ਮਕਾਨ ਮੁੱਲ ਲੈ ਲਿਆ। ਇਹ ਵੀ ਕਿਸੇ ਨੇ ਘੱਟ ਰੇਟ 'ਤੇ ਬ੍ਰਾਹਮਣ ਜਾਣ ਕੇ ਦਾਨ ਕਰ ਦਿੱਤਾ ਸੀ। ਹੁਣ ਉਸ ਨੇ ਘਰ ਵਿੱਚ ਹੀ ਜੋਤਿਸ਼ ਵਿੱਦਿਆ ਦਾ ਕੰਮ ਚਾਲੂ ਰੱਖਿਆ ਅਤੇ ਲਾਗੇ-ਛਾਗੇ ਦੇ ਪਿੰਡਾਂ ਵਿੱਚ ਸਾਈਕਲ 'ਤੇ ਪੁੱਛਾਂ-ਦੱਸਾਂ ਦਾ ਕੰਮ ਵੀ ਕਰਦਾ ਰਿਹਾ। ਉਸ ਤੋਂ ਬਾਅਦ ਉਹ ਕੁਝ ਸਾਲਾਂ ਤੋਂ ਬਨਾਰਸ ਵਿੱਚ ਪੰਡਤਾਈ ਦਾ ਕੰਮ ਕਰਨ ਲੱਗ ਪਿਆ।

ਦੋਵੇਂ ਮੁੰਡੇ ਰੋਜ਼ ਮਾਂ ਕੋਲੋਂ ਇਹ ਆਖ ਕੇ ਨਿਕਲਦੇ ਕਿ ਅੱਜ ਕੰਮ 'ਤੇ ਜਾਣਾ ਹੈ। ਪਰ ਮਾਂ ਕਮਲਾਂ ਦੇਵੀ ਦੇ ਪੁੱਤਰਾਂ ਨੇ ਉਸ ਦੀ ਮਮਤਾ ਦੀ ਬੇੜੀ ਡੋਬ ਦਿੱਤੀ ਸੀ। ਘਰੋਂ ਸਵੇਰੇ ਦੋਵੇਂ ਜਣੇ ਤਿਆਰ ਹੋ ਕੇ ਨਿਕਲ ਜਾਂਦੇ, ਫਿਰ ਦੁਪਹਿਰ ਨੂੰ ਰੋਟੀ ਖਾਣ ਘਰ ਮੁੜ ਆਉਂਦੇ ਅਤੇ ਉਸ ਤੋਂ ਬਾਅਦ ਆਵਾਰਾਗਰਦੀ ਲਈ ਤੁਰ ਜਾਂਦੇ। ਮਾਂ ਕਮਲਾਂ ਮਸ਼ਖਰੀ ਨਾਲ ਦੰਦ ਕੱਢਦੀ ਅਤੇ ਉਨ੍ਹਾਂ ਦੀਆਂ ਗਲਤੀਆਂ 'ਤੇ ਪਰਦੇ ਪਾ ਦਿੰਦੀ, ਉਨ੍ਹਾਂ ਨੂੰ ਰੋਟੀ ਖਵਾ ਦਿੰਦੀ।

ਸੰਜੂ ਅਤੇ ਬੱਬੂ ਦੋਵੇਂ ਭਰਾ ਮਾਂ ਦੇ ਜਾਣ ਮਗਰੋਂ ਘਰ ਵਿੱਚੋਂ ਕੋਈ ਨਾ ਕੋਈ ਪੈਸਾ ਚੋਰੀ ਕਰਕੇ ਭੱਜੇ ਫਿਰਦੇ ਰਹਿੰਦੇ ਅਤੇ ਨਸ਼ੇ ਦੀ ਪੂਰਤੀ ਲਈ ਵੰਨ-ਸੁਵੰਨੇ ਯਾਰ ਬਣਾਉਂਦੇ। ਬੱਬੂ ਜਿੱਥੇ ਬਦਮਾਸ਼ ਤੇ ਬੇਈਮਾਨ ਸੀ, ਉੱਥੇ ਸੰਜੂ ਚਲਾਕ, ਠੱਗ ਅਤੇ ਮੌਕਾਪ੍ਰਸਤ ਸਿਆਸੀ ਕਿਸਮ ਦਾ ਆਦਮੀ ਸੀ। ਜ਼ਿਆਦਾਤਰ ਬੱਬੂ ਨੂੰ ਖ਼ਰਾਬ ਕਰਨ ਵਿੱਚ ਉਸ ਦੇ ਵੱਡੇ ਭਰਾ ਦਾ ਹੀ ਹੱਥ ਸੀ।

ਇੱਕ ਵਾਰ ਪੰਡਿਤ ਕਾਫ਼ੀ ਮਹੀਨਿਆਂ ਬਾਅਦ ਆਪਣੇ ਘਰ ਆਇਆ। ਉਸ ਨੇ ਅੰਦਰ ਕਮਰੇ ਵਿੱਚ ਬੈਠ ਕੇ ਆਪਣੇ ਦੋਵਾਂ ਪੁੱਤਰਾਂ ਬਾਰੇ ਪੁੱਛਿਆ। ਕਮਲਾਂ ਹਾਲੇ ਕੁਝ ਬੋਲਦੀ ਹੀ ਸੀ ਕਿ ਅਚਾਨਕ ਉਸ ਦਾ ਵੱਡਾ ਮੁੰਡਾ ਸੰਜੂ ਬਾਹਰੋਂ ਸਾਈਕਲ 'ਤੇ ਉੱਚੀ-ਉੱਚੀ ਆਵਾਜ਼ ਵਿੱਚ ਹਿੰਦੀ ਗੀਤ ਸੁਣਾਉਂਦਾ ਹੋਇਆ ਅੰਦਰ ਵੜਿਆ।

ਉਸ ਦੀਆਂ ਅੱਖਾਂ ਨਸ਼ੇ ਵਿੱਚ ਚੜ੍ਹੀਆਂ ਹੋਈਆਂ ਸਨ। ਉਸ ਨੇ ਸ਼ਰਾਬ ਪੀਤੀ ਹੋਈ ਸੀ ਅਤੇ ਉਸ ਦੇ ਮੂੰਹ ਵਿੱਚ ਪਾਨ ਮਸਾਲਾ ਗੁਟਕਾ ਸੀ। ਪਰ ਅੰਦਰ ਵੜਦਿਆਂ ਹੀ ਬਾਪ ਵੱਲ ਵੇਖਦਿਆਂ ਉਸ ਦੇ ਨਸ਼ੇ ਉਤਰ ਗਏ ਅਤੇ ਉਹ ਚੁੱਪ-ਚਾਪ ਸਿਖਰਲੇ ਚੁਬਾਰੇ 'ਤੇ ਮੰਜੇ ਉੱਤੇ ਲੇਟ ਗਿਆ।

ਪੰਡਿਤ ਜੋਗਿੰਦਰ ਚੁੱਪ-ਚਾਪ ਤਮਾਸ਼ਾ ਵੇਖਦਾ ਗਿਆ। ਉਸ ਤੋਂ ਬਾਅਦ ਮੁਹੱਲੇ ਦੇ ਕਰਿਆਨੇ ਵਾਲੇ ਦਾ ਮੁੰਡਾ ਆਸ਼ੂ ਅੰਦਰ ਵੜਦਿਆਂ ਹੀ ਕਮਲਾਂ ਨੂੰ ਆਖਦਾ ਹੈ, "ਤਾਈ ਜੀ, ਬੱਬੂ ਪਾਜੀ ਦੀ ਬਾਹਰ ਲੜਾਈ ਹੋ ਗਈ।

ਕਮਲਾਂ ਬਾਹਰ ਆ ਕੇ ਦੇਖਦੀ ਹੈ ਕਿ ਉਸ ਦਾ ਮੁੰਡਾ ਬੱਬੂ ਇੱਕ ਰਿਕਸ਼ੇ ਵਾਲੇ ਨੂੰ ਢਾਹੀ ਬੈਠਾ ਹੈ। ਬੱਬੂ ਵੀ ਨਸ਼ੇ ਵਿੱਚ ਧੁੱਤ ਸੀ। ਜੋਗਿੰਦਰ ਅਤੇ ਹੋਰ ਲੋਕਾਂ ਨੇ ਉਸ ਗਰੀਬ ਦੀ ਜਾਨ ਛੁਡਾਈ ਅਤੇ ਉਸ ਰਿਕਸ਼ੇ ਵਾਲੇ ਨੂੰ ਉੱਥੋਂ ਭਜਾ ਦਿੱਤਾ।

ਬੱਬੂ ਨੂੰ ਵੀ ਉਸ ਦੀ ਮਾਂ ਨੇ ਸੰਜੂ ਕੋਲ ਚੁਬਾਰੇ ਉੱਤੇ ਸੌਣ ਭੇਜ ਦਿੱਤਾ। ਜੋਗਿੰਦਰ ਵਾਸਤੇ ਇਹ ਨਜ਼ਾਰੇ ਕੋਈ ਨਵੀਂ ਗੱਲ ਨਹੀਂ ਸਨ। ਪੰਚਾਇਤਾਂ, ਥਾਣੇ ਅਤੇ ਚੌਂਕੀਆਂ ਉਸ ਦੇ ਪੁੱਤਰਾਂ ਨੇ ਪਿਛਲੇ ਚੌਦਾਂ-ਪੰਦਰਾਂ ਸਾਲਾਂ ਤੋਂ ਵਿਖਾਉਣੇ ਸ਼ੁਰੂ ਕਰ ਦਿੱਤੇ ਸਨ।

ਕਮਲਾਂ ਨੇ ਰੋਟੀ ਲਾਉਣੀ ਸ਼ੁਰੂ ਕਰ ਦਿੱਤੀ। ਉਸ ਨੇ ਸਭ ਤੋਂ ਪਹਿਲਾਂ ਆਪਣੇ ਮੁੰਡਿਆਂ ਨੂੰ ਚੁਬਾਰੇ 'ਤੇ ਬੈਠ ਕੇ ਰੋਟੀ ਖਵਾਈ, ਉਸ ਤੋਂ ਬਾਅਦ ਆਪਣੇ ਪਤੀ ਜੋਗਿੰਦਰ ਨੂੰ ਰੋਟੀ ਖਵਾਈ।

ਰਾਤ ਨੂੰ ਜੋਗਿੰਦਰ ਕਦੇ ਆਪਣੇ ਮੰਜੇ ਤੋਂ ਉੱਠ ਕੇ ਬੈਠ ਜਾਂਦਾ ਅਤੇ ਕਦੇ ਲੇਟ ਜਾਂਦਾ। ਕਮਲਾਂ, ਜੋ ਹਾਲੇ ਕੱਚੀ ਨੀਂਦ ਵਿੱਚ ਸੀ, ਉਸ ਨੂੰ ਨਾ ਸੌਣ ਦਾ ਸਬੱਬ ਪੁੱਛਦੀ ਹੈ। ਜੋਗਿੰਦਰ ਉਸ ਦੇ ਕਾਫ਼ੀ ਪੁੱਛਣ ਤੋਂ ਬਾਅਦ ਦੱਸਦਾ ਹੈ, "ਮੈਂ ਬਨਾਰਸ ਦੀ ਗੱਡੀ ਵਿੱਚ ਸਵਾਰ ਹੋ ਕੇ ਆ ਰਿਹਾ ਸੀ ਤਾਂ ਮੈਨੂੰ ਟ?ਰੇਨ ਦੀ ਸੀਟ 'ਤੇ ਇੱਕ ਰੁਮਾਲ ਮਿਲਿਆ, ਜਿਸ ਵਿੱਚ ਇੱਕ ਸੋਨੇ ਦੀ ਚੇਨ ਅਤੇ ਦੋ ਸੋਨੇ ਦੀਆਂ ਮੁੰਦਰੀਆਂ ਸਨ। ਸਾਰੇ ਸਫ਼ਰ ਵਿੱਚ ਉਸ ਦਾ ਕੋਈ ਵਾਰਸ ਨਹੀਂ ਆਇਆ।

ਕਮਲਾਂ ਦੇਵੀ ਨੇ ਜਦੋਂ ਉਸ ਕੋਲੋਂ ਉਹ ਚੀਜ਼ਾਂ ਮੰਗੀਆਂ ਤਾਂ ਜੋਗਿੰਦਰ ਨੇ ਉਸ ਨੂੰ ਸਵੇਰੇ ਦਿਖਾਉਣ ਦੀ ਗੱਲ ਕੀਤੀ। ਪਰ ਕਮਲਾਂ ਦੇ ਅੰਦਰ ਦੀ ਜਿਗਿਆਸਾ ਨੇ ਉਸ ਨੂੰ ਅੰਦਰ ਹੀ ਅੰਦਰ ਬੇਚੈਨ ਕਰ ਦਿੱਤਾ। ਉਸ ਨੇ ਆਪਣੀ ਜ਼ਿੰਦਗੀ ਵਿੱਚ ਕਦੇ ਵੀ ਪੰਡਿਤ ਜੋਗਿੰਦਰ ਕੋਲੋਂ ਇੱਕ ਸੋਨੇ ਦੀ ਟੂੰਬ ਤੱਕ ਨਹੀਂ ਲਈ ਸੀ ਅਤੇ ਨਾ ਹੀ ਕਦੇ ਇਸ ਤਰ੍ਹਾਂ ਬੇਤਾਬ ਹੋ ਕੇ ਉਸ ਨਾਲ ਗੱਲ ਕੀਤੀ

ਸੀ। ਪਰ ਅੱਜ ਉਸ ਦੀ ਉਤਸੁਕਤਾ ਉਸ 'ਤੇ ਹਾਵੀ ਹੋ ਗਈ। ਉਸ ਨੇ ਪੰਦਰਾਂ ਮਿੰਟਾਂ ਬਾਅਦ ਫਿਰ ਉਸ ਨੂੰ ਜਗਾਇਆ ਅਤੇ ਚੇਨ ਤੇ ਮੁੰਦਰੀਆਂ ਬਾਰੇ ਦੁਬਾਰਾ ਪੁੱਛਿਆ। ਜੋਗਿੰਦਰ ਨੇ ਉਸ ਦੇ ਚਿਹਰੇ ਵੱਲ ਵੇਖ ਕੇ ਸਮਝ ਲਿਆ ਕਿ ਉਹ ਆਪਣੇ ਅੰਦਰ ਦਾ ਸਬਰ ਤੇ ਚੈਨ ਗੁਆ ਚੁੱਕੀ ਹੈ।

ਉੱਪਰ ਚੁਬਾਰੇ 'ਤੇ ਉਨ੍ਹਾਂ ਦੇ ਦੋਵੇਂ ਜਵਾਨ ਪੁੱਤਰ ਨਸ਼ੇ ਵਿੱਚ ਸੁੱਤੇ ਹੋਏ ਸਨ। ਜੇਕਰ ਉਨ੍ਹਾਂ ਨੂੰ ਇਸ ਬਾਰੇ ਪਤਾ ਲੱਗ ਜਾਂਦਾ ਤਾਂ ਕੰਮ ਹੋਰ ਵੀ ਖ਼ਰਾਬ ਹੋ ਜਾਣਾ ਸੀ, ਕਿਉਂਕਿ ਉਹ ਜਾਣਦਾ ਸੀ ਕਿ ਉਸ ਦੇ ਇਹ ਪੁੱਤਰ ਦੇਵ ਨਹੀਂ, ਦਾਨਵ ਹਨ।

ਜੋਗਿੰਦਰ ਕਮਰੇ ਵਿੱਚੋਂ ਬਾਹਰ ਨਿਕਲ ਕੇ ਉੱਪਰ ਚੁਬਾਰੇ 'ਤੇ ਗਿਆ। ਇੱਧਰ-ਉੱਧਰ ਵੇਖ ਕੇ ਪੌੜੀਆਂ ਉਤਰਿਆ ਅਤੇ ਥੱਲੇ ਵਾਲੇ ਕਮਰੇ ਵਿੱਚ ਆ ਗਿਆ। ਕਮਲਾਂ ਵੀ ਪਿੱਛੇ-ਪਿੱਛੇ ਹੌਲੀ-ਹੌਲੀ ਨੰਗੇ ਪੈਰੀਂ ਆ ਗਈ। ਰਾਤ ਵਿੱਚ ਝੀਂਗਰ ਉੱਚੀ-ਉੱਚੀ ਆਵਾਜ਼ਾਂ ਪੈਦਾ ਕਰ ਰਹੇ ਸਨ। ਜੋਗਿੰਦਰ ਆਪਣੀ ਸਕੂਟਰੀ ਦੀ ਕਾਠੀ ਖੋਲ੍ਹਣ ਲੱਗਾ। ਕੋਈ ਪੰਜ-ਸੱਤ ਮਿੰਟਾਂ ਬਾਅਦ ਉਸ ਨੇ ਹੇਠਾਂ ਤੋਂ ਇੱਕ ਕੱਪੜਾ ਕੱਢਿਆ ਅਤੇ ਉਸ ਵਿੱਚੋਂ ਚੇਨ ਤੇ ਮੁੰਦਰੀਆਂ ਬਾਹਰ ਕੱਢ ਕੇ ਕਮਲਾਂ ਦੇ ਹੱਥ ਵਿੱਚ ਫੜਾ ਦਿੱਤੀਆਂ। ਕਮਲਾਂ ਨੇ ਆਪਣੇ ਹੱਥਾਂ ਵਿੱਚ ਚੇਨ ਤੇ ਮੁੰਦਰੀਆਂ ਫੜੀਆਂ ਅਤੇ ਖ਼ੁਸ਼ ਹੋ ਕੇ ਉਨ੍ਹਾਂ ਨੂੰ ਤੱਕਦੀ ਰਹੀ।

ਜੋਗਿੰਦਰ ਨੇ ਆਪਣੀ ਘਰਵਾਲੀ ਨੂੰ ਆਖਿਆ, "ਇਹ ਚੀਜ਼ਾਂ ਸਾਂਭ ਲਾ।" ਕੁਝ ਦੇਰ ਸੋਚਣ ਤੋਂ ਬਾਅਦ ਜੋਗਿੰਦਰ ਆਪਣੇ ਪੂਜਾ ਵਾਲੇ ਕਮਰੇ ਵਿੱਚ ਆ ਕੇ ਬੈਠ ਗਿਆ। ਜਿਸ ਕਮਰੇ ਵਿੱਚ ਉਹ ਪੂਜਾ-ਹਵਨ ਯੱਗ ਕਰਦਾ ਸੀ, ਉਸ ਵਿੱਚ ਦੇਵੀ-ਦੇਵਤਿਆਂ ਦੀਆਂ ਪੁਰਾਣੀਆਂ ਤਸਵੀਰਾਂ ਦੇ ਨਾਲ-ਨਾਲ ਤ੍ਰਿਸ਼ੂਲ, ਚਿਮਟੇ, ਕਾਲੀ ਮਾਤਾ ਦੀ ਮੂਰਤੀ ਤੇ ਕੁਝ ਪੁਰਾਣੇ ਕਾਗਜ਼-ਟੇਵੇ ਆਦਿ ਪਏ ਸਨ।

ਉਸ ਨੇ ਕਮਲਾਂ ਨੂੰ ਆਵਾਜ਼ ਦਿੱਤੀ। ਕਮਲਾਂ ਖ਼ੁਸ਼ੀ ਵਿੱਚ ਅੰਦਰ ਆਈ। ਉਸ ਨੇ ਆਪਣੇ ਪਤੀ ਦੇ ਹੱਥਾਂ ਵਿੱਚ ਪੰਜ-ਸੌ ਦੇ ਨੋਟ ਵੇਖੇ। ਇਹ ਕੋਈ ਚਾਲੀ-ਪੰਜਾਹ ਹਜ਼ਾਰ ਰੁਪਏ ਤੋਂ ਵੀ ਜ਼ਿਆਦਾ ਸਨ। ਉਸ ਦੀ ਖ਼ੁਸ਼ੀ ਹੋਰ ਵੀ ਵਧ ਗਈ, ਜਿਵੇਂ ਉਸ ਨੂੰ ਕਰੂ ਬਾਦਸ਼ਾਹ ਦਾ ਖ਼ਜ਼ਾਨਾ ਮਿਲ ਗਿਆ ਹੋਵੇ। ਜੋਗਿੰਦਰ ਨੇ ਇਹ ਪੈਸੇ ਵੀ ਆਪਣੀ ਘਰਵਾਲੀ ਨੂੰ ਦੇ ਦਿੱਤੇ। ਕਮਲਾਂ, ਜੋ ਪੈਸੇ-ਪੈਸੇ ਨੂੰ ਸਾਰੀ ਉਮਰ ਤੜਫਦੀ ਰਹੀ ਸੀ, ਉਸ ਨੂੰ ਅੱਜ ਜ਼ਿੰਦਗੀ ਵਿੱਚ ਪਹਿਲੀ ਵਾਰ ਅਮੀਰੀ ਦਾ ਅਹਿਸਾਸ ਹੋਇਆ। ਉਸ ਨੇ ਜੋਗੀ ਪੰਡਿਤ ਨੂੰ ਕੋਈ ਸਵਾਲ ਵੀ ਨਹੀਂ ਕੀਤਾ ਕਿ ਇਹ ਪੈਸਾ ਕਿੱਥੋਂ ਆਇਆ, ਕਿਵੇਂ ਆਇਆ।

ਪਰ ਜੋਗੀ ਪੰਡਿਤ ਕਿਸੇ ਡੂੰਘੀ ਸੋਚ ਵਿੱਚ ਡੁੱਬਿਆ ਬੇਚੈਨ ਬੈਠਾ ਸੀ। ਉਹ ਬੀੜੀ 'ਤੇ ਬੀੜੀ ਪੀ ਰਿਹਾ ਸੀ, ਅਤੇ ਬਾਰ-ਬਾਰ ਇੱਕੋ ਗੱਲ ਆਖ ਰਿਹਾ ਸੀ, "ਅੱਜ ਮੈਂ ਸਾਰੀ ਲੜਾਈ ਖ਼ਤਮ ਕਰ ਦਿੱਤੀ।" ਪਰ ਕਮਲਾਂ ਉਸ ਦੀ ਗੱਲ ਕਿੱਥੇ ਗ਼ੌਰ ਨਾਲ ਸੁਣ ਰਹੀ ਸੀ, ਉਹ ਖ਼ੁਸ਼ੀ ਨਾਲ ਬਾਰ-ਬਾਰ ਕਦੇ ਪੈਸੇ ਗਿਣਦੀ, ਕਦੇ ਸੋਨੇ ਦੇ ਗਹਿਣੇ ਚੁੰਮਦੀ।

ਅਗਲੇ ਦਿਨ ਸਵੇਰੇ ਕਮਲਾਂ ਉੱਠੀ ਅਤੇ ਚਾਹ ਬਣਾਉਣ ਲੱਗੀ। ਸੰਜੂ ਅਤੇ ਬੱਬੂ ਹਾਲੇ ਮੰਜਿਆਂ 'ਤੇ ਹੀ ਸੁੱਤੇ ਹੋਏ ਸਨ। ਜੋਗਿੰਦਰ ਪੰਡਿਤ ਦਿਖਾਈ ਨਹੀਂ ਦਿੱਤਾ। ਕਮਲਾਂ ਨੇ ਸੋਚਿਆ ਕਿ ਸ਼ਾਇਦ ਮੰਦਰ ਗਿਆ ਹੋਣਾ, ਪਰ ਅੰਦਰੋਂ ਦਰਵਾਜ਼ਾ ਬੰਦ ਸੀ। ਜੇ ਜੋਗਿੰਦਰ ਬਾਹਰ ਗਿਆ ਹੁੰਦਾ ਤਾਂ ਦਰਵਾਜ਼ਾ ਖੋਲ੍ਹ ਕੇ ਜਾਂਦਾ।

ਕਮਲਾਂ ਪਹਿਲਾਂ ਤਾਂ ਰਾਤ ਵਾਲੇ ਪੈਸੇ ਅਤੇ ਗਹਿਣਿਆਂ ਨੂੰ ਵੇਖਦੀ ਹੈ ਅਤੇ ਸੁਖ ਦਾ ਸਾਹ ਲੈਂਦੀ ਹੈ। ਫਿਰ ਹੌਲੀ-ਹੌਲੀ ਸਾਰੇ ਕਮਰੇ ਵੇਖਦੀ ਹੋਈ ਪੂਜਾ ਵਾਲੇ ਕਮਰੇ ਕੋਲ ਆ ਗਈ। ਉਸ ਦਾ ਦਰਵਾਜ਼ਾ ਬੰਦ ਸੀ, ਉਸ ਨੇ ਹੱਥ ਮਾਰ ਕੇ ਉਸ ਨੂੰ ਖੋਲ੍ਹਿਆ। ਅੰਦਰ ਵੜਦਿਆਂ ਹੀ ਉਸ ਦੇ ਮੂੰਹੋਂ "ਰਾਮ-ਰਾਮ!" ਕਰਦੀ ਚੀਕ ਨਿਕਲ ਗਈ। ਉਸ ਦੀ ਚੀਕ ਨੇ ਦੋਵਾਂ ਪੁੱਤਰਾਂ ਨੂੰ ਥੱਲੇ ਲੈ ਆਂਦਾ। ਉਨ੍ਹਾਂ ਦੀਆਂ ਅੱਖਾਂ ਫਟੀਆਂ ਰਹਿ ਗਈਆਂ। ਜੋਗਿੰਦਰ ਨੇ ਪਹਿਲਾਂ ਨੀਂਦ ਦੀ ਦਵਾਈ ਖਾਧੀ ਸੀ ਅਤੇ ਬਾਅਦ ਵਿੱਚ ਕਮਰੇ ਦੇ ਪੱਖੇ ਨਾਲ ਫਾਹਾ ਲੈ ਲਿਆ ਸੀ। ਦੋਵਾਂ ਮੁੰਡਿਆਂ ਨੇ ਰੌਲਾ ਪਾਇਆ ਅਤੇ ਲੋਕਾਂ ਨੇ ਉਸ ਦੀ ਲੋਥ ਨੂੰ ਹੇਠਾਂ ਉਤਾਰਿਆ।

ਕਮਲਾਂ, ਜੋ ਕੱਲ੍ਹ ਰਾਤ ਆਪਣੀ ਜ਼ਿੰਦਗੀ ਦੇ ਖ਼ੁਸ਼ੀ ਭਰੇ ਪਲਾਂ ਨੂੰ ਸਭ ਤੋਂ ਵੱਧ ਭਾਗਾਂ ਵਾਲਾ ਸਮਾਂ ਮੰਨ ਬੈਠੀ ਸੀ, ਯਕਾਯਕ ਕੁਝ ਹੀ ਦੇਰ ਬਾਅਦ ਗ਼ਮਾਂ ਵਿੱਚ ਡੁੱਬ ਗਈ।

ਲੋਕਾਂ ਦੀ ਰਾਏ ਇਹ ਸੀ ਕਿ ਨਿਕੰਮੇ ਅਤੇ ਆਵਾਰਾ ਪੁੱਤਰਾਂ ਤੋਂ ਦੁਖੀ ਹੋ ਕੇ ਪੰਡਿਤ ਜੀ ਨੇ ਫਾਹਾ ਲੈ ਲਿਆ। ਮੁਹੱਲੇ ਦੇ ਲੋਕਾਂ ਅਤੇ ਕੌਂਸਲਰਾਂ ਨੇ ਪੁਲਿਸ ਨੂੰ ਬੇਨਤੀ ਕੀਤੀ ਕਿ ਸੰਸਕਾਰ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਸੋ ਦੁਪਹਿਰ ਤੱਕ ਜੋਗਿੰਦਰ ਦਾ ਸੰਸਕਾਰ ਕਰ ਦਿੱਤਾ ਗਿਆ। ਉਸ ਦੀਆਂ ਕੁੜੀਆਂ ਨੂੰ ਵੀ ਨਾ ਉਡੀਕਿਆ ਗਿਆ। ਪਰ ਕਮਲਾਂ ਅਤੇ ਜੋਗਿੰਦਰ ਵਿਚਕਾਰ ਰਾਤ ਨੂੰ ਜੋ ਕੁਝ ਹੋਇਆ ਸੀ, ਉਸ ਬਾਰੇ ਕਿਸੇ ਨੂੰ ਕੱਖ ਵੀ ਪਤਾ

ਨਾ ਲੱਗਾ। ਜੋਗਿੰਦਰ ਨੇ ਖ਼ੁਦਕੁਸ਼ੀ ਕਿਉਂ ਕੀਤੀ, ਇਹ ਗੁੰਝਲ ਵੀ ਕਮਲਾਂ ਕੱਢ ਨਾ ਸਕੀ।

ਜੋਗਿੰਦਰ ਦੀ ਅੰਤਿਮ ਅਰਦਾਸ ਤੋਂ ਬਾਅਦ ਉਸ ਦੇ ਪੁੱਤਰ ਲੋੜ ਤੋਂ ਵੱਧ ਖ਼ਰਾਬ ਹੋਣ ਲੱਗ ਪਏ। ਕਸਬੇ ਦੀ ਬਦਨਾਮ 'ਸ਼ਾਲੂ ਭਾਬੀ' ਦੇ ਘਰ ਉਨ੍ਹਾਂ ਦੋਹਾਂ ਭਰਾਵਾਂ ਦਾ ਵਾਰੋ-ਵਾਰੀ ਗੇੜਾ ਜਗ-ਜ਼ਾਹਰ ਸੀ। ਸ਼ਾਲੂ ਭਾਬੀ ਦਾ ਰੁਤਬਾ ਇਹੋ ਜਿਹਾ ਸੀ ਕਿ ਭਲੇ ਲੋਕ ਉਸ ਦਾ ਨਾਂ ਹੌਲੀ ਜ਼ੁਬਾਨ ਨਾਲ ਲੈਂਦੇ ਸਨ ਅਤੇ ਜੇਕਰ ਕੋਈ ਉਸ ਦੇ ਇਲਾਕੇ ਵਿੱਚ ਇੱਕ-ਦੋ ਵਾਰ ਗੇੜਾ ਮਾਰਦਾ ਤਾਂ ਉਹ ਬਦਨਾਮ ਹੋਣ ਦੀ ਕਗਾਰ 'ਤੇ ਪੁੱਜ ਜਾਂਦਾ। ਸ਼ਾਲੂ ਭਾਬੀ ਆਪਣੇ ਆਪ ਨੂੰ ਉਸ ਜ਼ਮਾਨੇ ਦੀ ਕਿਸੇ ਫ਼ਿਲਮੀ ਹੀਰੋਇਨ ਨਾਲੋਂ ਘੱਟ ਨਹੀਂ ਸੀ ਸਮਝਦੀ—ਪੂਰੀ ਫੈਸ਼ਨੇਬਲ ਸਜ-ਧਜ ਕੇ ਰਹਿਣ ਵਾਲੀ, ਤ੍ਰਿਆ ਚਰਿੱਤਰ ਵਿੱਚ ਮਾਹਿਰ ਔਰਤ। ਉਸ ਦਾ ਪਤੀ ਰਾਜੂ ਪਹਿਲਾਂ ਇੱਕ ਦਰਜ਼ੀ ਸੀ—ਸ਼ਰੀਫ਼ ਆਦਮੀ, ਜਿਸ ਦਾ ਇਹ ਦੂਜਾ ਵਿਆਹ ਸੀ। ਪਹਿਲੀ ਪਤਨੀ ਇੱਕ ਬੋਲੀ ਬੱਚੀ ਨੂੰ ਜਨਮ ਦੇਣ ਤੋਂ ਇੱਕ ਸਾਲ ਬਾਅਦ ਪੂਰੀ ਹੋ ਗਈ ਸੀ। ਉਸ ਦਾ ਦੂਜਾ ਵਿਆਹ ਸ਼ਾਲੂ ਨਾਲ ਹੋਇਆ। ਸ਼ਾਲੂ ਦਾ ਇਹ ਤੀਜਾ ਵਿਆਹ ਸੀ ਅਤੇ ਉਹ ਦਿੱਲੀ ਸ਼ਹਿਰ ਦੀ ਰਹਿਣ ਵਾਲੀ ਸੀ।

ਸ਼ਾਲੂ ਭਾਬੀ ਅਕਸਰ ਆਖਦੀ ਸੀ, "ਜੇ ਮੇਰਾ ਵਿਆਹ ਇਸ ਬੁੱਧੂ ਨਾਲ ਨਾ ਹੁੰਦਾ ਤਾਂ ਮੈਨੂੰ ਕੀ ਲੋੜ ਸੀ ਸ਼ਾਲੂ ਭਾਬੀ ਬਣਨ ਦੀ!" ਅੱਗੋਂ ਰਾਜੂ ਚੁੱਪ-ਚਾਪ ਘਰ ਦੇ ਕੰਮ ਕਰਦਾ, ਆਪਣੀ ਬੱਚੀ ਪਾਲਦਾ, ਛਿੱਤਰ ਖਾਂਦਾ ਅਤੇ ਉਸ ਦੀ ਹਾਂ ਵਿੱਚ ਹਾਂ ਮਿਲਾ ਕੇ ਗੁਜ਼ਾਰਾ ਕਰਦਾ। ਪਰ ਕਦੇ-ਕਦੇ ਆਖਦਾ, "ਮੈਂ ਬੁੱਧੂ ਨਹੀਂ, ਭੋਲਾ ਹਾਂ। ਮੈਂ ਸਭ ਜਾਣਦਾ ਹਾਂ ਕਿ ਚੱਕਰ ਕੀ ਚੱਲਦੇ ਆ।

ਸ਼ਾਲੂ ਭਾਬੀ ਨੇ ਆਪਣੇ ਚੱਕਰਾਂ ਵਿੱਚ ਰਾਜਗੜ੍ਹ ਦੇ ਬਦਮਾਸ਼ ਨੌਜਵਾਨਾਂ ਤੇ ਰਸੂਖ਼ਦਾਰਾਂ ਨੂੰ ਘੁਮਾਇਆ ਸੀ। 10 ਸਾਲਾਂ ਵਿੱਚ ਉਸ ਦਾ ਅੱਡਾ ਜੁਆਰੀਆਂ, ਸਮੈਕਚੀਆਂ, ਨਸ਼ੀਲੀਆਂ ਦਵਾਈਆਂ ਅਤੇ ਦੇਹ ਵਪਾਰ ਵਾਸਤੇ ਮਸ਼ਹੂਰ ਹੋ ਚੁੱਕਾ ਸੀ। ਉਸ ਦੇ ਅੱਡੇ 'ਤੇ ਰਸੂਖ਼ ਵਾਲੇ ਅਫ਼ਸਰਾਂ ਦਾ ਵੀ ਆਉਣਾ-ਜਾਣਾ ਸੀ, ਜਿਸ ਕਾਰਨ ਉੱਥੋਂ ਦੇ ਲੋਕਾਂ ਦਾ ਜੀਣਾ ਮੁਹਾਲ ਹੋ ਗਿਆ ਸੀ।

ਬੱਬੂ ਤੇ ਸੰਜੂ ਦੇ ਸ਼ਾਲੂ ਭਾਬੀ ਦੇ ਅੱਡੇ 'ਤੇ ਆਉਣ-ਜਾਣ ਕਾਰਨ ਹੁਣ ਗਲੀ-ਮੁਹੱਲੇ ਦੇ ਭਲੇ ਲੋਕਾਂ ਨੇ ਉਨ੍ਹਾਂ ਦੇ ਘਰ ਆਉਣਾ-ਜਾਣਾ ਬੰਦ ਕਰ ਦਿੱਤਾ। ਸੰਜੂ ਸ਼ਾਲੂ ਭਾਬੀ 'ਤੇ ਇੰਨਾ ਫ਼ਿਦਾ ਸੀ ਕਿ ਉਸ ਦੇ ਸਹੀ-ਗ਼ਲਤ ਕੰਮ ਬਗੈਰ ਸੋਚੇ-ਸਮਝੇ ਕਰ ਦਿੰਦਾ ਸੀ। ਸੰਜੂ ਅਕਸਰ ਸ਼ਾਲੂ ਨੂੰ ਆਖਦਾ, "ਭਾਬੀ, ਚਾਹ ਪਿਲਾ ਦੇ ਮਿੱਠੇ ਤੇਜ਼ ਵਾਲੀ।" ਅੱਗੋਂ ਸ਼ਾਲੂ ਆਪਣੇ ਘਰਵਾਲੇ ਰਾਜੂ ਨੂੰ ਅੱਖ ਦੇ ਇਸ਼ਾਰੇ ਨਾਲ ਚਾਹ ਲਿਆਉਣ ਲਈ ਆਖਦੀ ਅਤੇ ਉਹ ਡਰਦਾ ਹੋਇਆ ਬਣਾ ਦਿੰਦਾ।

ਪੰਡਤਾਈ ਦਾ ਕੰਮ ਤਾਂ ਜੋਗੀ ਪੰਡਿਤ ਦੇ ਨਾਲ ਹੀ ਖ਼ਤਮ ਹੋ ਗਿਆ। ਕਮਲਾਂ, ਜੋ ਜੋਗਿੰਦਰ ਦੇ ਧਨ-ਮਾਲ ਨਾਲ ਪੁੱਤਰਾਂ ਤੋਂ ਚੋਰੀ-ਚੋਰੀ ਘਰ ਚਲਾਉਂਦੀ ਰਹੀ, ਹੁਣ ਜ਼ਿਆਦਾਤਰ ਘਰ ਹੀ ਰਹਿੰਦੀ ਸੀ। ਪਰ ਸਿਆਣੇ ਆਖਦੇ ਹਨ ਕਿ ਖਾਧਿਆਂ ਖੂਹ ਵੀ ਖਾਲੀ ਹੋ ਜਾਂਦੇ ਹਨ।

ਹੁਣ ਕਮਲਾਂ ਵੀ ਉਨ੍ਹਾਂ ਨੂੰ ਕੰਮ-ਧੰਦੇ ਲਈ ਆਖਣ ਲੱਗੀ। ਜਿੱਥੇ ਵੀ ਸੰਜੂ ਕੰਮ 'ਤੇ ਲੱਗਦਾ, ਉੱਥੇ ਉਸ ਦੀਆਂ ਚੋਰੀਆਂ ਅਤੇ ਸ਼ਰਾਰਤਾਂ ਦੀਆਂ ਖ਼ਬਰਾਂ ਕਮਲਾਂ ਕੋਲ ਆਉਂਦੀਆਂ, ਪਰ ਉਹ ਕਿਸੇ ਦੀ ਨਹੀਂ ਸੁਣਦੀ ਸੀ। ਬੱਬੂ ਇੱਕ ਵਾਰ ਬੱਸ ਕੰਡਕਟਰ ਲੱਗ ਗਿਆ, ਪਰ ਕੁਝ ਹੀ ਦਿਨਾਂ ਵਿੱਚ ਉਸ ਨੇ ਆਪਣੇ ਨਾਲ ਦੇ ਮੁੰਡੇ ਨੂੰ ਵੀ ਨਸ਼ਾ ਕਰਨ ਲਾ ਦਿੱਤਾ।

ਇੱਕ ਦਿਨ ਬੱਬੂ ਦੇ ਹੱਥ ਮਾਂ ਦੀ ਅਲਮਾਰੀ ਵਿੱਚੋਂ ਪੰਜ-ਪੰਜ ਸੌ ਦੇ ਪੰਜ-ਸੱਤ ਨੋਟ ਲੱਗ ਗਏ। ਕਮਲਾਂ ਨੇ ਇਹ ਪੈਸਾ ਰਾਸ਼ਨ ਅਤੇ ਦੁੱਧ ਵਾਲੇ ਲਈ ਰੱਖਿਆ ਹੋਇਆ ਸੀ ਅਤੇ ਉਹ ਉਸ ਵੇਲੇ ਬਾਥਰੂਮ ਵਿੱਚ ਨਹਾਉਣ ਗਈ ਹੋਈ ਸੀ। ਉਸ ਦਿਨ ਬੱਬੂ ਨੇ ਸ਼ਾਲੂ ਭਾਬੀ ਦੇ ਅੱਡੇ ਤੋਂ ਪਹਿਲਾਂ ਨਸ਼ੇ ਦੇ ਟੀਕੇ ਖ਼ਰੀਦੇ, ਫਿਰ ਦਿਲ ਭਰ ਕੇ ਨਸ਼ਾ ਕੀਤਾ ਅਤੇ ਐਸ਼ ਕੀਤੀ। ਪਰ ਅਚਾਨਕ ਉਸ ਦੇ ਇੱਕ ਅਮਲੀ ਸਾਥੀ ਨੇ ਗਲਤੀ ਨਾਲ ਉਸ ਦੇ ਸਰੀਰ ਵਿੱਚ ਨਸ਼ੇ ਦਾ ਤੇਜ਼ ਟੀਕਾ ਲਗਾ ਦਿੱਤਾ। ਜਦੋਂ ਬੱਬੂ ਦੀ ਹਾਲਤ ਗੰਭੀਰ ਹੋ ਗਈ ਤਾਂ ਉਸ ਦਾ ਸਾਥੀ ਉਸ ਨੂੰ ਇੱਕ ਖਾਲੀ ਪਲਾਟ ਵਿੱਚ ਛੱਡ ਕੇ ਭੱਜ ਗਿਆ।

ਕੁਝ ਦੇਰ ਬਾਅਦ ਲੋਕਾਂ ਨੇ ਰੌਲਾ ਪਾਇਆ। ਪੁਲਿਸ ਮੌਕੇ 'ਤੇ ਪਹੁੰਚੀ ਅਤੇ ਬੱਬੂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਕਮਲਾਂ ਦੇਵੀ ਉੱਤੇ ਕਹਿਰਾਂ ਦੇ ਦਿਨ ਨਾਜ਼ਲ ਹੋਏ। ਛੇ ਮਹੀਨਿਆਂ ਵਿੱਚ ਪਹਿਲਾਂ ਪਤੀ ਦੀ ਮੌਤ ਅਤੇ ਹੁਣ ਛੋਟੇ ਮੁੰਡੇ ਬੱਬੂ ਦੀ ਮੌਤ—ਘਰ ਉਸ ਨੂੰ ਖਾਣ ਨੂੰ ਪੈਂਦਾ ਸੀ। ਉਸ ਦੀ ਅੰਤਿਮ ਅਰਦਾਸ ਮੌਕੇ ਜੋਗਿੰਦਰ ਅਤੇ ਬੱਬੂ ਦਾ ਅਫ਼ਸੋਸ ਕਰਨ ਲਈ ਇੱਕ ਬਜ਼ੁਰਗ ਆਇਆ। ਉਹ ਦੇਹਾਤੀ ਕੱਪੜਿਆਂ ਵਿੱਚ ਸੀ ਅਤੇ ਗੇਰੂਏ ਰੰਗ ਦਾ ਪਰਨਾ ਪਾਇਆ ਹੋਇਆ ਸੀ। ਉਸ ਨੇ ਆਖ਼ਰ ਵਿੱਚ ਕਮਲਾਂ ਕੋਲ ਜਾ ਕੇ ਕਿਹਾ, "ਮੈਂ ਜੋਗੀ ਦਾ ਦੋਸਤ ਹਾਂ ਅਤੇ

ਬੇਟੀ, ਤੇਰੇ ਨਾਲ ਕੋਈ ਜ਼ਰੂਰੀ ਗੱਲ ਕਰਨੀ ਹੈ।

ਕਮਲਾਂ ਨੇ ਆਪਣੀ ਵੱਡੀ ਕੁੜੀ ਆਰਤੀ ਨੂੰ ਉਸ ਬਜ਼ੁਰਗ ਨੂੰ ਰੋਟੀ ਖਵਾਉਣ ਲਈ ਕਿਹਾ ਅਤੇ ਬਾਅਦ ਵਿੱਚ ਮੰਦਰ ਵਿੱਚੋਂ ਕਾਰਜ ਮੁਕਾ ਕੇ ਉਸ ਨੂੰ ਘਰ ਲੈ ਆਉਣ ਬਾਰੇ ਆਖਿਆ। ਉਸ ਬਜ਼ੁਰਗ ਨੂੰ ਥੱਲੇ ਜੋਗਿੰਦਰ ਦੇ ਪੂਜਾ ਵਾਲੇ ਕਮਰੇ ਵਿੱਚ ਬਿਠਾ ਦਿੱਤਾ ਗਿਆ। ਕਮਲਾਂ ਅਤੇ ਉਸ ਦੀ ਕੁੜੀ ਆਰਤੀ ਰਿਸ਼ਤੇਦਾਰਾਂ ਨੂੰ ਤੋਰ ਕੇ ਉਸ ਕੋਲ ਆ ਬੈਠੀਆਂ।

"ਮੇਰਾ ਨਾਮ ਰਾਮ ਨਰੇਸ਼ ਸਾਰਸਵਤ ਹੈ, ਮੈਂ ਬਾਗੜ ਇਲਾਕੇ ਰਾਜਸਥਾਨ ਤੋਂ ਪੰਜਾਬ ਆਇਆ ਹਾਂ।"ਉਸ ਨੇ ਗੱਲ ਸ਼ੁਰੂ ਕੀਤੀ :

"ਮੈਂ ਤੇ ਜੋਗਿੰਦਰ ਦੋਵੇਂ ਬਨਾਰਸ ਵਿੱਚ ਮਿਲੇ। ਇੱਕ ਸਾਲ ਤੱਕ ਦਰ-ਦਰ, ਕਈ ਆਸ਼ਰਮਾਂ ਅਤੇ ਮੰਦਰਾਂ ਵਿੱਚ ਕੰਮ ਦੀ ਤਲਾਸ਼ ਵਿੱਚ ਭਟਕਦੇ ਰਹੇ। ਅਸੀਂ ਕਈ ਥਾਵਾਂ 'ਤੇ ਕਰਮ-ਕਾਂਡ ਦੇ ਕੰਮ ਲੱਭੇ, ਪਰ ਲੋਕਾਂ ਨੇ ਸਾਡੇ 'ਤੇ ਭਰੋਸਾ ਨਾ ਕੀਤਾ। ਆਖ਼ਰ ਅਸੀਂ ਖ਼ਵਾਰ ਹੁੰਦੇ-ਹੁੰਦੇ ਕਾਂਸ਼ੀ ਪਹੁੰਚ ਗਏ। ਇੱਥੇ ਬਨਾਰਸ ਦੇ ਪ੍ਰਸਿੱਧ ਘਾਟਾਂ 'ਤੇ ਬਣੇ ਸ਼ਮਸ਼ਾਨ ਘਾਟਾਂ ਵਿੱਚ ਮੁਰਦਿਆਂ ਦਾ ਅੰਤਿਮ ਸੰਸਕਾਰ ਕਰਨ ਲੱਗ ਪਏ। ਸਾਡਾ ਦੋਵਾਂ ਦਾ ਕੰਮ ਸੀ ਕਿ ਲਾਸ਼ ਦੇ ਵਿਧੀ-ਵਿਧਾਨ ਨਾਲ ਹੋਣ ਵਾਲੇ ਕਰਮ-ਕਾਂਡ ਪੂਰੇ ਕਰਨ ਤੋਂ ਬਾਅਦ ਉਸ ਦਾ ਸੰਸਕਾਰ ਕਰਨਾ।

ਉਨ੍ਹਾਂ ਘਾਟਾਂ ਦੀ ਇਹ ਗੱਲ ਪ੍ਰਾਚੀਨ ਕਾਲ ਤੋਂ ਚੱਲੀ ਆ ਰਹੀ ਸੀ ਕਿ ਉੱਥੇ ਕਦੇ ਅੱਗ ਠੰਡੀ ਨਹੀਂ ਹੁੰਦੀ। ਦਿਨ-ਰਾਤ ਉੱਥੇ ਮੁਰਦੇ ਆਉਂਦੇ ਹਨ ਅਤੇ ਉਨ੍ਹਾਂ ਦਾ ਸੰਸਕਾਰ ਹੁੰਦਾ ਰਹਿੰਦਾ ਹੈ। ਸਾਨੂੰ ਪ੍ਰਤੀ ਮੁਰਦਾ ਸੌ ਰੁਪਏ ਮਿਲਦੇ ਸਨ। ਸਾਨੂੰ ਰਾਤ-ਦਿਨ ਸਾਹ ਲੈਣ ਦੀ ਫੁਰਸਤ ਨਹੀਂ ਮਿਲਦੀ ਸੀ। ਜੋਗੀ ਕਈ ਵਾਰ ਰਾਤਾਂ ਨੂੰ ਜਾਗ ਕੇ ਮਸਾਣਾਂ ਵਿੱਚ ਤੰਤਰ-ਮੰਤਰ ਵੀ ਕਰਦਾ ਸੀ। ਮੈਂ ਕਈ ਵਾਰ ਉਸ ਨੂੰ ਆਖਿਆ, 'ਜੋਗੀ, ਇਸ ਨਾਲ ਕੀ ਹੋਵੇਗਾ?' ਉਸ ਨੇ ਜਵਾਬ ਦਿੱਤਾ, 'ਚਾਚਾ, ਇਹ ਕਾਲ ਭੈਰੋਂ ਦੀ ਸਾਧਨਾ ਹੈ। ਇਸ ਨਾਲ ਮਹਾਂਮਾਇਆ ਖ਼ੁਸ਼ ਹੋ ਕੇ ਮਾਇਆ ਦੇਵੇਗੀ।' ਪਰ ਮੈਂ ਉਸ ਨੂੰ ਆਖਦਾ, 'ਨਾ ਜੋਗੀ, ਕਿਸਮਤ ਨਾਲ ਨਾ ਖੇਡ, ਇਹ ਟੂਣੇ-ਟੋਟਕਿਆਂ ਨਾਲ ਪ੍ਰਮਾਤਮਾ ਕਦੇ ਨਹੀਂ ਮੰਨਦਾ।' ਉਹ ਹੱਸ ਕੇ ਆਖਦਾ, 'ਚਾਚਾ, ਆਵੇਗੀ ਮਾਇਆ ਆਵੇਗੀ।' ਮੈਂ ਕਿਹਾ, 'ਵੇਖੀਂ ਬਾਵਰੇ, ਕਿਤੇ ਪੁੱਠੇ ਪੈਰੀਂ ਨਾ ਆ ਜਾਵੇ!' ਉਸ ਨੇ ਹੱਸ ਕੇ ਆਖਣਾ, 'ਚਾਚਾ, ਆਪੇ ਸਿੱਧੀ ਕਰ ਲਾਂਗੇ, ਆਵੇ ਤਾਂ ਸਹੀ।'

ਇਸ ਤਰ੍ਹਾਂ ਸਾਨੂੰ ਉੱਥੇ ਇੱਕ ਸਾਲ ਤੋਂ ਉੱਪਰ ਹੋ ਗਿਆ। ਪਰ ਇੱਕ ਦਿਨ ਉਹੀ ਗੱਲ ਹੋਈ—ਮਾਇਆ ਸੱਚਮੁੱਚ ਆ ਗਈ, ਪਰ ਉੱਲੂ 'ਤੇ ਬੈਠ ਕੇ। ਅਸੀਂ ਰਾਤ ਨੂੰ ਰੋਟੀ ਖਾ ਰਹੇ ਸੀ ਕਿ ਦੋ ਗੱਡੀਆਂ ਆਈਆਂ। ਉਨ੍ਹਾਂ ਵਿੱਚੋਂ ਕੁਝ ਲੋਕਾਂ ਨੇ ਆਪਣੇ ਆਪ ਨੂੰ ਪੁਲਿਸ ਵਾਲੇ ਦੱਸਿਆ ਅਤੇ ਸਾਨੂੰ ਇੱਕ ਲਾਸ਼ ਦਾ ਸੰਸਕਾਰ ਕਰਨ ਲਈ ਆਖਿਆ। ਮੈਂ ਕਿਹਾ, 'ਤੁਸੀਂ ਉੱਪਰ ਜਾ ਕੇ ਦਫ਼ਤਰ ਵਿੱਚ ਨਾਮ ਦਰਜ ਕਰਵਾਓ। ਅਸੀਂ ਤਿਆਰੀ ਕਰਦੇ ਹਾਂ।'

ਪਰ ਇੱਕ ਆਦਮੀ ਨੇ ਕਿਹਾ, 'ਤੁਸੀਂ ਤਿਆਰੀ ਕਰੋ, ਅਸੀਂ ਗੱਲ ਕਰ ਲਈ ਹੈ।' ਜੋਗਿੰਦਰ ਨੇ ਮੇਰੇ ਵੱਲ ਦੇਖਿਆ ਅਤੇ ਉੱਠ ਕੇ ਬਾਹਰ ਆ ਗਿਆ। ਉਹ ਗੱਡੀ ਦੇ ਅੰਦਰ ਵੇਖਣ ਲੱਗਾ। ਉਸ ਵਿੱਚ ਇੱਕ ਪੈਂਤਾਲੀ ਸਾਲ ਦੇ ਆਦਮੀ ਦੀ ਲਾਸ਼ ਸੀ। ਉਸ ਦੇ ਸਰੀਰ 'ਤੇ ਡੂੰਘੇ ਜ਼ਖ਼ਮ ਸਨ। ਉਨ੍ਹਾਂ ਲੋਕਾਂ ਨੇ ਸਾਨੂੰ ਖੁੱਲ੍ਹੇ ਪੈਸੇ ਦਿੱਤੇ ਅਤੇ ਚੁੱਪ-ਚਾਪ ਕੰਮ ਕਰਨ ਨੂੰ ਕਿਹਾ। ਅਸੀਂ ਕੰਮ ਕਰ ਦਿੱਤਾ ਅਤੇ ਬਦਲੇ ਵਿੱਚ ਸਾਨੂੰ ਵੀਹ-ਵੀਹ ਹਜ਼ਾਰ ਰੁਪਏ ਮਿਲੇ। ਉਹ ਹਫ਼ਤੇ ਵਿੱਚ ਇੱਕ-ਦੋ ਵਾਰ ਇਹੋ ਕੰਮ ਕਰਨ ਆਉਂਦੇ ਰਹੇ ਅਤੇ ਅਸੀਂ ਲਾਲਚ ਵਿੱਚ ਫਸ ਕੇ ਕੰਮ ਕਰਦੇ ਰਹੇ। ਇੱਕ ਵਾਰ ਉਹ ਅਚਾਨਕ ਆਉਣਾ ਬੰਦ ਕਰ ਗਏ।

ਪਰ ਕੁਝ ਮਹੀਨਿਆਂ ਬਾਅਦ ਉਹ ਫਿਰ ਆਏ। ਉਸ ਆਦਮੀ ਨੇ ਇਸ਼ਾਰੇ ਨਾਲ ਸਾਨੂੰ ਬੁਲਾਇਆ ਅਤੇ ਕੰਮ ਕਰਨ ਲਈ ਕਿਹਾ। ਅਸੀਂ ਗੱਡੀ ਖੋਲ੍ਹ ਕੇ ਵੇਖਿਆ। ਉਸ ਵਿੱਚ ਕੋਈ ਵੀਹ-ਬਾਈ ਸਾਲ ਦੇ ਦੋ ਬੱਚੇ—ਇੱਕ ਮੁੰਡਾ ਅਤੇ ਇੱਕ ਕੁੜੀ—ਸਨ। ਬਾਕੀ ਗੱਡੀਆਂ ਵਿੱਚ ਵੀ ਹਥਿਆਰਬੰਦ ਆਦਮੀ ਬੈਠੇ ਸਨ। ਜਦੋਂ ਜੋਗਿੰਦਰ ਅੰਦਰ ਆਇਆ ਤਾਂ ਮੈਂ ਉਸ ਦੇ ਹੱਥ ਵਿੱਚ ਬਹੁਤ ਸਾਰੇ ਪੈਸੇ ਦੇਖੇ, ਜੋ ਉਸ ਆਦਮੀ ਨੇ ਉਸ ਦੇ ਹੱਥ ਵਿੱਚ ਫੜਾਏ ਸਨ—ਕੋਈ ਪੰਜਾਹ ਹਜ਼ਾਰ ਰੁਪਏ ਹੋਣੇ। ਅਸੀਂ ਆਪਣੀ ਸਾਰੀ ਉਮਰ ਵਿੱਚ ਕਦੇ ਇੰਨੇ ਪੈਸੇ ਨਹੀਂ ਵੇਖੇ ਸਨ।

ਜੋਗਿੰਦਰ ਨੇ ਮੇਰੇ ਵੱਲ ਦੇਖਿਆ, ਮੈਂ ਉਸ ਵੱਲ ਵੇਖਿਆ। ਸਾਡੀ ਚੁੱਪ ਨੇ ਇੱਕ-ਦੂਜੇ ਨੂੰ ਹਾਂ ਕਰ ਦਿੱਤੀ। ਅਸੀਂ ਫਟਾਫਟ ਤਿਆਰੀ ਸ਼ੁਰੂ ਕਰ ਦਿੱਤੀ। ਪਰ ਜਦੋਂ ਅਸੀਂ ਉਨ੍ਹਾਂ ਬੱਚਿਆਂ ਨੂੰ ਬਾਹਰ ਇਸ਼ਨਾਨ ਕਰਵਾਉਣ ਲੱਗੇ ਤਾਂ ਉਨ੍ਹਾਂ ਵਿੱਚੋਂ ਲੜਕੀ ਨੇ ਪਾਣੀ ਪੈਣ ਕਾਰਨ ਅੱਖਾਂ ਖੋਲ੍ਹੀਆਂ ਅਤੇ ਸਾਹ ਲੈਣ ਲੱਗੀ। ਜੋਗਿੰਦਰ ਨੇ ਉਸ ਆਦਮੀ ਨੂੰ ਕਿਹਾ, 'ਇਸ ਨੂੰ ਹਸਪਤਾਲ ਲੈ ਜਾਓ, ਇਹ ਬਚ ਸਕਦੀ ਹੈ।' ਪਰ ਉਨ੍ਹਾਂ ਵਿੱਚੋਂ ਇੱਕ ਨੇ ਕੁੜੀ ਦੇ

ਗਲ਼ ਦੀ ਚੇਨ ਅਤੇ ਮੁੰਦਰੀ ਲਾਹ ਕੇ ਜੋਗਿੰਦਰ ਨੂੰ ਫੜਾ ਦਿੱਤੀ ਅਤੇ ਚੁੱਪ-ਚਾਪ ਕੰਮ ਕਰਨ ਨੂੰ ਆਖਿਆ। ਇਸੇ ਤਰ੍ਹਾਂ ਮੁੰਡੇ ਦੇ ਹੱਥ ਦੀ ਮੁੰਦਰੀ ਵੀ ਲਾਹ ਕੇ ਜੋਗਿੰਦਰ ਨੂੰ ਫੜਾ ਦਿੱਤੀ। ਅਸੀਂ ਫਟਾਫਟ ਇੱਕੋ ਚਿਖਾ ਵਿੱਚ ਦੋਵਾਂ ਨੂੰ ਪਾ ਦਿੱਤਾ ਅਤੇ ਸੰਸਕਾਰ ਕਰ ਦਿੱਤਾ। ਜਾਂਦੇ ਹੋਏ ਉਹ ਹੋਰ ਪੈਸੇ ਸਾਡੇ ਵੱਲ ਸੁੱਟ ਕੇ ਗੱਡੀਆਂ ਲੈ ਕੇ ਦੌੜ ਗਏ।

ਅਸੀਂ ਦੋਵੇਂ ਸੋਚਦੇ ਰਹੇ ਕਿ ਇੱਕ ਘੰਟੇ ਵਿੱਚ ਇਹ ਕੀ-ਕੀ ਹੋ ਗਿਆ। ਜੋਗਿੰਦਰ ਉਸ ਬੱਚੀ ਬਾਰੇ ਸੋਚ ਰਿਹਾ ਸੀ, ਜਿਸ ਨੂੰ ਉਸ ਨੇ ਜਿਉਂਦੇ ਹੋਏ ਸਾੜ ਦਿੱਤਾ ਸੀ। ਅਗਲੇ ਦੋ ਦਿਨਾਂ ਬਾਅਦ ਸਵੇਰ ਦੀ ਅਖ਼ਬਾਰ ਵਿੱਚ ਖ਼ਬਰ ਸੀ ਕਿ ਦੋ ਮੈਡੀਕਲ ਵਿਦਿਆਰਥੀ ਲਾਪਤਾ ਹੋ ਗਏ ਹਨ। ਜੋਗਿੰਦਰ ਨੇ ਫ਼ੋਟੋ ਪਛਾਣ ਲਈ—ਇਹ ਕਿਸੇ ਵੱਡੀ ਅਖ਼ਬਾਰ ਦੇ ਮਾਲਕ ਦੇ ਬੱਚੇ ਸਨ, ਜੋ ਹੋਸਟਲ ਵਿੱਚ ਪੜ੍ਹਦੇ ਸਨ। ਜੋਗਿੰਦਰ ਨੇ ਮੈਨੂੰ ਸਾਰੀ ਗੱਲ ਦੱਸੀ ਅਤੇ ਕਿਹਾ, 'ਮੈਨੂੰ ਲੱਗਦਾ ਹੈ ਕਿ ਕੋਈ ਅਪਰਾਧੀ ਗੈਂਗ ਇਹ ਕੰਮ ਕਰ ਰਿਹਾ ਹੈ, ਜਿਸ ਦਾ ਕੰਮ ਕਤਲ ਤੋਂ ਬਾਅਦ ਲਾਸ਼ਾਂ ਨੂੰ ਖ਼ਤਮ ਕਰਨਾ ਹੈ ਤਾਂ ਜੋ ਸਬੂਤ ਨਾਲੋ-ਨਾਲ ਖ਼ਤਮ ਹੁੰਦੇ ਜਾਣ।'

ਅਸੀਂ ਆਪਣੀ ਜਾਨ ਬਚਾਉਣ ਲਈ ਉੱਥੋਂ ਨਿਕਲ ਕੇ ਸਰਾਵਾਂ ਤੇ ਹੋਟਲਾਂ ਵਿੱਚ ਰਹਿਣ ਲੱਗ ਪਏ। ਜੋਗਿੰਦਰ ਸਾਰੀ ਰਾਤ ਜਾਗਦਾ ਰਹਿੰਦਾ। ਕਦੇ ਉਹ ਬਾਹਰ ਨਿਕਲ ਜਾਂਦਾ ਅਤੇ ਕਦੇ ਚੁੱਪ-ਚਾਪ ਬੈਠਾ ਰਹਿੰਦਾ। ਉਸ ਦਾ ਚੈਨ-ਸੁਖ ਸਭ ਖ਼ਤਮ ਹੋ ਗਿਆ ਸੀ। ਕਦੇ ਉਹ ਪੁਲਿਸ ਤੋਂ ਡਰਦਾ ਅਤੇ ਕਦੇ ਸੌਣ ਤੋਂ। ਉਹ ਮੈਨੂੰ ਆਖਦਾ, 'ਚਾਚਾ, ਉਹ ਕੁੜੀ ਮੈਨੂੰ ਸੌਣ ਨਹੀਂ ਦਿੰਦੀ।' ਮੈਨੂੰ ਵੀ ਹੁਣ ਬੇਚੈਨੀ ਮਹਿਸੂਸ ਹੋਣ ਲੱਗ ਪਈ।

ਕੁਝ ਦਿਨਾਂ ਬਾਅਦ ਅਸੀਂ ਬਨਾਰਸ ਛੱਡ ਦਿੱਤਾ। ਜੋਗਿੰਦਰ ਪੰਜਾਬ ਵਾਪਸ ਆ ਗਿਆ ਅਤੇ ਮੈਂ ਆਪਣੇ ਪਿੰਡ ਰਾਜਸਥਾਨ। ਜੋਗਿੰਦਰ ਨੇ ਮੈਨੂੰ ਇੱਕ ਮੁੰਦਰੀ ਤੇ ਪੰਜਾਹ ਹਜ਼ਾਰ ਰੁਪਏ ਦੇ ਦਿੱਤੇ। ਮੈਂ ਇਹ ਪੈਸਾ ਲੈਣਾ ਵੀ ਨਹੀਂ ਸੀ ਚਾਹੁੰਦਾ, ਕਿਉਂਕਿ ਮੇਰੇ ਨਾਲੋਂ ਜ਼ਿਆਦਾ ਮਿਹਨਤ ਜੋਗੀ ਨੇ ਕੀਤੀ ਸੀ ਅਤੇ ਨਾਲੇ ਉਸ ਦੀ ਹਾਲਤ ਵੀ ਠੀਕ ਨਹੀਂ ਸੀ—ਬਿਮਾਰੀ ਉਸ ਦੇ ਅੰਦਰ ਬੈਠ ਚੁੱਕੀ ਸੀ। ਪਰ ਜੋਗੀ ਨਾ ਮੰਨਿਆ, ਉਸ ਨੇ ਮੇਰੇ ਹੱਥਾਂ ਵਿੱਚ ਪੈਸੇ ਰੱਖ ਦਿੱਤੇ। ਅਸੀਂ ਇੱਕ-ਦੂਜੇ ਨਾਲ ਇਹ ਵਾਅਦਾ ਕੀਤਾ ਕਿ ਕਿਸੇ ਨਾਲ ਇਸ ਬਾਰੇ ਕਦੇ ਗੱਲ ਨਹੀਂ ਕਰਾਂਗੇ। ਪਰ ਸਾਡੇ ਕੋਲ ਸਭ ਕੁਝ ਹੋਣ ਦੇ ਬਾਵਜੂਦ ਸਾਨੂੰ ਸੁੱਖ ਮਹਿਸੂਸ ਨਹੀਂ ਹੋ ਰਿਹਾ ਸੀ।

ਮੈਂ ਵਾਪਸ ਆਪਣੇ ਘਰ ਆ ਕੇ ਆਪਣੀ ਪਤਨੀ ਨੂੰ ਪੈਸੇ ਦੇ ਦਿੱਤੇ। ਪਰ ਕੁਝ ਦਿਨਾਂ ਬਾਅਦ ਉਸ ਨੂੰ ਕੈਂਸਰ ਹੋ ਗਿਆ। ਮੇਰਾ ਪੁੱਤਰ ਅਤੇ ਨੂੰਹ ਵੱਖਰੇ ਰਹਿਣ ਲੱਗ ਪਏ। ਉਸ ਦੇ ਇਲਾਜ 'ਤੇ ਪੱਚੀ-ਤੀਹ ਹਜ਼ਾਰ ਰੁਪਏ ਲੱਗ ਗਏ ਅਤੇ ਕੁਝ ਦਿਨਾਂ ਵਿੱਚ ਉਹ ਪੂਰੀ ਹੋ ਗਈ। ਇਸੇ ਕਰਕੇ ਮੈਂ ਜੋਗਿੰਦਰ ਦੀ ਮੌਤ 'ਤੇ ਨਹੀਂ ਆ ਸਕਿਆ। ਮੇਰਾ ਇੱਕੋ-ਇੱਕ ਪੁੱਤਰ ਹੈ ਅਤੇ ਉਹ ਆਪਣੀ ਪਤਨੀ ਤੇ ਮੇਰੇ ਪੋਤੇ ਨਾਲ ਕਿਸੇ ਹੋਰ ਮਕਾਨ ਵਿੱਚ ਰਹਿੰਦਾ ਹੈ। ਮੈਂ ਇਹ ਪੈਸਾ ਆਪਣੇ ਕੋਲ ਨਹੀਂ ਰੱਖਣਾ ਚਾਹੁੰਦਾ। ਮੈਂ ਆਪਣੇ ਬੱਚਿਆਂ ਨੂੰ ਪਿਆਰ ਕਰਦਾ ਹਾਂ। ਮੈਂ ਜੋਗਿੰਦਰ ਦਾ ਪੈਸਾ ਤੇ ਮੁੰਦਰੀ ਮੋੜਨ ਆਇਆ ਹਾਂ। ਇਸ ਪੈਸੇ ਨੇ ਮੈਨੂੰ ਸੁਖੀ ਨਹੀਂ ਰਹਿਣ ਦਿੱਤਾ।

ਇਨ੍ਹਾਂ ਗੱਲਾਂ ਤੋਂ ਬਾਅਦ ਰਾਮ ਨਰੇਸ਼ ਉੱਥੋਂ ਤੁਰਨ ਲੱਗਾ ਤੇ ਜਾਂਦਾ-ਜਾਂਦਾ ਆਖ ਗਿਆ, "ਮੇਰੇ ਕੋਲ ਹਾਲੇ ਵੀ ਉਹ ਪੈਸੇ ਸਨ, ਪਰ ਮੈਂ ਇਹਨਾਂ ਨੂੰ ਵਰਤਣ ਤੋਂ ਹੁਣ ਡਰਦਾ ਹਾਂ। ਇਸੇ ਕਰਕੇ ਮੈਂ ਤੁਰ ਕੇ ਪੈਸੇ ਮੰਗਦਾ ਹੋਇਆ ਤੁਹਾਡੇ ਤੱਕ ਆਇਆ ਹਾਂ। ਇਹ ਪੈਸਾ ਜੋਗੀ ਦਾ ਹੈ, ਮੈਂ ਨਹੀਂ ਵਰਤਾਂਗਾ। ਕਿਉਂਕਿ ਮੈਨੂੰ ਲੱਗਦਾ ਹੈ ਕਿ ਜਦੋਂ ਵੀ ਮੈਂ ਪੈਸੇ ਵਰਤਦਾ ਹਾਂ, ਇਹ ਮੈਨੂੰ ਖਾਂਦੇ ਹਨ, ਮੈਂ ਇਹਨਾਂ ਨੂੰ ਨਹੀਂ ਖਾਂਦਾ। ਜੋਗਿੰਦਰ ਦੁਖੀ ਸੀ। ਉਹ ਮੈਨੂੰ ਆਖਦਾ ਸੀ, 'ਚਾਚਾ, ਮੈਨੂੰ ਉਹ ਬੱਚੀ ਰਾਤਾਂ ਨੂੰ ਸੌਣ ਨਹੀਂ ਦਿੰਦੀ ਅਤੇ ਸੁਫ਼ਨੇ ਵਿੱਚ ਆ ਕੇ ਮੇਰੇ ਕੋਲ ਬੈਠ ਜਾਂਦੀ ਹੈ।' ਜਿਸ ਦਿਨ ਅਸੀਂ ਬਨਾਰਸ ਤੋਂ ਵਾਪਸ ਪਰਤੇ, ਉਹ ਮੈਨੂੰ ਆਖਦਾ ਸੀ, 'ਮੇਰੇ ਕੋਲ ਹੁਣ ਸਮਾਂ ਥੋੜ੍ਹਾ ਲੱਗਦਾ ਹੈ ਚਾਚਾ, ਸ਼ਾਇਦ ਮੇਰਾ ਗੁਰੂ ਮੇਰੀ ਉਡੀਕ ਕਰ ਰਿਹਾ ਹੈ।'

ਕਮਲਾਂ ਅਤੇ ਉਸ ਦੀ ਕੁੜੀ ਉਸ ਦੀਆਂ ਗੱਲਾਂ ਸੁਣ ਕੇ ਦਹਿਲ ਗਈਆਂ। ਦਰਅਸਲ, ਉਹ ਜੋਗਿੰਦਰ ਦੇ ਕੰਮ ਬਾਰੇ ਕੁਝ ਨਹੀਂ ਜਾਣਦੀਆਂ ਸਨ। ਰਾਮ ਨਰੇਸ਼ ਜਾਂਦਾ ਹੋਇਆ ਪੈਸੇ ਤੇ ਮੁੰਦਰੀ ਜੋਗੀ ਦੇ ਪੂਜਾ ਵਾਲੇ ਕਮਰੇ ਵਿੱਚ ਰੱਖ ਗਿਆ। ਆਰਤੀ ਨੇ ਜਾਂਦਿਆਂ ਉਸ ਬਜ਼ੁਰਗ ਨੂੰ ਆਪਣੇ ਘਰਵਾਲੇ ਕੋਲੋਂ ਲੈ ਕੇ 200 ਰੁਪਏ ਦਿੱਤੇ ਅਤੇ ਕਿਹਾ, "ਬਾਬਾ ਜੀ, ਇਹ ਮੇਰੇ ਵੱਲੋਂ।" ਰਾਮ ਨਰੇਸ਼ ਉਸ ਦੇ ਸਿਰ 'ਤੇ ਹੱਥ ਰੱਖ ਕੇ ਤੁਰ ਪਿਆ, ਅਤੇ ਜਾਂਦਾ ਹੋਇਆ ਆਖ ਗਿਆ, "ਬੇਟਾ, ਇਹ ਦੌਲਤ ਸਹੀ ਤੇ ਯੋਗ ਵਿਅਕਤੀ ਦੇ ਕੰਮ ਆਵੇਗੀ।

ਇਸ ਤੋਂ ਬਾਅਦ ਕਮਲਾਂ ਅਤੇ ਉਸ ਦੀ ਕੁੜੀ ਸੋਚਾਂ

ਵਿੱਚ ਪੈ ਗਈਆਂ। ਆਰਤੀ ਮਾਂ ਨੂੰ ਆਖਦੀ ਹੈ, "ਮਾਂ, ਤੂੰ ਮੈਨੂੰ ਉਹ ਗਹਿਣੇ ਵਿਖਾ।" ਕਮਲਾਂ ਬੂਹਾ ਬੰਦ ਕਰਕੇ ਆਪਣੀ ਅਲਮਾਰੀ ਵਿੱਚੋਂ ਕੱਪੜੇ ਦੀ ਗੰਢ ਵਿੱਚੋਂ ਉਹ ਚੀਜ਼ਾਂ ਬਾਹਰ ਕੱਢ ਕੇ ਆਰਤੀ ਨੂੰ ਵਿਖਾਉਂਦੀ ਹੈ। ਉਸ ਵਿੱਚ ਤੀਹ ਹਜ਼ਾਰ ਤੋਂ ਉੱਪਰ ਪੈਸੇ, ਇੱਕ ਚੇਨ ਅਤੇ ਮੁੰਦਰੀਆਂ ਸਨ। ਕਮਲਾਂ ਨੇ ਰਾਮ ਨਰੇਸ਼ ਵਾਲੇ ਪੈਸੇ ਤੇ ਮੁੰਦਰੀ ਵੀ ਵਿੱਚ ਰੱਖ ਲਈ। ਇੰਨੀ ਧਨ-ਦੌਲਤ ਮਾਵਾਂ-ਧੀਆਂ ਨੇ ਜ਼ਿੰਦਗੀ ਵਿੱਚ ਕਦੇ ਨਹੀਂ ਵੇਖੀ ਸੀ; ਕਿਸੇ ਵੀ ਖ਼ਰੇ ਆਦਮਜ਼ਾਤ ਲਈ ਇਮਾਨ 'ਤੇ ਟਿਕੇ ਰਹਿਣਾ ਮੁਸ਼ਕਲ ਸੀ।

ਆਰਤੀ ਮਾਂ ਨੂੰ ਆਖਦੀ ਹੈ, "ਮਾਂ, ਤੂੰ ਸੱਚ-ਸੱਚ ਦੱਸ, ਇਸ ਦਾ ਹੁਣ ਕੀ ਕਰੇਂਗੀ? ਇੰਦਾਂ ਕਰਦੇ ਹਾਂ, ਇਸ ਨੂੰ ਕਿਸੇ ਲੋੜਵੰਦ ਨੂੰ ਦੇ ਦਿੰਦੇ ਹਾਂ।"ਕਮਲਾਂ ਗ਼ੌਰ ਨਾਲ ਉਸ ਦੌਲਤ ਵੱਲ ਵੇਖ ਰਹੀ ਸੀ ਅਤੇ ਆਰਤੀ ਦੀ ਗੱਲ ਦੀ ਸ਼ਾਹਦੀ ਭਰਦੀ ਜਾਪਦੀ ਸੀ।

ਇੰਨੇ ਨੂੰ ਬਾਹਰ ਦਾ ਦਰਵਾਜ਼ਾ ਖੜਕਿਆ। ਸੰਜੂ ਅਤੇ ਆਰਤੀ ਦਾ ਘਰਵਾਲਾ ਰਮੇਸ਼ ਅੰਦਰ ਵੜਦਿਆਂ ਹੀ ਉੱਪਰ ਪੌੜੀਆਂ ਚੜ੍ਹ ਗਏ। ਕਮਲਾਂ ਨੇ ਆਨਨ-ਫਾਨਨ ਵਿੱਚ ਦੁਬਾਰਾ ਸਾਰਾ ਮਾਲ ਸਾਂਭ ਲਿਆ। ਆਰਤੀ ਬਾਹਰ ਆ ਕੇ ਆਪਣੇ ਬੱਚੇ ਨੂੰ ਚੁੱਕਦੀ ਹੈ। ਉਸ ਦਾ ਘਰਵਾਲਾ ਉਸ ਨੂੰ ਕੱਲ੍ਹ ਵਾਪਸੀ ਦੀ ਗੱਡੀ ਬਾਰੇ ਦੱਸਦਾ ਹੈ।

ਆਰਤੀ ਮਾਂ ਨੂੰ ਪਰਦੇ ਨਾਲ ਆਖਦੀ ਹੈ, "ਮਾਂ, ਇਸ ਨੂੰ ਨਾ ਵਰਤੀਂ।" ਪਰ ਕਮਲਾਂ ਨਾ ਤਾਂ ਉਸ ਦੀ ਗੱਲ ਦੀ ਤਸੱਲੀ ਨਾਲ ਸ਼ਾਹਦੀ ਭਰਦੀ ਹੈ ਅਤੇ ਨਾ ਹੀ ਇਸ ਬਾਰੇ ਗੱਲ ਕਰਨੀ ਚਾਹੁੰਦੀ ਹੈ, ਜਿਸ ਕਾਰਨ ਮਾਂ-ਧੀ ਇਸ ਤੋਂ ਬਾਅਦ ਇਸ ਮਸਲੇ ਬਾਰੇ ਕੋਈ ਗੱਲ ਨਹੀਂ ਕਰਦੀਆਂ। ਦਰਅਸਲ, ਕਮਲਾਂ ਦਾ ਮਨ ਨਹੀਂ ਮੰਨਦਾ ਸੀ। ਉਹ ਸਾਰੀ ਉਮਰ ਪੈਸੇ-ਪੈਸੇ ਨੂੰ ਤਰਸਦੀ ਰਹੀ ਸੀ; ਅੱਜ ਘਰ ਪਈ ਦੌਲਤ ਨੂੰ ਉਹ ਕਿਵੇਂ ਕਿਸੇ ਦੇ ਪੱਲੇ ਪਾ ਦੇਵੇ?

ਅਗਲੇ ਦਿਨ ਜਾਣ ਲੱਗਿਆਂ ਕਮਲਾਂ ਆਪਣੇ ਦੋਹਤੇ ਨੂੰ ਪਿਆਰ ਨਾਲ ਪੰਜ-ਸੌ ਦੇ ਦੋ ਨੋਟ ਦੇਣ ਲੱਗਦੀ ਹੈ। ਪਰ ਆਰਤੀ ਮਾਂ ਦੇ ਪੈਸੇ ਲੈਣ ਤੋਂ ਇਹ ਆਖ ਕੇ ਇਨਕਾਰ ਕਰ ਦਿੰਦੀ ਹੈ, "ਮਾਂ, ਮੇਰੇ ਟੱਬਰ ਨੇ ਹਾਲੇ ਜਿਉਣਾ ਹੈ। ਸਾਡੇ ਤੋਂ ਇਹ ਸ਼ਰਾਪ ਪਰੇ ਰੱਖ।"ਸੰਜੂ ਅਤੇ ਉਸ ਦਾ ਘਰਵਾਲਾ ਰਮੇਸ਼ ਬਾਹਰ ਖੜ੍ਹੇ ਸਨ, ਉਨ੍ਹਾਂ ਨੂੰ ਦੋਵਾਂ ਦੀ ਗੱਲਬਾਤ ਬਾਰੇ ਕੁਝ ਨਹੀਂ ਪਤਾ ਸੀ।

ਕਮਲਾਂ ਚੁੱਪ-ਚਾਪ ਅੰਦਰ ਵੜ ਗਈ। ਆਰਤੀ ਮਨ ਭਰ ਕੇ ਬਾਹਰ ਆ ਗਈ ਅਤੇ ਅੱਖਾਂ ਭਰਦੀ ਆਪਣੇ ਪੇਕੇ ਘਰ ਨੂੰ ਵੇਖਦੀ ਰਹੀ।

ਅੱਜ ਦਿਵਾਲੀ ਦੀ ਰਾਤ ਸੀ। ਸੰਜੂ ਘਰ ਨਾ ਆਇਆ। ਕਮਲਾਂ ਉਸ ਨੂੰ ਲੱਭਣ ਲਈ ਇੱਧਰ-ਉੱਧਰ ਲੋਕਾਂ ਦੇ ਘਰਾਂ ਵਿੱਚ ਗਈ, ਪਰ ਉਸ ਦਾ ਕੋਈ ਪਤਾ ਨਾ ਲੱਗਾ। ਕਮਲਾਂ ਘਰ ਦੇ ਬਾਹਰ ਪੌੜੀਆਂ 'ਤੇ ਬੈਠ ਗਈ। ਉਹ ਸੋਚਦੀ ਰਹੀ ਕਿ ਸੰਜੂ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਹੋਇਆ, ਦੂਰੋਂ ਉੱਚੀ-ਉੱਚੀ ਆਵਾਜ਼ ਵਿੱਚ ਗੀਤ ਗਾਉਂਦਾ ਆ ਰਿਹਾ ਹੋਵੇਗਾ। ਪਰ ਕਾਫ਼ੀ ਦੇਰ ਤੱਕ ਉਹ ਨਾ ਆਇਆ। ਕਮਲਾਂ ਨੂੰ ਗੁੱਸਾ ਆ ਗਿਆ ਅਤੇ ਉਸ ਨੇ ਦਰਵਾਜ਼ਾ ਬੰਦ ਕਰ ਦਿੱਤਾ। ਪਰ ਇਸ ਦੇ ਬਾਵਜੂਦ ਉਸ ਦੇ ਅੰਦਰ ਪੁੱਤਰ ਦੇ ਆਉਣ ਦੀ ਬੇਸਬਰੀ ਨਾਲ ਉਡੀਕ ਵੀ ਸੀ। ਇਕੱਲੀ ਦਾ ਰੋਟੀ ਖਾਣ ਨੂੰ ਵੀ ਮਨ ਨਾ ਕੀਤਾ। ਸਾਰਾ ਘਰ ਉਸ ਨੂੰ ਖਾਣ ਨੂੰ ਪੈਂਦਾ ਸੀ। ਕਿੱਥੇ ਸਾਰਾ ਦਿਨ-ਰਾਤ ਜੀਆਂ ਦਾ ਰੌਲਾ-ਰੱਪਾ ਪਿਆ ਰਹਿੰਦਾ ਸੀ ਅਤੇ ਕਿੱਥੇ ਅੱਜ ਦਿਵਾਲੀ ਦੀ ਰਾਤ ਘਰ ਵਿੱਚ ਸਨਾਟਾ ਛਾਇਆ ਹੋਇਆ ਸੀ। ਜਿਸ ਘਰ ਵਿੱਚ ਇੱਕ ਸਾਲ ਵਿੱਚ ਦੋ ਜਨਾਜ਼ੇ ਉੱਠ ਜਾਣ, ਉਸ ਘਰ ਦੀ ਕਾਹਦੀ ਵਿਸਾਖੀ ਤੇ ਕਾਹਦੀ ਦਿਵਾਲੀ।

ਹਾਰ ਕੇ ਉਡੀਕਦਿਆਂ-ਉਡੀਕਦਿਆਂ ਉਸ ਨੂੰ ਨੀਂਦ ਆ ਗਈ। ਸੁਫ਼ਨੇ ਵਿੱਚ ਜੋਗਿੰਦਰ ਆਉਂਦਾ ਹੈ। ਉਹ ਥੱਲੇ ਪੂਜਾ ਵਾਲੇ ਕਮਰੇ ਵਿੱਚੋਂ ਬਾਹਰ ਨਿਕਲਦਾ ਹੈ ਅਤੇ ਹੌਲੀ-ਹੌਲੀ ਉੱਪਰ ਪੌੜੀਆਂ ਚੜ੍ਹ ਕੇ ਉਸ ਦੇ ਕਮਰੇ ਵਿੱਚ ਆਉਂਦਾ ਹੈ। ਉਹ ਆਪਣੀ ਜੇਬ ਵਿੱਚੋਂ ਪੈਸੇ ਕੱਢ ਕੇ ਕਮਲਾਂ ਨੂੰ ਫੜਾਉਂਦਾ ਹੈ, ਫਿਰ ਦੂਜੀ ਜੇਬ ਵਿੱਚੋਂ ਸੋਨੇ ਦੀ ਚੇਨ ਅਤੇ ਮੁੰਦਰੀਆਂ ਕੱਢ ਕੇ ਉਸ ਨੂੰ ਫੜਾਉਂਦਾ ਹੈ। ਉਨ੍ਹਾਂ ਨੂੰ ਖ਼ੂਨ ਲੱਗਿਆ ਹੋਇਆ ਹੈ। ਕਮਲਾਂ ਦੇ ਹੱਥ ਲਹੂ ਨਾਲ ਲਿਬੜ ਜਾਂਦੇ ਹਨ।

ਜੋਗਿੰਦਰ ਉੱਚੀ-ਉੱਚੀ ਹੱਸਦਾ ਹੈ ਅਤੇ ਆਖਦਾ ਹੈ, "ਮੈਂ ਸ਼ਰਾਪ ਤੋਂ ਮੁਕਤ ਹੋ ਗਿਆ... ਮੁਕਤ ਹੋ ਗਿਆ।

ਅਚਾਨਕ ਉਸ ਦੇ ਪਿੱਛੇ ਉਸ ਦਾ ਗੁਰੂ ਜੁਗਲ ਕਿਸ਼ੋਰ ਖੜ੍ਹਾ ਹੁੰਦਾ ਹੈ। ਉਹ ਹੱਸ ਕੇ ਜੋਗਿੰਦਰ ਦੇ ਮੋਢੇ 'ਤੇ ਹੱਥ ਰੱਖਦਾ ਹੈ ਅਤੇ ਆਖਦਾ ਹੈ, "ਜੋਗੀ, ਦੱਸ ਤਾਂ ਮੈਨੂੰ, ਆਪਣੇ ਗੁਰੂ ਦੇ ਕਤਲ ਤੋਂ ਕਿਵੇਂ ਮੁਕਤ ਹੋਵੇਂਗਾ?

ਕਮਲਾਂ ਹੈਰਾਨ ਹੋ ਕੇ ਆਖਦੀ ਹੈ, "ਮਾਮਾ ਜੀ, ਤੁਸੀਂ ਇੱਥੇ?

ਉਸੇ ਵੇਲੇ ਬੱਬੂ ਕਮਰੇ ਵਿੱਚ ਦਾਖ਼ਲ ਹੁੰਦਾ ਹੈ। ਉਸ ਦੀਆਂ ਬਾਹਾਂ 'ਤੇ ਸੂਈਆਂ ਦੇ ਨਿਸ਼ਾਨ ਹਨ ਅਤੇ ਲੱਤਾਂ 'ਤੇ ਖ਼ੂਨ

ਲੱਗਿਆ ਹੋਇਆ ਹੈ। ਉਹ ਆਖਦਾ ਹੈ, "ਮਾਂ, ਭੁੱਖ ਲੱਗੀ ਆ, ਮੈਂ ਕਿੰਨੇ ਦਿਨਾਂ ਤੋਂ ਕੁਝ ਨਹੀਂ ਖਾਧਾ।

ਜੁਗਲ ਕਿਸ਼ੋਰ ਉੱਚੀ-ਉੱਚੀ ਹੱਸਦਾ ਹੈ, "ਹਾਂ ਕਮਲਾਂ, ਇਹਨੂੰ ਵੀ ਉਹੀ ਖੀਰ ਦੇ ਜੋ ਤੂੰ ਮੈਨੂੰ ਦਿੱਤੀ ਸੀ।

ਜੋਗਿੰਦਰ, ਬੱਬੂ ਅਤੇ ਕਮਲਾਂ ਖੜ੍ਹੇ ਜੁਗਲ ਕਿਸ਼ੋਰ ਵੱਲ ਵੇਖ ਰਹੇ ਹਨ। ਉਹ ਹੱਸਦਾ ਹੋਇਆ ਬਾਹਰ ਨਿਕਲਦਾ ਹੈ ਅਤੇ ਵਿਅੰਗ ਵਿੱਚ ਆਖਦਾ ਹੈ, "ਜੋਗੀ ਪੰਡਿਤ ਜੀ, ਹੁਣ ਸਭ ਨੂੰ ਮੁਕਤ ਕਰੋ... ਸਭ ਨੂੰ ਮੁਕਤ ਕਰੋ।" ਇੰਨਾ ਬੋਲਦਾ ਹੋਇਆ ਜੁਗਲ ਕਿਸ਼ੋਰ ਉੱਚੀ-ਉੱਚੀ ਹੱਸਦਾ ਹੋਇਆ ਬਾਹਰ ਨਿਕਲ ਜਾਂਦਾ ਹੈ।

ਕਮਲਾਂ ਕੱਤਕ ਦੀ ਰਾਤ ਵਿੱਚ ਪਸੀਨੇ ਨਾਲ ਭਿੱਜੀ ਉੱਠਦੀ ਹੈ। ਉਸ ਦੀ ਅੱਖ ਖੁੱਲ੍ਹ ਜਾਂਦੀ ਹੈ ਅਤੇ ਉਹ ਬੈਠ ਕੇ ਆਖਦੀ ਹੈ, "ਮਾਮਾ ਜੀ, ਭੁੱਲ ਨੂੰ ਮਾਫ਼ ਕਰੋ... ਮਾਮਾ ਜੀ, ਭੁੱਲ ਨੂੰ ਮਾਫ਼ ਕਰੋ। ਹੇ ਸ਼ੰਕਰ ਭੋਲੇ, ਦਇਆ ਕਰੋ।

ਇਹ ਗੱਲ ਹੋਣ ਤੋਂ ਬਾਅਦ ਕਮਲਾਂ ਘਬਰਾਹਟ ਵਿੱਚ ਬਾਹਰ ਨਿਕਲ ਕੇ ਦੇਖਦੀ ਹੈ। ਮੱਸਿਆ ਦੀ ਕਾਲੀ ਰਾਤ ਵਿੱਚ ਗਲੀ ਵਿੱਚ ਕੁੱਤੇ ਭੌਂਕ ਰਹੇ ਹਨ। ਉਹ ਬਾਹਰ ਤੱਕਦੀ ਹੈ—ਸ਼ਾਇਦ ਸੰਜੂ ਆ ਗਿਆ ਹੋਵੇ। ਫਿਰ ਅੰਦਰ ਕਮਰੇ ਵਿੱਚ ਆ ਕੇ ਉਹ ਗਹਿਣਿਆਂ ਨੂੰ ਵੇਖਦੀ ਹੈ ਅਤੇ ਉਨ੍ਹਾਂ ਨਾਲ ਗੱਲਾਂ ਕਰਨ ਲੱਗਦੀ ਹੈ, "ਇਹ ਸੋਨਾ, ਚਾਂਦੀ, ਦੌਲਤਾਂ ਵੀ ਕੀ ਚੀਜ਼ ਰੱਬ ਨੇ ਬਣਾਈ ਏ, ਜਿਨ੍ਹਾਂ ਨਾਲ ਮੋਹ ਔਲਾਦ ਤੋਂ ਜ਼ਿਆਦਾ ਪੈ ਜਾਂਦਾ ਹੈ। ਜਿਸ ਦਿਨ ਤੂੰ ਪਹਿਲੇ ਦਿਨ ਮੇਰੇ ਕੋਲ ਆਇਆ ਸੀ, ਮੈਨੂੰ ਪਤਾ ਹੁੰਦਾ ਕਿ ਤੂੰ ਪਾਪ ਦੀ ਕਮਾਈ ਏਂ ਤਾਂ ਸ਼ਾਇਦ ਉਸੇ ਦਿਨ ਤੈਨੂੰ ਕਿਸੇ ਨੂੰ ਦੇ ਦਿੰਦੀ। ਪਰ ਹੁਣ ਕੀ ਕਰਾਂ? ਤੈਨੂੰ ਕਿਵੇਂ ਕਿਸੇ ਨੂੰ ਦੇ ਦੇਵਾਂ? ਨਹੀਂ ਦੇ ਹੁੰਦਾ, ਕਮਲਾਂ... ਨਹੀਂ ਦੇ ਹੁੰਦਾ। ਪਰ ਜ਼ਮੀਰ ਆਖਦਾ—ਕਮਲਾਂ, ਇਹ ਸਮਰਪਿਤ ਹੋ ਸਕਦਾ ਹੈ... ਸਮਰਪਿਤ, ਕਮਲਾਂ।

ਕਮਲਾਂ ਉੱਠ ਕੇ ਇਸ਼ਨਾਨ ਕਰਨ ਤੋਂ ਬਾਅਦ ਇੱਕ ਲਾਲ ਗੁਥਲੀ ਵਿੱਚ ਗਹਿਣੇ ਅਤੇ ਸਾਰੇ ਪੈਸੇ ਪਾ ਦਿੰਦੀ ਹੈ। ਫਿਰ ਨੰਗੇ ਪੈਰੀਂ ਇੱਕ ਗੜਵੀ ਦੁੱਧ ਦੀ ਲੈ ਕੇ ਤੁਰ ਪੈਂਦੀ ਹੈ। ਸਵੇਰ ਦੀ ਸੂਰਜ ਦੀ ਫੁੱਟਦੀ ਲਾਲੀ ਉਸ ਨੂੰ ਹੌਸਲਾ ਦਿੰਦੀ ਹੈ। ਉਹ ਉਸੇ ਪ੍ਰਾਚੀਨ ਸ਼ਿਵ ਮੰਦਰ ਵਿੱਚ ਪਹੁੰਚ ਜਾਂਦੀ ਹੈ, ਜਿੱਥੇ ਉਹ ਕਦੇ ਆਪਣੇ ਮਾਮੇ ਕੋਲ ਅਤੇ ਬਾਅਦ ਵਿੱਚ ਆਪਣੇ ਪਤੀ ਨਾਲ ਰਹੀ ਸੀ।

ਮੰਦਰ ਪਹੁੰਚ ਕੇ ਉਹ ਕਵਾੜ ਖੋਲ੍ਹਦੀ ਹੈ ਅਤੇ ਉਸ ਨੂੰ ਆਪਣਾ ਉਹ ਗੁਨਾਹ ਵੀ ਅੱਜ ਯਾਦ ਆਉਂਦਾ ਹੈ ਕਿ ਕਿਵੇਂ ਉਸ ਕੋਲੋਂ ਅਤੇ ਉਸ ਦੇ ਪਤੀ ਜੋਗਿੰਦਰ ਉਰਫ਼ ਜੋਗੀ ਪੰਡਿਤ ਕੋਲੋਂ ਇਸ਼ਕ ਵਿੱਚ ਆਪਣੇ ਮਾਮੇ ਜੁਗਲ ਕਿਸ਼ੋਰ ਨੂੰ ਜ਼ਹਿਰੀਲੀ ਖੀਰ ਦੇ ਕੇ ਛੜਯੰਤਰ ਰਚਿਆ ਗਿਆ ਸੀ। ਕਿਉਂਕਿ ਜੁਗਲ ਕਿਸ਼ੋਰ ਆਪਣੇ ਚੇਲੇ ਨੂੰ ਜਵਾਈ ਨਹੀਂ ਬਣਾ ਸਕਦਾ ਸੀ; ਇਸ ਨਾਲ ਗੁਰੂ-ਚੇਲੇ ਦੀ ਪਰੰਪਰਾ ਅਤੇ ਨੀਤੀ ਟੁੱਟਦੀ ਸੀ। ਉਸ ਦੀ ਮੌਤ ਤੋਂ ਬਾਅਦ ਕਿਵੇਂ ਰੋ-ਰੋ ਕੇ ਉਨ੍ਹਾਂ ਨੇ ਇਸ ਨੂੰ ਦਿਲ ਦਾ ਦੌਰਾ ਪੈਣ ਦਾ ਰੌਲਾ ਪਾ ਦਿੱਤਾ ਸੀ ਅਤੇ ਇੱਕ ਸਾਲ ਬਾਅਦ ਵਿਆਹ ਵੀ ਕਰਵਾ ਲਿਆ ਸੀ।

ਕਮਲਾਂ ਮੰਦਰ ਵਿੱਚ ਆ ਗਈ। ਹਾਲੇ ਸਵੇਰੇ-ਸਵੇਰੇ ਮੰਦਰ ਵਿੱਚ ਕੋਈ ਨਹੀਂ ਆਇਆ ਸੀ। ਉਸ ਨੇ ਪਵਿੱਤਰ ਸ਼ਿਵਲਿੰਗ ਕੋਲ ਪਹਿਲਾਂ ਜਲ ਅਤੇ ਦੁੱਧ ਚੜ੍ਹਾਇਆ, ਫਿਰ ਬੈਠ ਕੇ ਵਾਰ-ਵਾਰ ਇੱਕੋ ਗੱਲ ਦੁਹਰਾਉਣ ਲੱਗੀ, "ਮਾਮਾ ਜੀ, ਮੁਆਫ਼ੀ ਦਿਓ। ਭੋਲੇਨਾਥ, ਮੁਕਤੀ ਦਿਓ। ਇਸ ਸ਼ਰਾਪ ਤੋਂ ਸਾਨੂੰ ਮੁਕਤ ਕਰੋ।

ਇੱਧਰ ਸੰਜੂ ਸਾਰੀ ਦੀਵਾਲੀ ਦੀ ਰਾਤ ਉਸ ਬਦਨਾਮ ਭਾਬੀ ਦੇ ਘਰ ਰਿਹਾ। ਉਹ ਰਾਤ ਜੂਏ ਵਿੱਚ ਆਪਣਾ ਸਾਈਕਲ, ਪੈਸੇ, ਘਰ ਦਾ ਟੀਵੀ ਅਤੇ ਪਿਓ ਦੀ ਸਕੂਟਰੀ—ਸਭ ਹਾਰ ਗਿਆ। ਉਹ ਘਰੋਂ ਸਮਾਨ ਲੈਣ ਆਇਆ ਸੀ ਤਾਂ ਜੋ ਜੂਏ ਦਾ ਕਰਜ਼ਾ ਉਤਾਰ ਸਕੇ, ਪਰ ਬਾਹਰੋਂ ਤਾਲਾ ਲੱਗਾ ਸੀ। ਉਸ ਨੂੰ ਨਸ਼ੇ ਦੀ ਤਲਬ ਵੀ ਬਹੁਤ ਲੱਗੀ ਹੋਈ ਸੀ। ਉਹ ਆਪਣੀ ਮਾਂ ਨੂੰ ਲੱਭਦਾ ਹੋਇਆ ਮੰਦਰ ਦੇ ਰਾਹ ਪੈ ਗਿਆ।

ਉਸ ਨੇ ਮਾਂ ਨੂੰ ਅੱਖਾਂ ਬੰਦ ਕਰਕੇ ਬੈਠੀ ਹੋਈ ਨੂੰ ਪਿੱਛੋਂ ਆ ਕੇ ਵੇਖਿਆ ਤਾਂ ਉਸ ਦੀਆਂ ਅੱਖਾਂ ਫਟ ਗਈਆਂ। ਕਮਲਾਂ ਨੇ ਗਹਿਣੇ ਅਤੇ ਪੈਸੇ ਆਪਣੀ ਗੋਦੀ ਵਿੱਚ ਰੱਖੇ ਹੋਏ ਸਨ।

ਸੰਜੂ ਨੇ ਲਾਲਚ ਅਤੇ ਨਸ਼ੇ ਦੀ ਤੋੜ ਵਿੱਚ ਉਸ ਦੀ ਗੋਦੀ ਵਿੱਚੋਂ ਉਹ ਸਾਰਾ ਮਾਲ ਚੁੱਕ ਲਿਆ। ਅਚਾਨਕ ਕਮਲਾਂ ਦੀ ਨਜ਼ਰ ਉਸ ਵੱਲ ਪਈ ਅਤੇ ਉਹ ਆਖਣ ਲੱਗੀ, "ਪੁੱਤਰ, ਨਾ! ਇਹ ਧਨ ਸਮਰਪਿਤ ਹੋ ਚੁੱਕਾ ਹੈ, ਇਹ ਸ਼ਰਾਪਿਤ ਹੈ। ਆਪਾਂ ਨਹੀਂ ਰੱਖਣਾ... ਆਪਾਂ ਨਹੀਂ ਰੱਖਣਾ। ਮੈਨੂੰ ਮੋੜ ਦੇ।

ਪਰ ਸੰਜੂ ਗਾਲ੍ਹਾਂ ਕੱਢਦਾ ਹੋਇਆ ਆਖਦਾ ਹੈ,

"ਬੁੜ੍ਹੀਏ, ਤੂੰ ਪਾਗਲ ਹੋ ਗਈ ਏਂ? ਮੈਨੂੰ ਪੈਸੇ-ਪੈਸੇ ਲਈ ਲੋਕਾਂ ਦੇ ਛਿੱਤਰ ਖਾਣੇ ਪਏ ਅਤੇ ਘਰ ਇੰਨਾ ਮਾਲ ਪਿਆ ਹੈ। ਤੂੰ ਪੱਥਰਾਂ ਨੂੰ ਚੜ੍ਹਾਈ ਜਾਣੀ ਏਂ। ਹੱਟ ਪਿੱਛੇ, ਐਵੇਂ ਮੋਰ ਨਾ ਭੰਨਾ ਲਈਂ।

ਇਹ ਬੋਲਦਾ ਹੋਇਆ ਸੰਜੂ ਮੰਦਰ ਵਿੱਚੋਂ ਬਾਹਰ ਆ ਕੇ ਘਰ ਨੂੰ ਆ ਗਿਆ। ਕਮਲਾਂ ਵੀ ਉਸ ਦੇ ਪਿੱਛੇ-ਪਿੱਛੇ ਘਰ ਆ ਗਈ। ਸੰਜੂ ਤੇ ਉਸ ਦੀ ਮਾਂ ਦੇ ਵਿਚਕਾਰ ਹੱਥੋਪਾਈ ਹੁੰਦੀ ਹੈ। ਸੰਜੂ ਕਮਲਾਂ ਨੂੰ ਧੱਕਾ ਮਾਰਦਾ ਹੈ ਅਤੇ ਉਸ ਦੇ ਸਿਰ ਨੂੰ ਪਿੱਛੇ ਵੱਲੋਂ ਫੜ ਕੇ ਖੜ੍ਹੇ ਮੰਜੇ ਦੇ ਪਾਵੇ ਨਾਲ ਦੇ ਮਾਰਦਾ ਹੈ। ਕਮਲਾਂ ਦੇ ਸਿਰ ਵਿੱਚੋਂ ਖ਼ੂਨ ਨਿਕਲਣ ਲੱਗ ਪੈਂਦਾ ਹੈ। ਸੰਜੂ ਉਸ ਨੂੰ ਅੱਧਮਰੀ ਹਾਲਤ ਵਿੱਚ ਪੂਜਾ ਵਾਲੇ ਕਮਰੇ ਵਿੱਚ ਘੜੀਸ ਕੇ ਲੈ ਜਾਂਦਾ ਹੈ। ਕਮਲਾਂ ਅੱਖਾਂ ਬੰਦ ਕਰਕੇ ਬੋਲਦੀ ਹੈ, "ਹੇ ਭੋਲੇਨਾਥ, ਮੈਂ ਇਹ ਧਨ ਤੈਨੂੰ ਸਮਰਪਿਤ ਕਰ ਦਿੱਤਾ, ਅੱਗੇ ਤੂੰ ਜਾਣ।

ਸੰਜੂ ਉਸ ਦੇ ਹੱਥ-ਮੂੰਹ ਬੰਨ੍ਹ ਦਿੰਦਾ ਹੈ। ਹਾਲੇ ਸਵੇਰ ਦੇ ਸੱਤ ਵਜੇ ਹਨ। ਉਹ ਕਮਰੇ ਵਿੱਚ ਪਏ ਡੈੱਕ 'ਤੇ ਭਜਨ ਲਗਾ ਦਿੰਦਾ ਹੈ ਤਾਂ ਜੋ ਕਮਲਾਂ ਦੀ ਆਵਾਜ਼ ਬਾਹਰ ਨਾ ਜਾਵੇ, ਅਤੇ ਕਮਰੇ ਨੂੰ ਬਾਹਰੋਂ ਬੰਦ ਕਰ ਦਿੰਦਾ ਹੈ।

ਇਸ ਤੋਂ ਬਾਅਦ ਉਹ ਸਾਰੇ ਘਰ ਦਾ ਸਮਾਨ ਇੱਧਰ-ਉੱਧਰ ਖਿਲਾਰਨਾ ਸ਼ੁਰੂ ਕਰ ਦਿੰਦਾ ਹੈ ਤਾਂ ਜੋ ਇਹ ਘਟਨਾ ਚੋਰੀ ਵਰਗੀ ਲੱਗੇ ਅਤੇ ਉਸ ਨੂੰ ਹੋਰ ਪੈਸਾ ਮਿਲ ਸਕੇ। ਉਹ ਉੱਪਰ ਰਸੋਈ ਵਿੱਚ ਜਾਂਦਾ ਹੈ, ਉਸ ਨੂੰ ਭੁੱਖ ਵੀ ਲੱਗੀ ਹੈ—ਕੱਲ੍ਹ ਦੁਪਹਿਰ ਤੋਂ ਬਾਅਦ ਉਸ ਨੇ ਰੋਟੀ ਨਹੀਂ ਖਾਧੀ ਸੀ।

ਤਦ ਉਸ ਦਾ ਧਿਆਨ ਦੋ ਥਾਲੀਆਂ 'ਤੇ ਪੈਂਦਾ ਹੈ, ਜਿਨ੍ਹਾਂ ਨੂੰ ਉਸ ਦੀ ਮਾਂ ਨੇ ਰਾਤ ਨੂੰ ਸੌਣ ਵੇਲੇ ਬਣਾ ਕੇ ਰੱਖਿਆ ਸੀ ਕਿ ਉਸ ਦਾ ਪੁੱਤਰ ਭੁੱਖਾ ਆਵੇਗਾ ਤੇ ਖਾਵੇਗਾ। ਸਾਰੀ ਰਾਤ ਕਮਲਾਂ ਨੇ ਰੋਟੀ ਨਹੀਂ ਸੀ ਖਾਧੀ। ਇਸ ਵੱਲ ਵੇਖ ਕੇ ਸੰਜੂ ਦਾ ਦਿਲ ਪਸੀਜ ਜਾਂਦਾ ਹੈ ਤੇ ਮਾਂ ਦੀ ਰੋਟੀ ਦੀ ਥਾਲੀ ਫੜ ਕੇ ਉਹ ਥੱਲੇ ਕਮਰੇ ਵਿੱਚ ਕਮਲਾਂ ਦੇ ਕੋਲ ਜਾਂਦਾ ਹੈ। ਆਪਣੀ ਜ਼ਖ਼ਮੀ ਮਾਂ ਦਾ ਮੂੰਹ ਖੋਲ੍ਹ ਕੇ ਆਖਦਾ ਹੈ, "ਰੋਟੀ ਖਾ ਲੈ, ਆਪਾਂ ਗੱਲ ਕਰਦੇ ਹਾਂ।"ਪਰ ਹੁਣ ਵਕਤ ਉਸ ਦੇ ਹੱਥ ਵਿੱਚੋਂ ਨਿਕਲ ਚੁੱਕਾ ਸੀ—ਕਮਲਾਂ ਮਰ ਚੁੱਕੀ ਸੀ।

ਇੱਕ ਪਲ ਲਈ ਉਸ ਨੂੰ ਆਪਣੇ ਕੀਤੇ 'ਤੇ ਯਕੀਨ ਨਹੀਂ ਹੁੰਦਾ ਕਿ ਉਹ ਕੀ ਕਰ ਬੈਠਾ। ਹੁਣ ਉਸ ਨੂੰ ਪਛਤਾਵਾ ਹੁੰਦਾ ਹੈ ਅਤੇ ਉਹ ਰੋਟੀ ਦੀ ਥਾਲੀ ਨੂੰ ਕਮਲਾਂ ਦੇ ਕੋਲ ਰੱਖ ਕੇ ਸੋਚਾਂ ਵਿੱਚ ਪੈ ਜਾਂਦਾ ਹੈ, ਤੇ ਡੈੱਕ 'ਤੇ ਲੱਗੇ ਭਜਨ ਬੰਦ ਕਰ ਦਿੰਦਾ ਹੈ। ਉਸ ਦੀ ਭੁੱਖ ਮਰ ਚੁੱਕੀ ਹੈ ਤੇ ਸਰੀਰ ਕੰਬ ਰਿਹਾ ਹੈ।

ਪਰ ਫਿਰ ਅਚਾਨਕ ਉਸ ਦੇ ਸ਼ੈਤਾਨ ਦਿਮਾਗ ਨੇ ਚੁਸਤੀ ਵਰਤਦਿਆਂ ਇੱਧਰ-ਉੱਧਰ ਬਾਹਰ ਗਲੀ ਵਿੱਚ ਆ ਕੇ ਵੇਖਿਆ ਅਤੇ ਉਹ ਹਜਾਮ ਦੀ ਦੁਕਾਨ 'ਤੇ ਕਟਿੰਗ ਕਰਵਾਉਣ ਚਲਾ ਜਾਂਦਾ ਹੈ। ਉੱਥੇ ਉਹ ਕੁਝ ਸਮਾਂ ਇਸ ਗੱਲ ਦੀ ਉਡੀਕ ਵੀ ਕਰਦਾ ਹੈ ਕਿ ਘਰ ਵਿੱਚ ਹੋਈ ਘਟਨਾ ਦਾ ਰੌਲਾ ਕਦੋਂ ਪੈਂਦਾ ਹੈ, ਪਰ ਹਾਲੇ ਇਸ ਗੱਲ ਦਾ ਨਾ ਰੂਆ ਸੀ ਨਾ ਧੂਆਂ।

ਹੁਣ ਉਸ ਦੇ ਮਨ ਵਿੱਚ ਡਰ ਬੈਠਣ ਲੱਗ ਪੈਂਦਾ ਹੈ। ਨਸ਼ੇ ਦਾ ਅਸਰ ਵੀ ਘੱਟ ਹੋ ਰਿਹਾ ਸੀ ਅਤੇ ਉਸ ਨੂੰ ਕੰਬਣੀ ਛਿੜ ਰਹੀ ਸੀ। ਭੁੱਖ ਅਤੇ ਨਸ਼ੇ ਦੀ ਤਲਬ ਕਾਰਨ ਉਹ ਆਪਣੀ ਘਬਰਾਹਟ ਅਤੇ ਡਰ ਨੂੰ ਦਬਾਉਣ ਲਈ ਦੁਬਾਰਾ ਸ਼ਾਲੂ ਭਾਬੀ ਦੇ ਘਰ ਜਾਂਦਾ ਹੈ।

ਉਹ ਦਰਵਾਜ਼ਾ ਖੋਲ੍ਹਣ ਤੋਂ ਮਨ੍ਹਾ ਕਰ ਦਿੰਦੀ ਹੈ ਅਤੇ ਆਖਦੀ ਹੈ, "ਪੰਡਿਤ, ਸਵੇਰੇ-ਸਵੇਰੇ ਮੈਂ ਉਧਾਰ ਨਹੀਂ ਕਰਦੀ, ਰਾਤ ਵਾਲੇ ਪੈਸੇ ਲਿਆ ਪਹਿਲਾਂ।" ਪਰ ਜਦੋਂ ਸੰਜੂ ਆਖਦਾ ਹੈ ਕਿ ਉਹ ਉਸ ਨੂੰ ਜੂਏ ਦਾ ਉਧਾਰ ਚੁਕਾਉਣ ਆਇਆ ਹੈ, ਤਾਂ ਉਹ ਦਰਵਾਜ਼ਾ ਖੋਲ੍ਹ ਦਿੰਦੀ ਹੈ। ਉਹ ਉਸ ਕੋਲੋਂ ਪੈਸੇ ਦੇ ਕੇ ਨਸ਼ੀਲਾ ਪਾਊਡਰ ਤੇ ਗੋਲੀਆਂ ਲੈ ਲੈਂਦਾ ਹੈ, ਅਤੇ ਇੱਕੋ ਵਾਰ ਸਾਰਾ ਮਾਲ ਖਾ ਕੇ ਆਪਣੇ ਨਸ਼ੇ ਦੀ ਤਲਬ ਪੂਰੀ ਕਰਦਾ ਹੈ। ਖਾਣ ਤੋਂ ਬਾਅਦ ਸ਼ਾਲੂ ਦੇ ਕੋਲ ਹੀ ਬੈਠ ਜਾਂਦਾ ਹੈ ਤੇ ਆਖਦਾ ਹੈ, "ਭਾਬੀ, ਚੱਲ ਮੇਰੇ ਨਾਲ ਵਿਆਹ ਕਰਵਾ ਲੈ, ਮੇਰੇ ਕੋਲ ਬਹੁਤ ਪੈਸੇ ਆ, ਮੌਜਾਂ ਕਰਾਂਗੇ ਆਪਾਂ।

ਸ਼ਾਲੂ ਉਸ ਕੋਲ ਇੰਨੇ ਪੈਸੇ ਅਤੇ ਕੀਮਤੀ ਸਮਾਨ ਦੇਖ ਕੇ ਹੈਰਾਨ ਤੇ ਬੇਈਮਾਨ ਹੋ ਗਈ। ਉਹ ਉਸ ਨੂੰ ਮਿੱਠੀਆਂ ਗੱਲਾਂ ਵਿੱਚ ਪਾ ਕੇ ਆਪਣੇ ਬੈੱਡਰੂਮ ਵੱਲ ਲੈ ਜਾਂਦੀ ਹੈ, ਅਤੇ ਆਪਣੇ ਪਤੀ ਰਾਜੂ ਨੂੰ ਅੱਖ ਦੇ ਇਸ਼ਾਰੇ ਨਾਲ ਚਾਹ ਲਿਆਉਣ ਲਈ ਆਖਦੀ ਹੈ। ਬਾਹਰ ਆ ਕੇ ਆਪਣੇ ਘਰਵਾਲੇ ਦੇ ਹੱਥ ਵਿੱਚ ਨੀਂਦ ਦੀਆਂ ਗੋਲੀਆਂ ਦੀ ਸ਼ੀਸ਼ੀ ਫੜਾਉਂਦੀ ਹੈ ਤੇ ਕੰਨ ਵਿੱਚ ਆਖਦੀ ਹੈ, "ਇਸ ਵਿੱਚੋਂ 4 ਗੋਲੀਆਂ ਸੰਜੂ ਦੀ ਚਾਹ ਵਿੱਚ ਪਾ ਦੇ।"ਉਹ ਅੱਗੋਂ "ਅੱਛਾ ਜੀ"ਆਖਦਾ ਹੈ।

ਸੰਜੂ ਆਪਣੀ ਕਰਤੂਤ ਬਾਰੇ ਕੁਝ ਦੱਸਣ ਵਾਲੀ ਹਾਲਤ ਵਿੱਚ ਨਹੀਂ ਹੁੰਦਾ। ਉਹ ਹਾਲੇ ਕੁਝ ਬੋਲਦਾ, ਤਦ ਸ਼ਾਲੂ ਦਾ ਪਤੀ

ਰਾਜੂ ਉਨ੍ਹਾਂ ਵਾਸਤੇ ਚਾਹ ਲੈ ਕੇ ਆਉਂਦਾ ਹੈ (ਜਿਸ ਵਿੱਚ ਨੀਂਦ ਦੀ ਦਵਾਈ ਪਾਈ ਹੁੰਦੀ ਹੈ) ਅਤੇ ਕਮਰੇ ਵਿੱਚੋਂ ਬਾਹਰ ਆ ਜਾਂਦਾ ਹੈ।

ਸੰਜੂ ਸ਼ਾਲੂ ਨਾਲ ਗੱਲ ਕਰਦਾ-ਕਰਦਾ ਬੇਹੋਸ਼ ਹੋ ਜਾਂਦਾ ਹੈ, ਅਤੇ ਉੱਥੇ ਹੀ ਬੈੱਡ 'ਤੇ ਸੌਂ ਜਾਂਦਾ ਹੈ। ਸ਼ਾਲੂ ਉਸ ਦੀ ਜੇਬ ਵਿੱਚੋਂ ਸਾਰੇ ਪੈਸੇ ਅਤੇ ਕੀਮਤੀ ਸਮਾਨ ਕੱਢ ਲੈਂਦੀ ਹੈ ਤੇ ਅਲਮਾਰੀ ਵਿੱਚ ਰੱਖ ਲੈਂਦੀ ਹੈ। ਸੰਜੂ ਨੂੰ ਸ਼ਾਲੂ ਦੇ ਘਰ ਸੁੱਤਿਆਂ ਲਗਭਗ ਛੇ ਘੰਟੇ ਹੋ ਜਾਂਦੇ ਹਨ। ਸ਼ਾਲੂ ਦੀ ਸਕੀਮ ਸੀ ਕਿ ਰਾਤ ਨੂੰ ਉਹ ਸੰਜੂ ਨੂੰ ਥੋੜ੍ਹੀ ਹੋਸ਼ ਆਉਣ 'ਤੇ ਬਾਹਰ ਕੱਢ ਦੇਵੇਗੀ, ਕਿਉਂਕਿ ਉਹ ਹਾਲੇ ਨੀਂਦ ਵਿੱਚ ਗੜੁੱਚ ਸੀ।

ਇੱਧਰ ਕਮਲਾਂ ਦੇ ਘਰ ਦੇ ਬਾਹਰ ਗੁਆਂਢੀ ਇਕੱਠੇ ਹੋਣ ਲੱਗ ਪੈਂਦੇ ਹਨ। ਗੁਆਂਢ ਵਿੱਚ ਰਹਿੰਦੀਆਂ ਪ੍ਰਵੀਨ ਅਤੇ ਆਸ਼ਾ ਨੇ ਕਈ ਵਾਰ ਕਮਲਾਂ ਨੂੰ ਆਵਾਜ਼ਾਂ ਮਾਰੀਆਂ, ਦੁੱਧ ਵਾਲੇ ਨੇ ਬਹੁਤ ਦਰਵਾਜ਼ਾ ਖੜਕਾਇਆ, ਪਰ ਅੰਦਰੋਂ ਕੋਈ ਜਵਾਬ ਨਹੀਂ ਆਇਆ। ਸ਼ੱਕ ਹੋਣ 'ਤੇ ਆਖ਼ਰ ਗੁਆਂਢੀਆਂ ਨੇ ਪੁਲਿਸ ਨੂੰ ਸੂਚਿਤ ਕਰ ਦਿੱਤਾ। ਪੁਲਿਸ ਮੌਕੇ 'ਤੇ ਪਹੁੰਚੀ ਅਤੇ ਘਰ ਦੀ ਤਲਾਸ਼ੀ ਦੌਰਾਨ ਕਮਲਾਂ ਦੀ ਲਾਸ਼ ਬਰਾਮਦ ਕੀਤੀ।

ਪੁਲਿਸ ਨੇ ਸੰਜੂ ਦੀ ਭਾਲ ਸ਼ੁਰੂ ਕਰ ਦਿੱਤੀ। ਇੰਨੇ ਨੂੰ ਸਿਪਾਹੀ ਥਾਣੇਦਾਰ ਵਿਜੇ ਕੁਮਾਰ ਨੂੰ ਇੱਕ ਵਾਇਰਲੈੱਸ ਦੀ ਸੂਚਨਾ ਦਿੰਦਾ ਹੈ ਜੋ ਸਿੱਧੀ ਡੀ.ਐੱਸ.ਪੀ. ਦਫ਼ਤਰ ਤੋਂ ਜਾਰੀ ਹੋਈ ਸੀ। ਇਸ ਸੂਚਨਾ ਦੇ ਆਧਾਰ 'ਤੇ ਪੁਲਿਸ ਦੀ ਇੱਕ ਟੀਮ ਤੁਰੰਤ ਉੱਥੋਂ ਸਿੱਧੀ ਸ਼ਾਲੂ ਭਾਬੀ ਦੇ ਘਰ ਤੱਕ ਪਹੁੰਚ ਗਈ।

ਪੁਲਿਸ ਨੇ ਜਦੋਂ ਸ਼ਾਲੂ ਦੇ ਘਰ ਦਾ ਦਰਵਾਜ਼ਾ ਖੜਕਾਇਆ, ਤਾਂ ਸ਼ਾਲੂ ਭਾਬੀ ਦੀ ਅੱਖ ਖੁੱਲ੍ਹੀ। ਉਸ ਨੇ ਖ਼ੁਦ ਨੂੰ ਸੰਜੂ ਦੇ ਨਾਲ ਸੁੱਤੀ ਹੋਈ ਪਾਇਆ। ਇੱਕ ਪਾਸੇ ਸੰਜੂ ਬੈੱਡ 'ਤੇ ਸੁੱਤਾ ਹੋਇਆ ਸੀ। ਸ਼ਾਲੂ ਇਸ ਤੋਂ ਪਹਿਲਾਂ ਕੁਝ ਸਮਝ ਪਾਉਂਦੀ, ਪੁਲਿਸ ਦਰਵਾਜ਼ਾ ਖੋਲ੍ਹ ਕੇ ਅੰਦਰ ਆ ਗਈ। ਪੁਲਿਸ ਵੱਲ ਵੇਖ ਕੇ ਉਸ ਦੇ ਹੱਥ-ਪੈਰ ਠੰਡੇ ਹੋ ਗਏ।

ਪੁਲਿਸ ਨੇ ਸੰਜੂ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ, ਪਰ ਨਸ਼ੇ ਦੀ ਅਤਿਅਧਿਕ ਮਾਤਰਾ ਕਾਰਨ ਸੰਜੂ ਦੀ ਦੋ ਘੰਟੇ ਪਹਿਲਾਂ ਹੀ ਮੌਤ ਹੋ ਚੁੱਕੀ ਸੀ। ਇਹ ਵੇਖ ਕੇ ਸ਼ਾਲੂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਸ ਨੇ ਫਟਾਫਟ ਆਪਣੇ ਕਮਰੇ ਵਿੱਚ ਪਈ ਖੁੱਲ੍ਹੀ ਅਲਮਾਰੀ ਨੂੰ ਜਾ ਕੇ ਵੇਖਿਆ—ਉਸ ਦਾ ਸਾਰਾ ਸੋਨਾ-ਚਾਂਦੀ, ਪੈਸੇ ਅਤੇ ਸੰਜੂ ਕੋਲੋਂ ਲੁੱਟਿਆ ਸਾਮਾਨ ਸਭ ਗਾਇਬ ਸਨ।

ਸ਼ਾਲੂ ਭਾਬੀ ਆਪਣੇ ਸਿਰ ਨੂੰ ਹੱਥਾਂ ਵਿੱਚ ਲੈ ਕੇ ਪੈਰਾਂ ਭਾਰ ਬੈਠ ਗਈ। ਉਸ ਦਾ ਦਿਮਾਗ ਘੁੰਮ ਰਿਹਾ ਸੀ, ਉਸ ਨੂੰ ਕੁਝ ਵੀ ਸਮਝ ਨਹੀਂ ਆ ਰਿਹਾ ਸੀ ਕਿ ਇਹ ਅਚਾਨਕ ਕਿਵੇਂ ਹੋ ਗਿਆ। ਉਸ ਦੇ ਘਰ ਵਿੱਚ ਪੁਲਿਸ ਦੀ ਭੀੜ ਅਤੇ ਲੋਕਾਂ ਦਾ ਰੱਸ਼ ਸੀ। ਉਸ ਨੂੰ ਇਹ ਵੀ ਯਾਦ ਨਹੀਂ ਸੀ ਕਿ ਉਹ ਕਦੋਂ ਦੀ ਸੁੱਤੀ ਹੋਈ ਸੀ ਅਤੇ ਉਸ ਦੇ ਘਰ ਅੰਦਰ ਕੌਣ ਸਾਰਾ ਹੱਥ ਸਾਫ਼ ਕਰ ਗਿਆ।

ਪੁਲਿਸ ਨੇ ਆਪਣੀ ਗੱਡੀ ਵਿੱਚ ਸ਼ਾਲੂ ਭਾਬੀ ਨੂੰ ਮੂੰਹ ਬੰਨ੍ਹ ਕੇ ਬਿਠਾ ਦਿੱਤਾ। ਸਾਰਾ ਮੁਹੱਲਾ ਖ਼ੁਸ਼ੀ ਨਾਲ ਇਹ ਤਮਾਸ਼ਾ ਚੁੱਪ-ਚਾਪ ਵੇਖ ਰਿਹਾ ਸੀ। ਇੱਕ ਔਰਤ, ਜਿਸ ਦਾ ਜਵਾਨ ਪੁੱਤਰ ਉਸ ਦੇ ਘਰੋਂ ਨਸ਼ਾ ਲੈਣ ਮਗਰੋਂ ਘਰ ਆ ਕੇ ਮਰ ਗਿਆ ਸੀ, ਉਹ ਉੱਚੀ-ਉੱਚੀ ਬੋਲ ਰਹੀ ਸੀ ਕਿ ਰੱਬ ਨੇ ਅੱਜ ਮੇਰੀ ਸੁਣ ਲਈ।

ਸ਼ਾਲੂ ਭਾਬੀ ਧੌਣ ਨੀਵੀਂ ਸੁੱਟ ਕੇ ਉਧੇੜ-ਬੁਣ ਵਿੱਚ ਪਈ ਸੀ। ਹੁਣ ਉਸ ਦਾ ਗ਼ਰੂਰ ਤੇ ਨਸ਼ਾ ਘੱਟ ਹੋਣਾ ਸ਼ੁਰੂ ਹੋਇਆ। ਤਦ ਉਸ ਨੂੰ ਆਪਣੇ ਪਤੀ ਰਾਜੂ ਦਾ ਖ਼?ਆਲ ਆਇਆ ਕਿ ਉਹ ਕਿੱਥੇ ਗਿਆ? ਸੋਚਣ ਲੱਗੀ, "ਬਾਂਦਰ ਬੰਦਾ ਇੱਥੇ ਜਾਂ ਤਾਂ ਭੀੜ 'ਚ ਖੜ੍ਹਾ ਹੋਣਾ ਜਾਂ ਫਿਰ..." ਇੱਕਦਮ ਦਿਮਾਗ ਵਿੱਚ ਗੁੰਝਲ ਖੁੱਲ੍ਹਦੀ ਚਲੀ ਗਈ, "ਓ ਤੇਰੀ ਕੰਮਲੀਏ!" ਕਿਉਂਕਿ ਉਸ ਨੇ ਹੀ ਉਸ ਨੂੰ ਤੇ ਸੰਜੂ ਨੂੰ ਚਾਹ ਪਿਲਾਈ ਸੀ, ਉਸ ਤੋਂ ਬਾਅਦ ਉਸ ਨੂੰ ਨੀਂਦ ਆ ਗਈ।

ਰਾਜੂ ਨੇ ਸੰਜੂ ਦੀ ਹਾਲਤ ਪਹਿਲਾਂ ਹੀ ਵੇਖ ਲਈ ਸੀ। ਉਹ ਜਾਣਦਾ ਸੀ ਕਿ ਉਸ ਨੇ ਨਸ਼ਾ ਹੱਦ ਤੋਂ ਵੱਧ ਕੀਤਾ ਹੈ। ਨੀਂਦ ਦੀ ਦਵਾਈ ਦੀਆਂ 4 ਗੋਲੀਆਂ ਦੀ ਜਗ?ਹਾ ਉਸ ਨੇ ਜ਼ਰੂਰ 10-12 ਗੋਲੀਆਂ ਪਾ ਕੇ ਚਾਹ ਨਾਲ ਸ਼ਾਇਦ ਉਸ ਦੀ ਮੌਤ ਤੈਅ ਕਰ ਦਿੱਤੀ ਸੀ। ਪਰ ਉਸ ਨੇ ਮੈਨੂੰ ਕਿਉਂ ਨਹੀਂ ਮਾਰਿਆ? ਮੈਨੂੰ ਵੀ ਤਾਂ ਮਾਰ ਸਕਦਾ ਸੀ, ਮੈਨੂੰ ਕਿਉਂ ਬੇਹੋਸ਼ ਕੀਤਾ? ਇਸੇ ਉਧੇੜ-ਬੁਣ ਵਿੱਚ ਉਹ ਸੋਚ ਰਹੀ ਸੀ। ਜਿਸ ਨੂੰ ਉਹ ਅਕਸਰ 'ਬੁੱਧੂ' ਕਹਿੰਦੀ ਸੀ, ਉਹ ਉਸ ਨਾਲ ਸਭ ਤੋਂ ਵੱਡੀ ਖੇਡ ਖੇਡ ਗਿਆ। ਉਸ ਦੇ ਸ਼ਬਦ ਉਸ ਨੂੰ ਬਾਰ-ਬਾਰ ਸੁਣਾਈ ਦੇ ਰਹੇ ਸਨ— "ਮੈਂ ਬੁੱਧੂ ਨਹੀਂ, ਭੋਲਾ ਹਾਂ, ਸਭ ਚੱਕਰਾਂ ਨੂੰ ਜਾਣਦਾ ਹਾਂ।" ਅੱਜ ਬੇਗਮ ਇਸ ਸ਼ਤਰੰਜ ਦੀ ਬਾਜ਼ੀ ਵਿੱਚ ਇੱਕ ਪਿਆਦੇ ਕੋਲੋਂ ਸ਼ਾਹ ਖਾ ਗਈ।

ਸੰਜੂ ਦੀ ਲਾਸ਼ ਦੀ ਜੇਬ ਵਿੱਚੋਂ ਕਾਫ਼ੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਬਰਾਮਦ ਹੋਏ। ਪੁਲਿਸ ਨੇ ਸ਼ਾਲੂ ਭਾਬੀ ਦੇ ਘਰ

ਦੀ ਤਲਾਸ਼ੀ ਲਈ ਤਾਂ ਉੱਥੋਂ ਇੱਕ ਦੇਸੀ ਪਿਸਤੌਲ, ਕੁਝ ਕਾਰਤੂਸ ਅਤੇ ਨਸ਼ਿਆਂ ਦਾ ਜ਼ਖ਼ੀਰਾ ਬਰਾਮਦ ਹੋਇਆ। ਸ਼ਾਲੂ ਭਾਬੀ ਨੇ ਆਪਣੇ ਰਸੂਖ਼ ਦੀ ਵਰਤੋਂ ਕਰਨ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਅੱਜ ਉਸ ਦਾ ਦਿਨ ਨਹੀਂ ਸੀ—ਕਿਸੇ ਵੀ ਅਧਿਕਾਰੀ-ਅਫ਼ਸਰ ਨੇ ਉਸ ਦੀ ਨਾ ਸੁਣੀ।

ਜਾਂਚ ਦੌਰਾਨ ਪੁਲਿਸ ਨੇ ਦੱਸਿਆ ਕਿ ਇੱਕ ਗੁਪਤ ਸੂਚਨਾ ਦੇ ਆਧਾਰ 'ਤੇ ਉਨ੍ਹਾਂ ਨੂੰ ਫ਼ੋਨ ਆਇਆ ਸੀ ਕਿ ਸ਼ਾਲੂ ਭਾਬੀ ਦੇ ਘਰ ਵਿੱਚ ਇੱਕ ਕਤਲ ਹੋਇਆ ਹੈ। ਅਸੀਂ ਇੱਥੇ ਆ ਕੇ ਵੇਖਿਆ ਕਿ ਸੰਜੂ ਦੀ ਲਾਸ਼ ਸ਼ਾਲੂ ਭਾਬੀ ਦੇ ਬੈੱਡਰੂਮ ਵਿੱਚ ਪਈ ਹੈ। ਸਾਨੂੰ ਪਤਾ ਲੱਗਿਆ ਕਿ ਸੰਜੇ ਤੇ ਸ਼ਾਲੂ ਦਾ ਪ੍ਰੇਮ-ਸਬੰਧ ਸੀ ਅਤੇ ਸ਼ਾਲੂ ਦੇ ਉਕਸਾਉਣ ਤੇ ਲਾਲਚ ਕਾਰਨ ਸੰਜੂ ਨੇ ਆਪਣੀ ਮਾਂ ਕਮਲਾਂ ਨਾਲ ਇਹ ਜੁਰਮ ਕੀਤਾ, ਕਿਉਂਕਿ ਸੰਜੂ ਨਸ਼ੇ ਦਾ ਆਦੀ ਸੀ ਅਤੇ ਦਿਵਾਲੀ ਵਾਲੀ ਰਾਤ ਜੂਏ ਵਿੱਚ ਬਹੁਤ ਕੁਝ ਹਾਰ ਗਿਆ ਸੀ। ਉਹ ਮਾਂ ਦਾ ਕਤਲ ਕਰਕੇ ਆਇਆ ਸੀ, ਅਤੇ ਜੋ ਸਾਮਾਨ ਉਹ ਲੈ ਕੇ ਆਇਆ ਸੀ, ਸ਼ਾਲੂ ਨੇ ਲਾਲਚ ਵਿੱਚ ਆ ਕੇ ਸੰਜੂ ਨਾਲ ਧੋਖਾ ਕੀਤਾ। ਉਸ ਕੋਲੋਂ ਮੌਜੂਦ ਸਾਰਾ ਪੈਸਾ ਤੇ ਸਮਾਨ ਹੜੱਪ ਲਿਆ ਅਤੇ ਉਸ ਨੂੰ ਨਸ਼ੇ ਦੀ ਓਵਰਡੋਜ਼ ਦੇ ਕੇ ਕਤਲ ਕਰ ਦਿੱਤਾ। ਪੁਲਿਸ ਨੂੰ ਹਾਲੇ ਤੱਕ ਸੰਜੂ ਕੋਲੋਂ ਹੋਈ ਲੁੱਟ ਦਾ ਪੈਸਾ ਬਰਾਮਦ ਨਹੀਂ ਹੋਇਆ। ਸ਼ਾਲੂ ਭਾਬੀ ਉੱਪਰ ਸੰਜੂ ਦੇ ਕਤਲ, ਕਮਲਾਂ ਦੇ ਕਤਲ ਲਈ ਸੰਜੂ ਨੂੰ ਉਕਸਾਉਣ, ਆਰਮਜ਼ ਐਕਟ, ਨਸ਼ੇ ਦੀ ਵਿਕਰੀ ਅਤੇ ਹੋਰ ਅਪਰਾਧਿਕ ਮੁਕੱਦਮੇ ਦਰਜ ਹੋ ਗਏ।

ਸ਼ਾਲੂ ਭਾਬੀ ਨੇ ਪੁਲਿਸ ਸਾਹਮਣੇ ਆਪਣੇ ਨਾਲ ਹੋਏ ਧੋਖੇ (ਜੋ ਉਸ ਦੇ ਪਤੀ ਰਾਜੂ ਨੇ ਕੀਤਾ ਸੀ) ਬਾਰੇ ਕੁਝ ਨਹੀਂ ਦੱਸਿਆ, ਕਿਉਂਕਿ ਉਹ ਜਾਣਦੀ ਸੀ ਕਿ ਪੁਲਿਸ ਨੂੰ ਅਗਰ ਉਸ ਦੀ ਬੇਈਮਾਨੀ ਦੇ ਪੈਸਿਆਂ ਬਾਰੇ ਪਤਾ ਲੱਗਿਆ ਤਾਂ ਉਸ ਨੂੰ ਇਸ ਦਾ ਹਿਸਾਬ ਵੀ ਦੇਣਾ ਪਵੇਗਾ। ਰਾਜੂ, ਸੰਜੂ ਦੇ ਪੈਸਿਆਂ ਦੇ ਨਾਲ-ਨਾਲ ਸ਼ਾਲੂ ਦੇ ਚਾਰ ਤੋਂ ਪੰਜ ਲੱਖ ਰੁਪਏ ਕੈਸ਼ ਅਤੇ ਉਸ ਦੇ ਸਾਰੇ ਗਹਿਣੇ—ਇੱਥੋਂ ਤੱਕ ਕਿ ਉਸ ਦੇ ਕੰਨਾਂ ਦੇ ਕਾਂਟੇ ਤੇ ਝਾਂਜਰਾਂ ਵੀ ਲੈ ਗਿਆ ਸੀ।

ਜਾਂਦਾ ਹੋਇਆ ਉਹ ਆਪਣੀ ਬੇਟੀ ਦੀ ਸਕੂਲ ਵਿੱਚੋਂ ਛੁੱਟੀ ਕਰਵਾ ਕੇ ਦੂਰ ਕਿਤੇ ਨਿਕਲ ਗਿਆ। ਰਾਹ ਵਿੱਚ ਇੱਕ ਪੀ.ਸੀ.ਓ. ਤੋਂ ਪੁਲਿਸ ਹੈੱਡਕੁਆਰਟਰ ਵਿੱਚ ਫ਼ੋਨ ਕਰਕੇ ਗੁਪਤ ਸੂਚਨਾ ਦੇ ਦਿੱਤੀ, ਜਿਸ ਵਿੱਚ ਸੰਜੂ ਦੇ ਕਤਲ ਅਤੇ ਨਸ਼ਿਆਂ ਦੇ ਟਿਕਾਣੇ ਆਦਿ ਬਾਰੇ ਜ਼ਿਕਰ ਸੀ। ਆਪਣੀ ਦਸ ਸਾਲ ਦੀ ਗੁਲਾਮੀ, ਮਾਂ-ਬਾਪ ਦੇ ਤੜਫ਼-ਤੜਫ਼ ਕੇ ਮਰਨ ਦਾ ਬਦਲਾ ਅਤੇ ਲੋਕਾਂ ਵਿੱਚ ਰੋਜ਼-ਰੋਜ਼ ਦੀ ਜ਼ਿਲਤ ਦਾ ਬਦਲਾ ਪੂਰਾ ਕਰਕੇ, ਲੋਕਾਂ ਵਾਸਤੇ 'ਬੁੱਧੂ' ਸਿਆਣਾਂ ਬਣ ਇਸ ਨਰਕ ਵਿੱਚੋਂ ਨਿਕਲ ਗਿਆ।

ਲੋਕਾਂ ਨੇ ਬਿਆਨ ਦਿੱਤਾ ਕਿ ਉਹ ਸ਼ਰੀਫ਼ ਆਦਮੀ ਸੀ, ਉਸ ਦਾ ਸ਼ਾਲੂ ਦੇ ਕਾਲੇ ਗੁਨਾਹਾਂ ਨਾਲ ਕੋਈ ਲੈਣਾ-ਦੇਣਾ ਨਹੀਂ ਸੀ; ਸ਼ਾਇਦ ਉਹ ਸ਼ਰਮ ਜਾਂ ਡਰਦਾ ਹੋਇਆ ਇੱਥੋਂ ਨਿਕਲ ਗਿਆ। ਉਹ ਆਪਣੀ ਪਤਨੀ ਦੇ ਮਾੜੇ ਕੰਮਾਂ ਤੋਂ ਬਹੁਤ ਦੁਖੀ ਸੀ। ਪੁਲਿਸ ਤਫ਼ਤੀਸ਼ ਵੇਲੇ ਅਤੇ ਹਰ ਜਗ੍ਹਾ ਗੱਲਬਾਤ ਵਿੱਚ ਲੋਕਾਂ ਨੇ ਰਾਜੂ ਨੂੰ ਬੁੱਧੂ, ਜ਼ਨਾਨੀ ਤੋਂ ਡਰੂ ਤੇ ਗੁਲਾਮ ਬੰਦਾ ਆਖਿਆ, ਅਤੇ ਉਸ ਦੀ ਘਰਵਾਲੀ ਨੂੰ ਚੁਸਤ ਤੇ ਬਦਮਾਸ਼।

ਦੋ ਮਹੀਨੇ ਬਾਅਦ ਸ਼ਾਲੂ ਭਾਬੀ ਨੂੰ ਸੈਂਟਰਲ ਜੇਲ੍ਹ ਵਿੱਚ ਇੱਕ ਚਿੱਠੀ ਆਉਂਦੀ ਹੈ, ਜਿਸ ਵਿੱਚ ਲਿਖਿਆ ਸੀ :

"ਦੋ ਕੱਪ ਚਾਹ ਦਾ ਹਿਸਾਬ—ਇੱਕ ਵਿੱਚ ਮਿੱਠਾ ਵੱਧ (12 ਗੋਲੀਆਂ) ਸੀ, ਇੱਕ ਵਿੱਚ ਮਿੱਠਾ ਘੱਟ (2 ਗੋਲੀਆਂ) ਸੀ। ਤੁਹਾਡੇ ਵਾਲੇ ਵਿੱਚ ਮਿੱਠਾ ਇਸ ਕਰਕੇ ਘੱਟ ਸੀ ਕਿ ਬੁੱਧੂ ਤੁਹਾਨੂੰ ਜਿਉਂਦਾ ਰੱਖਣਾ ਚਾਹੁੰਦਾ ਸੀ, ਜਿਵੇਂ ਤੁਸੀਂ ਮੈਨੂੰ ਦਸ ਸਾਲ ਰੱਖਿਆ।

(ਤੁਹਾਡਾ ਬੁੱਧੂ)

ਰਾਜੂ ਨੇ ਬੈਂਗਲੋਰ ਦੇ ਇੱਕ ਹਸਪਤਾਲ ਵਿੱਚ ਆਪਣੀ ਬੋਲੀ ਬੱਚੀ ਦੇ ਕੰਨਾਂ ਦਾ ਇਲਾਜ ਕਰਵਾ ਲਿਆ ਅਤੇ ਉੱਥੇ ਇੱਕ ਛੋਟਾ ਜਿਹਾ ਮਕਾਨ ਲੈ ਕੇ ਦਰਜ਼ੀ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਰਾਮ ਨਰੇਸ਼ ਦੀ ਗੱਲ ਸਹੀ ਸਾਬਤ ਹੋਈ ਕਿ "ਇਹ ਦੌਲਤ ਸਹੀ ਤੇ ਯੋਗ ਵਿਅਕਤੀ ਦੇ ਕੰਮ ਆਵੇਗੀ" ਅਤੇ ਆਰਤੀ ਨੇ ਵੀ ਕਮਲਾਂ ਨੂੰ ਸਹੀ ਆਖਿਆ ਸੀ, "ਮਾਂ, ਇਹ ਪੈਸਾ ਕਿਸੇ ਲੋੜਵੰਦ ਨੂੰ ਦੇ ਦਿੰਦੇ ਹਾਂ।" ਦੋਵਾਂ ਦੀ ਗੱਲ ਸਹੀ ਸਾਬਤ ਹੋਈ—ਪ੍ਰਮਾਤਮਾ ਨੂੰ ਸਮਰਪਿਤ ਕੀਤਾ ਧਨ ਸਹੀ ਲੇਖੇ ਲੱਗ ਗਿਆ।

ਧੰਨਵਾਦ, ਫਿਰ ਮਿਲਾਂਗੇ।

**ਪੰਜਾਬੀ ਬੋਲੋ, ਪੰਜਾਬੀ ਲਿਖੋ,**
**ਪੰਜਾਬੀ ਪੜ੍ਹੋ**

# ਜੀਵਨ ਦੇ ਨਵੇਂ ਅਧਿਆਇ ਦੀ ਕਵਿਤਾ : ਪੁਨਰ ਜਨਮ

-ਡਾ. ਰਾਮ ਮੂਰਤੀ

ਅੱਜ ਦੇ ਪੰਜਾਬੀ ਸਾਹਿਤ ਜਗਤ ਵਿੱਚ ਸੁਰਿੰਦਰ ਸਿੰਘ ਸੁੰਨੜ ਕਿਸੇ ਵਿਸ਼ੇਸ਼ ਜਾਣ ਪਹਿਚਾਣ ਦੇ ਮੁਹਤਾਜ ਨਹੀਂ ਹਨ। ਉਹ ਪਿਛਲੇ 27 ਸਾਲ ਤੋਂ ਆਪਣੀ ਆਵਾਜ਼ ਨਾਮ ਦਾ ਸਾਹਿਤਿਕ ਪੱਤਰ (ਮਾਸਿਕ) ਜਾਰੀ ਕਰਕੇ ਪੰਜਾਬੀ ਸਾਹਿਤ ਤੇ ਮਾਂ ਬੋਲੀ ਦੀ ਅਣਥੱਕ ਸੇਵਾ ਕਰ ਰਹੇ ਹਨ। ਹੁਣ ਤੱਕ ਉਹਨਾਂ ਨੇ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਮੰਜ਼ਿਲ ਨਾ ਮਿਲੀ, ਸ਼ਬਦ ਪ੍ਰਕਾਸ਼, ਹੀਰ ਸੁੰਨੜ, ਆਪਣਾ ਅਤੀਤ, ਮੇਰੇ ਪੰਧ ਪੈਂਡੇ, ਮੰਜ਼ਿਲ ਨਾ ਮਿਲੀ, ਰੰਗ ਮਜੀਠ, ਬਾਤਾਂ ਤੇ ਬਿਰਤਾਂਤ, ਸੁੰਨ ਸਿਫਰ ਲੌਜੀਕਲ ਲੌਜਿਕ, ਵਨ ਆਲਮਾਈਟੀ ਅਤੇ ਹਥਲੀ ਪੁਸਤਕ ਪੁਨਰ ਜਨਮ ਪੰਜਾਬੀ ਪਾਈਆਂ ਹਨ। ਸੁਰਿੰਦਰ ਸਿੰਘ ਸੁਨੜ ਨੇ ਆਪਣੇ ਜੀਵਨ ਵਿੱਚ ਬੇ ਓੜਕ ਸੰਘਰਸ਼ ਕੀਤਾ। ਉਸਨੇ ਜਵਾਨੀ ਵਿੱਚ ਪੈਰ ਰੱਖਦਿਆਂ ਲਾਇਲਪੁਰ ਖਾਲਸਾ ਕਾਲਜ ਅੰਮ੍ਰਿਤਸਰ ਜਲੰਧਰ ਤੋਂ ਐਮਏ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਬਾਅਦ ਵਿੱਚ ਉਸ ਨੇ ਉੱਤਮ ਖੇਤੀ ਦੇ ਧੰਦੇ ਨੂੰ ਅਪਣਾ ਲਿਆ। ਲੇਕਿਨ ਪੰਜਾਬ ਵਿੱਚ ਜੋ ਕਿਸਾਨ ਵਿਰੋਧੀ ਮਜ਼ਦੂਰ ਵਿਰੋਧੀ ਮਾਹੌਲ ਪਿਛਲੀ ਅੱਧੀ ਸਦੀ ਤੋਂ ਬਣਿਆ ਹੋਇਆ ਹੈ ਉਸ ਨੂੰ ਰਾਸ ਨਾ ਆਇਆ। ਉਸਨੇ ਖੇਤੀ ਬਹੁਤ ਵੱਡੇ ਪੱਧਰ ਤੇ ਕੀਤੀ ਜਿਸ ਦੀ ਅੱਜ ਵੀ ਲੋਕ ਮਿਸਾਲ ਦਿੰਦੇ ਹਨ ਲੇਕਿਨ ਆਲੂਆਂ ਦਾ ਭਾਅ ਡਿੱਗਣ ਕਾਰਨ ਉਸ ਨੂੰ ਖੇਤੀ ਵਿੱਚੋਂ ਬਹੁਤ ਵੱਡਾ ਘਾਟਾ ਪੈ ਗਿਆ ਤੇ ਉਹ ਸਾਰਾ ਖੇਤੀ ਦਾ ਸਾਜੋ ਸਮਾਨ ਵੇਚ ਵੱਟ ਕੇ ਵੀ ਕਰਜਾਈ ਹੋ ਗਿਆ। ਇਸ ਚੜ੍ਹੇ ਹੋਏ ਕਰਜੇ ਨੂੰ ਲਾਹੁਣ ਲਈ ਉਸ ਨੂੰ ਵਿਦੇਸ਼ ਜਾਣਾ ਪਿਆ ਤੇ ਉਹ ਦੇਸ਼ਾਂ ਵਿਦੇਸ਼ਾਂ ਵਿੱਚ ਘੁੰਮਦਾ ਘੁਮਾਉਂਦਾ ਦੁਨੀਆਂ ਦੇ ਇੱਕ ਵੱਡੇ ਤੇ ਬਿਹਤਰੀਨ ਮਲਕ ਅਮਰੀਕਾ ਪਹੁੰਚ ਗਿਆ। ਉਥੇ ਪਹੁੰਚ ਕੇ ਸੁਰਿੰਦਰ ਸਿੰਘ ਸੁਨੜ ਨੇ ਬਹੁਤ ਸਖਤ ਮਿਹਨਤ ਕੀਤੀ ਤੇ ਆਪਣੀ ਮਿਹਨਤ ਦੇ ਬਲਬੂਤੇ ਉਹ ਕੁਝ ਸਾਲਾਂ ਵਿੱਚ ਹੀ ਕੈਲੀਫੋਰਨੀਆ ਦਾ ਵੱਡਾ ਵਪਾਰੀ ਬਣ ਗਿਆ। ਲੇਕਿਨ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਦੀ ਚਿਣਗ ਹਾਲੇ ਵੀ ਉਸ ਵਿੱਚ ਬਾਕੀ ਸੀ।




ਅਮਰੀਕਾ ਦੀ ਚਮਕ ਧਮਕ ਵਾਲੀ ਜ਼ਿੰਦਗੀ ਨੇ ਉਸਦੇ ਅੰਦਰੋ ਇੱਕ ਚਿੰਤਕ, ਇੱਕ ਪਾਠਕ ਅਤੇ ਇਕ ਲੇਖਕ ਨੂੰ ਮਰਨ ਨਹੀਂ ਦਿੱਤਾ। ਉਸਨੇ ਆਪਣਾ ਅਤੀਤ ਵਰਗੀ ਪੁਸਤਕ ਲਿਖ ਕੇ ਸੰਸਾਰ ਦੀ ਉਤਪਤੀ ਬਾਰੇ ਜੋ ਵਿਗਿਆਨ ਦੀ ਧਾਰਨਾ ਹੈ ਉਸ ਨੂੰ ਆਪਣੀ ਖੋਜ ਤੇ ਆਪਣੇ ਤਰਕ ਦੇ ਅਧਾਰ ਤੇ ਰੱਦ ਕੀਤਾ। ਉਸ ਨੇ ਦੁਨੀਆਂ ਦਾ ਬਿਹਤਰੀਨ ਸਾਹਿਤ ਪੜ੍ਹਿਆ। ਦੁਨੀਆਂ ਦੇ ਵੱਡੇ ਚਿੰਤਕਾਂ ਦੀਆਂ ਵੱਡੀਆਂ ਖੋਜ ਪੁਸਤਕਾਂ ਪੜ੍ਹੀਆਂ ਤੇ ਉਹਨਾਂ ਦੇ ਆਧਾਰ ਤੇ ਆਪਣੇ ਵੱਖਰੇ ਥੀਸਸ ਦੀ ਉਸਾਰੀ ਕੀਤੀ। ਉਸਦੇ ਥੀਸਸ ਨੂੰ ਜਾਣਨ ਵਾਸਤੇ ਤੁਸੀਂ ਉਸਦੀ ਕਿਤਾਬ ਆਪਣਾ ਅਤੀਤ ਪੜ੍ਹ ਸਕਦੇ ਹੋ ਜਿਸ ਦੀ ਭੂਮਿਕਾ ਲਿਖਣ ਦਾ ਮਾਣ ਮੈਨੂੰ ਪ੍ਰਾਪਤ ਰਿਹਾ ਹੈ।

ਪੰਜਾਬ ਦੀ ਧਰਤੀ ਤੇ ਆ ਕੇ ਉਸ ਨੇ ਪੰਜਾਬੀ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਨਾਲ ਲੈ ਕੇ ਕੁਝ ਵੱਖਰਾ ਤੇ ਵਿਸ਼ੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਿਸ ਵਿੱਚ ਉਹ ਕਾਮਯਾਬ ਵੀ ਹੋਇਆ। ਬਹੁਤ ਸਾਰੇ ਗੌਲੇ ਅਣਗੌਲੇ ਪਰ ਵੱਡੇ ਲਿਖਾਰੀਆਂ ਅਤੇ ਗਾਇਕਾਂ ਨੂੰ ਉਸ ਨੇ ਵੱਡੇ ਮਾਣ ਸਨਮਾਨ ਦੇ ਕੇ ਨਿਵਾਜਣਾ ਸ਼ੁਰੂ ਕੀਤਾ ਜਿਸ ਨੂੰ ਪੰਜਾਬੀ ਪਿਆਰੇ ਭਲੀ ਭਾਂਤ ਜਾਣਦੇ ਹਨ।

ਸੁਰਿੰਦਰ ਸਿੰਘ ਸੁੰਨੜ ਅੰਤਾਂ ਦਾ ਆਸ਼ਾਵਾਦੀ ਹੈ ਲੇਕਿਨ ਕਈ ਵਾਰ ਪੰਜਾਬੀ ਚਿੰਤਕਾਂ ਬੁੱਧੀਜੀਵੀਆਂ ਤੇ ਲੇਖਕਾਂ

ਵੱਲੋਂ ਜਦੋਂ ਉਸ ਦੀ ਗੱਲ ਸੁਣੀ ਨਹੀਂ ਜਾਂਦੀ, ਵਿਚਾਰੀ ਨਹੀਂ ਜਾਂਦੀ ਤਾਂ ਉਹ ਕਈ ਵਾਰ ਨਿਰਾਸ਼ਾ ਦੇ ਆਲਮ ਵਿੱਚ ਵੀ ਘਿਰ ਜਾਂਦਾ ਹੈ। ਦੁਨਿਆਵੀ ਤੌਰ ਤੇ ਪ੍ਰਾਪਤ ਹੋਈ ਨਿਰਾਸ਼ਾ ਕਈ ਵਾਰ ਮਨੁੱਖ ਨੂੰ ਅੰਤਰਮੁਖੀ ਕਰਕੇ ਆਤਮਿਕ ਤੇ ਅਧਿਆਤਮਕ ਸਰੋਕਾਰਾਂ ਨਾਲ ਜੋੜ ਦਿੰਦੀ ਹੈ। ਸੁਰਿੰਦਰ ਸਿੰਘ ਸੁੰਨੜ ਨਾਲ ਵੀ ਕੁਝ ਅਜਿਹਾ ਹੀ ਵਾਪਰਿਆ। ਜਦੋਂ ਉਸ ਦਾ ਦੁਨਿਆਵੀ ਰਿਸ਼ਤਿਆਂ ਤੋਂ ਮੋਹ ਮੋਹ ਭੰਗ ਹੋਇਆ ਤਾਂ ਉਹ ਅੰਤਰਮੁਖਤਾ ਦੀ ਯਾਤਰਾ ਤੇ ਨਿਕਲ ਤੁਰਦਾ ਹੈ। ਉਸ ਅੰਦਰ ਪੈਦਾ ਹੋਈ ਇਸ ਅੰਤਰ ਪ੍ਰਵਿਰਤੀ ਵਿੱਚੋਂ ਹੀ ਇਹ ਵਿਚਾਰ ਅਧੀਨ ਪੁਸਤਕ ਪੁਨਰ ਜਨਮ ਆਪਣਾ ਸਰੂਪ ਧਾਰਨ ਕਰਦੀ ਹੈ। ਉਹ ਅੰਮ੍ਰਿਤ ਛਕ ਕੇ ਗੁਰੂ ਵਾਲਾ ਬਣ ਕੇ ਇੱਕ ਨਵੇਂ ਜੀਵਨ ਅਨੁਭਵ ਵਿੱਚ ਪ੍ਰਵੇਸ਼ ਕਰਦਾ ਹੈ। ਉਸਨੇ ਜੀਵਨ ਵਿੱਚ ਬਹੁਤ ਕੁਝ ਹੰਡਾਇਆ, ਖੱਟਿਆ, ਕਮਾਇਆ, ਗਵਾਇਆ ਪਰ ਹੁਣ ਉਹ ਰਹਿੰਦੀ ਜ਼ਿੰਦਗੀ ਨੂੰ ਗਵਾਉਣਾ ਨਹੀਂ ਚਾਹੁੰਦਾ। ਗੁਰੂ ਦੇ ਲੜ ਲੱਗ ਕੇ ਉਹ ਇਸ ਰਹਿੰਦੀ ਜ਼ਿੰਦਗੀ ਨੂੰ ਇੱਕ ਨਵੇਂ ਅਰਥ ਦੇਣਾ ਚਾਹੁੰਦਾ ਹੈ। ਉਸਨੇ ਕਾਦਰ ਦੀਆਂ ਬੇਅੰਤ ਬਖਸ਼ਿਸ਼ਾਂ ਨੂੰ ਵੀ ਹੰਡਾਇਆ ਹੈ ਜਿਸ ਦਾ ਜ਼ਿਕਰ ਉਹ ਪੁਨਰ ਜਨਮ ਦੀ ਪ੍ਰਥਮ ਕਵਿਤਾ ਵਿੱਚ ਕਰਦਾ ਹੋਇਆ ਲਿਖਦਾ ਹੈ :

ਬੇਅੰਤ ਬਖਸ਼ਿਸ਼ ਕੀਤੀ ਹੈ ਜਿੰਨਾ ਕੁਝ ਤੂੰ ਦਿੱਤਾ ਦਾਤਿਆ
ਸਭ ਕੁਝ ਪਹਿਨਣ ਖਾਣ ਦੇ ਹੁਣ ਕਾਬਲ ਨਹੀਂ ਸੁੰਨੜ
ਤੰਬੇ ਚਾਦਰੇ ਕੁੜਤੇ ਕੁੜਤੀਆਂ ਸਭ ਕੁਝ ਦਿੱਤਾ ਦਾਤਿਆ
ਲੇਕਿਨ ਹੁਣ ਬਿਲਕੁਲ ਹੰਡਾਉਣ ਦੇ ਕਾਬਲ ਨਹੀਂ ਸੁੰਨੜ
ਲਾਵੀ ਆਇਆ ਖੇਤ ਹੁਣ ਜਾ ਪਤ ਝੜ ਕਹੋ ਰੁਤ ਨੂੰ
ਕਰੁਤੇ ਫਲ ਹੁਣ ਯਾਰੋ ਖਾਣ ਖਵਾਉਣ ਦੇ ਕਾਬਲ ਨਹੀਂ
ਸੁੰਨੜ ਰੁੱਤਾਂ ਹੰਡਾਈਆਂ ਬਹੁਤ ਕਿਕਲੀਆਂ ਪਾਈਆਂ ਬਹੁਤ
ਗੀਤ ਵਰਗੀ ਜ਼ਿੰਦਗੀ ਪਰ ਗਾਉਣ ਦੇ ਕਾਬਲ ਨਹੀਂ ਸੁੰਨੜ

ਉਸਨੇ ਗੁਰੂ ਦੇ ਲੜ ਲੱਗ ਕੇ ਸ਼ਬਦ ਦੀ ਸ਼ਕਤੀ ਨੂੰ ਪਹਿਚਾਣ ਲਿਆ ਹੈ। ਹੁਣ ਉਸ ਨੂੰ ਇਸ ਲੋਕ ਦੀ ਪ੍ਰਸਿੱਧੀ ਤੇ ਸਿਫਤ ਸਲਾਹ ਪੋਹਦੀ ਨਹੀਂ ਹੈ ਕਿਉਂਕਿ ਉਸ ਨੂੰ ਇਸ ਬ੍ਰਹਿਮੰਡ ਦੇ ਇੱਕ ਸਦੀਵੀ ਰਾਜ ਦਾ ਭੇਦ ਮਾਲੂਮ ਹੋ ਗਿਆ ਹੈ । ਉਹ ਆਖਦਾ ਹੈ ਕਿ ਜਿਸ ਨੂੰ ਸ਼ਬਦਾਂ ਦਾ ਧਨ ਪ੍ਰਾਪਤ ਹੋ ਗਿਆ ਉਸ ਨੂੰ ਤਿੰਨਾਂ ਲੋਕਾਂ ਵਿੱਚ ਸਤਿਕਾਰ ਮਿਲਣਾ ਸ਼ੁਰੂ ਹੋ ਜਾਂਦਾ ਹੈ। ਆਪਣੀ ਕਵਿਤਾ ਸ਼ਬਦ ਧਨ ਵਿੱਚ ਉਹ ਲਿਖਦਾ ਹੈ :

ਜੋ ਜਨ ਸ਼ਬਦਾਂ ਦਾ ਧਨੀ ਉਸ ਦਾ ਤੀਨ ਲੋਕ ਸਤਿਕਾਰ
ਸਹਜ ਸਬਰ ਸੰਤੋਖੀ ਜੋ ਖੁਦ ਉਧਰੇ ਤੇ ਕਰਨ ਉਧਾਰ
ਜਪ ਤਪ ਸੰਜਮ ਸ਼ਬਦ ਹੈ ਸ਼ਬਦ ਗੁਰੂ ਸ਼ਬਦ ਨਿਰੰਕਾਰ
ਸ਼ਬਦ ਸੱਚ ਕਰਤਾ ਪੁਰਖ ਸੈਭੰਗ ਅਜੂਨੀ ਸਚ ਕਰਤਾਰ
ਅਕਾਲ ਉਸਤਤ ਸ਼ਬਦ ਸੁਕਸ਼ਮ ਤੇ ਸ਼ਬਦ ਅਵਤਾਰ

ਸ਼ਬਦ ਨੂੰ ਹੀ ਉਹ ਇਸ ਸੰਸਾਰ ਦੀ ਕਰਤਾਰੀ ਸ਼ਕਤੀ ਮੰਨਦਾ ਹੈ। ਸ਼ਬਦ ਤੋਂ ਬੇਮੁਖ ਹੋ ਕੇ ਬੰਦੇ ਨੇ ਕਾਮ ਕ੍ਰੋਧ ਮੋਹ ਲੋਭ ਵਸ ਹੋ ਕੇ ਕਾਦਰ ਕਾਦਰ ਦੀ ਕੁਦਰਤ ਵਿੱਚ ਵੰਡੀਆਂ ਪਾਉਣ ਦਾ ਨਾਪਾਕ ਕਾਰਜ ਕੀਤਾ ਹੈ। ਕਾਦਰ ਨੇ ਜਾਂ ਸ਼ਬਦ ਨੇ ਇਹ ਦੁਨੀਆਂ ਬਣਾਈ ਲੇਕਿਨ ਬੰਦੇ ਨੇ ਆਪਣੇ ਨਾਪਾਕ ਇਰਾਦਿਆਂ ਕਰਕੇ ਇਸ ਕਾਇਨਾਤ ਵਿੱਚ ਵੰਡੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਸੁੰਨੜ ਬੰਦੇ ਦੇ ਇਸ ਘਿਰਣਤ ਕਾਰਜ ਨੂੰ ਭੰਡਦਾ ਹੋਇਆ ਲਿਖਦਾ ਹੈ :

ਰਚਨਾ ਰਾਮ ਬਣਾਈ ਰਾਮ ਬਣਾਉਂਦੇ ਫਿਰਦੇ ਲੋਕ
ਰਾਮ ਖਿਡਾਉਣਾ ਤਾਂ ਨਹੀਂ ਜਿਵੇਂ ਖਿਡਾਉਂਦੇ ਫਿਰਦੇ ਲੋਕ
ਮੱਕਾ ਅਤੇ ਮਦੀਨਾ ਇੱਕ ਇਬਾਦਤ ਹੈ ਸੁੰਨੜਾ
ਮੰਦਰ ਮਸਜਿਦ ਢਾਉਂਦੇ ਅਤੇ ਬੰਬ ਚਲਾਉਂਦੇ ਫਿਰਦੇ ਲੋਕ
ਵੇਦ ਕਤੇਬ ਪੁਰਾਨ ਕੁਰਾਨ ਤਾ ਸਚੋ ਸਚ ਸਾਰੇ
ਸੱਚ ਨੂੰ ਕਾਬੂ ਕਰਕੇ ਹੁਣ ਝੂਠ ਪੜਾਉਂਦੇ ਫਿਰਦੇ ਲੋਕ
ਕਿਵ ਸਚਿਆਰਾ ਹੋਈਐ ਝੂਠ ਫਿਰੇ ਪ੍ਰਧਾਨ
ਰੱਬ ਨੂੰ ਦੇਖੋ ਕਿੱਦਾਂ ਜਹਿਰ ਪਿਆਉਂਦੇ ਫਿਰਦੇ ਲੋਕ
ਇਹ ਵੀ ਸਾਰੇ ਮੰਨਦੇ ਅਸੀਂ ਗਲਤੀਆਂ ਦੇ ਪੁਤਲੇ
ਰੱਬ ਨੂੰ ਫਿਰ ਦੱਸੋ ਕਿਉਂ ਫਾਹੇ ਲਾਉਂਦੇ ਫਿਰਦੇ ਲੋਕ
ਰਾਮ ਅੱਲਾਹ ਤੇ ਯਸੂ ਰੱਬ ਦੇ ਨਾਮ ਅਸੀਂ ਰੱਖ ਲਏ
ਗੁਰੂ ਨਾਨਕ ਦਾ ਇੱਕੋ ਇੱਕ ਵੀ ਗਾਉਂਦੇ ਫਿਰਦੇ ਲੋਕ
ਹਿੰਦੂ ਮੁਸਲਮ ਸਿੱਖ ਇਸਾਈ ਰਾਮ ਦੀ ਰਚਨਾ ਹੈ
ਜਾਣ ਬੁਝ ਕੇ ਕਈ ਕਿਆਰੇ ਪਾਉਂਦੇ ਫਿਰਦੇ ਲੋਕ

ਉਹ ਇਸ ਪ੍ਰਕਿਰਤੀ ਨੂੰ, ਕਾਇਨਾਤ ਨੂੰ ਤੇ ਮਨੁੱਖਤਾ ਨੂੰ ਕਿਆਰਿਆਂ ਵਿੱਚ ਵੰਡੀ ਧਰਮਾਂ ਮਜਹਬਾਂ, ਜਾਤਾਂ, ਰੰਗਾਂ, ਨਸਲਾਂ ਵਿੱਚ ਵੰਡੀ ਦੇਖ ਨਹੀਂ ਸਕਦਾ ਕਿਉਂਕਿ ਜਨਮ ਤੋਂ ਨਾ ਕੋਈ ਹਿੰਦੂ ਹੁੰਦਾ ਹੈ ਨਾ ਕੋਈ ਸਿੱਖ ਤੇ ਨਾ ਕੋਈ ਇਸਾਈ ਹੁੰਦਾ ਹੈ। ਜਨਮ ਵੇਲੇ ਮਨੁੱਖ ਹੁੰਦਾ ਹੈ। ਇਸੇ ਲਈ ਉਹ ਆਖਦਾ ਹੈ:

ਹਿੰਦੂ ਮੁਸਲਿਮ ਸਿੱਖ ਇਸਾਈ ਨਹੀਂ ਜੰਮਦੀ ਜਨਨੀ
ਧਰਮਾਂ ਦਾ ਮਾਲਕ ਨੂੰ ਦੁਨੀਆ ਪਾਠ ਪੜਾਉਂਦੀ ਹੈ

ਨਾੜੂਆ ਟੁੱਟਦਿਆਂ ਸਾਰ ਹੀ ਚੱਲਦਾ ਚੱਕਰ ਮਾਇਆ ਦਾ
ਅੱਖ ਖੁੱਲਦਿਆਂ ਹੀ ਦੁਨੀਆ ਨਜ਼ਰੀ ਆਉਂਦੀ ਹੈ
ਕਾਦਰ ਦੀ ਇਸ ਮਹਾਨ ਕੁਦਰਤ ਵਿੱਚ ਪੈਦਾ ਹੋ ਕੇ ਵੀ

ਬੰਦਾ ਦੁਖੀ ਹੈ , ਬਿਮਾਰ ਹੈ, ਪੀੜਿਤ ਹੈ। ਇਸ ਦਾ ਕਾਰਨ ਬੰਦਾ ਯੁੱਗਾਂ ਯੁੱਗਾਂ ਤੋਂ ਲੱਭ ਰਿਹਾ ਹੈ। ਅਸੀਂ ਸਾਰੇ ਦਿਨ ਰਾਤ ਇਸੇ ਕੋਸ਼ਿਸ਼ ਵਿੱਚ ਲੱਗੇ ਰਹਿੰਦੇ ਹਾਂ ਕਿ ਸਾਨੂੰ ਵੱਧ ਤੋਂ ਵੱਧ ਸੁੱਖ ਮਿਲੇ। ਦੁੱਖ ਦੀ ਅਸੀਂ ਕਦੇ ਭਾਲ ਨਹੀਂ ਕਰਦੇ ਲੇਕਿਨ ਫਿਰ ਵੀ ਦੁੱਖ ਸਾਡੀ ਝੋਲੀ ਆਣ ਪੈਂਦੇ ਹਨ। ਇਸ ਦਾ ਕਾਰਨ ਸਾਡੇ ਪਿਆਰੇ ਸ਼ਾਇਰ ਸੁਰਿੰਦਰ ਸਿੰਘ ਸੁੰਨੜ ਨੂੰ ਲੱਭ ਗਿਆ ਹੈ। ਉਹ ਜਦੋਂ ਆਪਣੇ ਮਨ ਮਸਤਕ ਵਿੱਚ ਆਤਮਕ ਤਾਰੀਆਂ ਲਾਉਂਦਾ ਹੈ ਤਾਂ ਸਦੀਵੀ ਵਿਚਾਰਾਂ ਦੇ ਹੀਰੇ ਮੋਤੀ ਸਾਡੇ ਲਈ ਲੱਭ ਕੇ ਲਿਆਉਂਦਾ ਹੈ। ਬੰਦੇ ਦੇ ਦੁੱਖ ਦਾ ਕਾਰਨ ਲੱਭਦਾ ਹੋਇਆ ਉਹ ਆਪਣੀ ਕਵਿਤਾ ਵਿੱਚ ਆਖਦਾ ਹੈ :

ਕੁਦਰਤ ਦੀ ਕਾਦਰ ਦੇ ਬੰਦਿਆ ਕਾਇਦੇ ਬਹੁਤ ਮਿਆਰੀ ਕਿਰਤ ਤੇਰੀ ਹੋ ਗਈ ਕਸੂਤੀ ਤਾਂ ਹੋਈ ਤੇਰੀ ਖੱਜਲ ਖੁਆਰੀ ਦੋਸ ਨ ਦੇਹ ਤੂੰ ਹੋਰ ਕਿਸੇ ਨੂੰ ਦੋਸ਼ ਕਰਮਾਂ ਤੇਰਿਆਂ ਮਿੱਤਰਾ ਚਾਤਰ ਨੇ ਚਤੁਰਾਈਆਂ ਕਰਦਿਆਂ ਹੀ ਖੇਡ ਵਿਗਾੜੀ ਸਾਰੀ ਅੱਗੇ ਦੇਖੇ ਪਿੱਛੇ ਦੇਖੇ ਉਸ ਤੋਂ ਭਲਾ ਕੋਈ ਕੀ ਲਕੋ ਲਊ
ਤੇਰਾ ਜਦੋਂ ਹਿਸਾਬ ਹੋਇਆ ਬਾਕੀ ਤੇਰੇ ਵੱਲ ਨਿਕਲੂ ਭਾਰੀ

ਬੰਦੇ ਨੇ ਆਪਣੀ ਕਸੂਤੀ ਕਿਰਤ ਕਰਕੇ ਕੁਦਰਤ ਦੇ ਨਿਯਮਾਂ ਤੋਂ ਬੇਮੁਖ ਹੋ ਕੇ ਇਹ ਜਿਹੜਾ ਜੀਵਨ ਜੀਵਿਆ ਇਹਦੇ ਦੁੱਖਾਂ ਦਾ ਕਾਰਨ ਬਣ ਗਿਆ। ਇਸੇ ਲਈ ਜਦੋਂ ਸਾਡੇ ਕਵੀ ਸੁਰਿੰਦਰ ਸਿੰਘ ਸੁੰਨੜ ਨੂੰ ਜੀਵਨ ਵਿੱਚ ਵਾਪਰਦੇ ਦੁੱਖਾਂ, ਕਸ਼ਟਾਂ ਕਲੇਸ਼ਾਂ ਦਾ ਕਾਰਨ ਮਿਲਦਾ ਹੈ ਤਾਂ ਉਹ ਗੁਰੂ ਵੱਲ ਮੁੱਖ ਕਰਕੇ ਗੁਰਮੁਖ ਬਣਨ ਦੇ ਰਾਹ ਉੱਪਰ ਤੁਰ ਪੈਂਦਾ ਹੈ। ਉਹ ਧਰਮਾਂ, ਮਜਹਬਾਂ, ਜਾਤਾਂ ਪਾਤਾਂ ,ਰੰਗਾਂ ਨਸਲਾਂ ਤੋਂ ਉੱਪਰ ਉੱਠ ਗਿਆ ਹੈ ਤੇ ਮਨੁੱਖਤਾ ਨੂੰ ਵੀ ਇਹਨਾਂ ਕਿਆਰਿਆਂ, ਇਹਨਾਂ ਵੰਡੀਆਂ ਤੋਂ ਉੱਪਰ ਉੱਠਣ ਦਾ ਸੰਦੇਸ਼ ਆਪਣੀ ਕਵਿਤਾ ਵਿੱਚ ਦਿੰਦਾ ਹੋਇਆ ਆਖਦਾ ਹੈ :

ਹਿੰਦੂ ਮੁਸਲਿਮ ਸਿੱਖ ਇਸਾਈ ਤੇਰੇ ਮੇਰੇ ਸਰਨਾਵੇ ਹਨ
ਸਤਿਨਾਮ ਤਾਂ ਏਕੋ ਹੀ ਹੈ ਇਕੋ ਹੀ ਸਭ ਵਿਚ ਇਕਮਿਕ ਹੈ
ਸੱਚ ਅਕਾਲ ਪੁਰਖ ਕਰਤਾ ਹੈ ਆਜੂਨੀ ਸੈਭੰ ਹੈ ਸੱਚ
ਹੁਕਮ ਰਜਾਈ ਚਲ ਕੇ ਦੇਖੋ ਹੁਕਮ ਚ ਜੋ ਰਹਿੰਦਾ ਉਹ ਸਿੱਖ ਹੈ

ਉਸਨੇ ਹੁਣ ਉਸ ਅਕਾਲ ਪੁਰਖ ਪਰਮ ਪਿਤਾ ਪਰਮਾਤਮਾ ਦੇ ਹੁਕਮ ਵਿੱਚ ਚੱਲ ਕੇ ਜੀਵਨ ਜਿਉਣ ਦਾ ਤਹਈਆ ਕਰ ਲਿਆ ਹੈ। ਜੀਵਨ ਦੇ ਇਹਨਾਂ ਡੂੰਘੇ ਭੇਦਾਂ ਦੀ ਸਮਝ ਉਸ ਨੂੰ ਗੁਰੂ ਨਾਲ ਜੁੜ ਕੇ ਆਈ ਹੈ। ਉਸ ਦੇ ਜੀਵਨ ਵਿੱਚ ਇੱਕ ਨਵੀਂ ਕ੍ਰਾਂਤੀ ਵਾਪਰੀ ਹੈ, ਇੱਕ ਨਵਾਂ ਮਨੁੱਖ ਉਗਮਿਆ ਹੈ ਜੋ ਹੁਣ ਗੁਰੂ ਦਾ ਦਾਸਰਾ ਹੈ। ਗੁਰੂ ਦਾ ਦਾਸਰਾ ਬਣ ਕੇ ਉਸ ਨੂੰ ਜੋ ਸੁੱਖ ਤੇ ਸਕੂਨ ਮਿਲਿਆ ਹੈ , ਜੋ ਆਤਮਿਕ ਤੇ ਅਧਿਆਤਮਕ ਦੌਲਤ ਮਿਲੀ ਹੈ, ਇਹ ਦੌਲਤ ਬਹੁਤ ਸੂਖਸ਼ਮ ਹੈ ਤੇ ਜਿਸ ਨੂੰ ਮਿਲਦੀ ਹੈ ਉਹੀ ਇਸ ਦੀ ਕੀਮਤ ਨੂੰ ਜਾਣਦਾ ਹੈ। ਇਸੇ ਲਈ ਜੀਵਨ ਦੇ ਇਸ ਨਵੇਂ ਅਧਿਆਏ ਨੂੰ ਉਸਨੇ ਪੁਨਰ ਜਨਮ ਦਾ ਨਾਮ ਦਿੱਤਾ ਹੈ। ਮੈਂ ਇਸ ਛੋਟੇ ਜਿਹੇ ਲੇਖ ਵਿੱਚ ਪੁਨਰ ਜਨਮ ਕਵਿਤਾ ਦੇ ਹਵਾਲੇ ਨਾਲ ਆਪਣੀ ਚਰਚਾ ਨੂੰ ਵਿਰਾਮ ਦੇਵਾਂਗਾ। ਆਓ ਉਸਦੀ ਕਵਿਤਾ ਪੁਨਰ ਜਨਮ ਪੜੀਏ :

ਹਰ ਮੰਗਲ ਗਾਉ ਸਖੀ ਪੁਨਰ ਜਨਮ ਮੈ ਪਾਇਆ
ਮਿਹਰ ਕਰੀ ਮਿਹਰਾਂ ਵਾਲੇ ਨੇ ਗੁਰੂ ਸੰਜੋਗ ਕਰਾਇਆ
ਮੌਲਿਆ ਆਲ ਦੁਆਲਾ ਸਾਰਾ ਮਨ ਮੰਦਰ ਰੁਸ਼ਨਾਇਆ
ਸਭ ਸਿਆਣਪਾ ਮੁੱਕ ਗਈਆਂ ਸਚ ਮਾਰਗ ਅਪਣਾਇਆ
ਰਸਤਾ ਵੀ ਉਹ ਰਾਹੀ ਭੀ ਉਹ ਕਾਇਆ ਕਲਪ ਕਰਾਇਆ
ਮੁੱਕ ਗਈ ਮੇਰ ਤੇਰ ਦੁਨੀਆ ਦੀ ਚਰਨੀ ਸੀਸ ਟਿਕਾਇਆ
ਪਿਤਾ ਪੂਤ ਦੀ ਪਈ ਭਿਆਲੀ ਦਸਮ ਪਿਤਾ ਦਾ ਜਾਇਆ
ਰਹਿਣ ਸਹਿਣ ਕਰਤ ਵਿਦਿਆ ਪੁੱਤ ਸਿਖੂ ਪਿਤਾ ਸਿਖਾਇਆ
ਸਜਾ ਮਿਲੀ ਝਿੜਕਾਂ ਵੀ ਪਈਆਂ ਫੇਰ ਪਿਤਾ ਗਲ ਲਾਇਆ
ਰੁਤ ਫਿਰੀ ਸਾਖਾ ਫੁੱਟ ਪਈਆ ਟੀਸੀ ਉੱਪਰ ਸਰਮਾਇਆ
ਲਹਿ ਗਿਆ ਗਲੋਂ ਪੁਰਾਣਾ ਚੋਲਾ ਪੰਜ ਪਰਮੇਸ਼ਵਰ ਪਾਇਆ
ਪੱਕੀ ਫਸਲ ਕੱਟੀ ਜਾਂਦੀ ਗੁਰੂ ਹਰਿਆ ਬੂਟ ਲਗਾਇਆ
ਬਚਦੇ ਸੁਆਸ ਸਗੀਰਥ ਹੁਣ ਮਿਲਿਆ ਗੁਰੂ ਦਾ ਸਾਇਆ

ਗੁਰੂ ਦੇ ਸਾਏ ਵਿੱਚ ਆ ਕੇ ਉਹ ਆਪਣੇ ਆਪ ਨੂੰ ਸੁਖੀ ਤੇ ਸੁਰਖਿਅਤ ਮਹਿਸੂਸ ਕਰਦਾ ਹੈ ।ਮੈਂ ਉਸਦੀ ਕਵਿਤਾ ਦਾ ਇੱਕ ਨਿਮਾਣਾ ਜਿਹਾ ਪਾਠਕ ਹੋਣ ਦੇ ਨਾਤੇ ਉਸ ਦੇ ਪੁਨਰ ਜਨਮ ਦਾ ਸਵਾਗਤ ਕਰਦਾ ਹਾਂ ਅਤੇ ਆਸ ਵੀ ਕਰਦਾ ਹਾਂ ਕਿ ਜੀਵਨ ਦੇ ਇਸ ਨਵੇਂ ਅਧਿਆਏ ਵਿੱਚ ਸ਼ਾਮਿਲ ਹੋ ਕੇ ਉਹ ਆਤਮਿਕ ਸੰਸਾਰ ਦੇ ਸੂਖਸ਼ਮ ਭੇਦਾਂ ਨੂੰ ਪ੍ਰਾਪਤ ਕਰਕੇ ਅਧਿਆਤਮਿਕਤਾ ਦੀ ਟੀਸੀ ਉੱਪਰ ਇੱਕ ਨਾ ਇੱਕ ਦਿਨ ਜਰੂਰ ਪਹੁੰਚੇਗਾ।

* * *

# "ਗੁਲਾਮੀ"
# ਨਵੇਂ ਸਾਹਿਤਕਾਰ ਨੂੰ

ਕਿਤਾਬ :- "ਗੁਲਾਮੀ" (ਕਹਾਣੀ ਸੰਗ੍ਰਿਹ)
ਕਹਾਣੀਕਾਰ:--ਗੁਰਦੀਪ ਸਿੰਘ ਮੁਕੱਦਮ।
ਪ੍ਰਕਾਸ਼ਕ:-- ਵਿਰਾਸਤ ਪ੍ਰਕਾਸ਼ਨ

ਸਾਹਿਤਕ ਸਥਾਂ ਵਿੱਚ ਘੱਟ ਵਧ ਪਾਠਕ ਹੀ ਜਾਣਦੇ ਹਨ। ਸਾਹਿਤਕਾਰੀ ਦੇ ਖੇਤਰ ਵਿੱਚ ਗੁਰਦੀਪ ਸਿੰਘ ਮੁਕੱਦਮ ਨਵਾਂ ਲੇਖਕ ਨਹੀਂ ਹੈ। ਇਹਨਾਂ ਦਾ ਪਹਿਲਾ ਨਾਵਲ "ਜੁਰਮ" 2003 ਵਿੱਚ ਪ੍ਰਕਾਸ਼ਿਤ ਹੋਇਆ, ਦੂਜਾ ਨਾਵਲ "ਰਣਪੁਰ" 2005 ਵਿੱਚ ਤੇ ਤੀਜਾ ਨਾਵਲ "ਕਤਲਗਾਹ" 2010 ਵਿੱਚ। ਆਪਣੇ ਪਿੰਡ ਲਧਾਣ ਝਿੱਕਾ ਦਾ ਲਿਖਿਆ (ਇਤਿਹਾਸ) ਵੀ 2020-2024 ਵਿੱਚ ਛਾਪਿਆ ਹੈ। ਬਹੁਤ ਲੇਖਕ ਰਚਨਾਵਾਂ ਦੇ ਛਾਪਣ ਮਗਰੋਂ ਵਿਚਾਰ ਚਰਚਾ ਨਹੀਂ ਹੁੰਦੀ ਜਾਂ ਉਹ ਆਪ ਉਪਰਾਲਾ ਨਹੀਂ ਕਰਦੇ।

ਉਨ੍ਹਾਂ ਦੀਆਂ ਪੁਸਤਕਾਂ ਪੜ ਕੇ  ਅਹਿਸਾਸ ਹੁੰਦਾ ਹੈ ਕਿ ਇਕ ਪਰਿਪਕਵ ਤੇ ਸਿਰਜਨਾਤਮਕ ਲੇਖਕ ਹਨ  ਕਹਾਣੀ ਘੜਨ ਦਾ ਬਹੁਤ ਵਧੀਆ ਤਰਕੀਬ ਹੈ ਤੇ ਪਾਠਕ ਨੂੰ ਜੋੜੀ ਰਖਣ ਦਾ ਹੁਨਰ ਹੈ। ਹਰ ਕਹਾਣੀ ਤੇ ਚਰਚਾ ਨਹੀਂ ਕਰ ਸਕਦਾ ਕਿਉਂਕਿ 100 ਪੰਨੇ ਦੇ ਸੰਗ੍ਰਿਹ ਵਿੱਚ ਛੋਟੀ ਵਡੀਆਂ 23 ਕਹਾਣੀਆਂ ਹਨ।

ਮੈਂ ਇਸ ਲੇਖਕ ਦੇ ਦੋ ਨਾਵਲ ਪੜੇ ਹਨ ਤੇ ਨਵਾਂ ਕਹਾਣੀ ਸੰਗ੍ਰਿਹ ਤੀਜੀ ਪੁਸਤਕ ਹੈ। ਸਾਰੀਆਂ ਕਹਾਣੀਆਂ ਦਾ ਵਖਰਾ ਵਖਰਾ ਵਿਸ਼ੇ ਹੈ। ਦੇਸ਼-ਵਿਦੇਸ਼ ਵਿੱਚ ਪੰਜਾਬੀ ਕਿਵੇਂ ਜਾ ਕੇ ਰਹਿੰਦੇ, ਵੱਸਦੇ ਹਨ, ਪਿੰਡਾਂ ਵਿੱਚ ਛੋਟੀ ਛੋਟੀ ਗਲ ਤੋਂ ਦੁਸ਼ਮਣ ਬਣ ਜਾਂਦੇ ਹਨ।




ਭਟਕੇ ਹੋਏ ਲੋਕ ਇੱਛਾ ਪੂਰੀ ਕਰਨ ਲਈ ਕਿਸੇ ਆਮ ਅ ਆਦਮੀ ਬਾਬਾ ਧਾਰ ਲੈਂਦੇ ਹਨ, ਇੱਛਾ ਪੂਰਤੀ ਹੋਣ ਤੇ ਬਾਬੇ ਨੂੰ ਪ੍ਰਸਿਧ ਕਰ ਦਿੰਦੇ ਹਨ ਤੇ ਵਿਸ਼ਵਾਸ ਤੇ ਆਸਥਾ ਕਾਰਨ ਉਹਨਾਂ ਦੀਆਂ ਮੰਨਤ ਪੂਰੀ ਹੋ ਜਾਂਦੀ ਹੈ ਤੇ ਇਕ ਆਮ ਬੰਦਾ ਬਾਬਾ ਬਣ ਜਾਂਦਾ ਹੈ।

ਕਹਾਣੀਆਂ ਦੇ ਵਿਸ਼ੇ ਸਮਾਜ ਵਿੱਚ ਵਾਪਰਦੀਆਂ ਘਟਨਾਕ੍ਰਮ ਤੇ ਅਧਾਰਿਤ ਹਨ। ਸ਼ਰਾਬ ਪੀਣ ਵਾਲਿਆਂ ਨੂੰ ਬਾਬੇ ਵੀ ਸ਼ਰਾਬ ਨਹੀਂ ਛੁੜਾ ਸਕਦੇ। ਇਕ ਕਹਾਣੀ ਵਿੱਚ ਜ਼ਿਕਰ ਕੀਤਾ ਹੈ ਕਿ ਪਗ ਹੀ ਸਿਖ ਦੀ ਇਜ਼ਤ ਤੇ ਸਨਮਾਨ ਤੇ ਪਹਿਚਾਣ ਹੈ। ਸਮਾਜਿਕ ਪਰਿਪੇਖ ਵਿੱਚ ਸਬ ਕਹਾਣੀਆਂ ਲਿਖੀਆਂ ਹਨ। ਅਰਥਪੂਰਨ ਸੰਦੇਸ਼ ਦਿੰਦੀਆਂ ਹਨ। ਮੈਂ  ਗੁਰਦੀਪ ਸਿੰਘ ਮੁਕੱਦਮ ਜੀ ਨੂੰ ਇਸ ਕਹਾਣੀ ਸੰਗ੍ਰਿਹ ਲਈ ਬਹੁਤ ਬਹੁਤ ਵਧਾਈ ਦਿੰਦਾ ਹਾਂ ਤੇ ਆਸ਼ਾ ਕਰਦਾ ਹਾਂ ਕਿ ਉਹ ਆਪਣਾ ਸਾਹਿਤਕ ਸਫਰ ਨਿਰੰਤਰ ਜਾਰੀ ਰੱਖਣਗੇ ਤੇ ਪੰਜਾਬੀ ਸਾਹਿਤ ਦੀ ਸੇਵਾ ਕਰਦੇ ਰਹਿਣਗੇ।

ਸ਼ੁਭ ਕਾਮਨਾ ਨਾਲ।

**ਭੁਪਿੰਦਰ ਸਿੰਘ ਨਾਵਲਕਾਰ**
ਜੰਮੂ।

ਪੁਸਤਕ ਸਮੀਖਿਆ

# ਗੁਰਦੁਆਰਾ ਦਮਦਮਾ ਸਾਹਿਬ ਠੱਟਾ : ਇਤਿਹਾਸ ਪਰੰਪਰਾ ਅਤੇ ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ-ਮੁਖਤਾਰ ਸਿੰਘ ਚੰਦੀ

**ਡਾ. ਬਲਜੀਤ ਕੌਰ (ਪ੍ਰੋਫੈਸਰ)**
ਪੂਰਵ ਡੀਨ ਭਾਸ਼ਾਵਾਂ ਫੈਕਲਟੀ
ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ।



ਮੁਖਤਾਰ ਸਿੰਘ ਚੰਦੀ ਦੀ ਪੁਸਤਕ ਗੁਰਦੁਆਰਾ ਦਮਦਮਾ ਸਾਹਿਬ ਠੱਟਾ : ਇਤਿਹਾਸ, ਪਰੰਪਰਾ ਅਤੇ ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ ਸਿਰੜੀ ਖੋਜ ਉਪਰੰਤ ਲਿਖੀ ਗ 320 ਪੰਨਿਆਂ ਦੀ ਵਡ-ਆਕਾਰੀ ਪੁਸਤਕ ਹੈ। ਜਿਹੜੀ ਪੰਜਾਬ ਦੇ ਇਤਿਹਾਸਕ ਸ਼ਹਿਰ ਸੁਲਤਾਨਪੁਰ ਲੋਧੀ ਤਹਿਸੀਲ ਦੇ ਪਿੰਡ ਠੱਟਾ ਵਿਖੇ ਸੁਸ਼ੋਭਿਤ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਦੀ ਇਤਿਹਾਸਕ ਪਿੱਠਭੂਮੀ, ਧਾਰਮਿਕ ਪਰੰਪਰਾ ਅਤੇ ਸਮਾਜਗ ਮਹੱਤਾ ਬਾਰੇ ਮਹੱਤਵਪੂਰਨ ਤੱਥ ਪਾਠਕਾਂ ਦੇ ਸਨਮੁੱਖ ਕਰਦੀ ਹੈ। ਲੋਕ-ਮਾਨਸ ਵਿਚ ਅਪਾਰ ਸ਼ਰਧਾ ਦੇ ਸਥਾਨ ਵਜੋਂ ਮਾਨਯ ਇਸ ਗੁਰਦੁਆਰਾ ਸਾਹਿਬ ਦੇ ਇਤਿਹਾਸਕ ਪਰਿਵੇਸ਼ ਨੂੰ ਖੋਜਦੇ ਹੋਏ ਲੇਖਕ ਨੇ ਇਸਦੇ ਪਿਛੋਕੜ ਵਜੋਂ ਸਮੁੱਚੇ ਪੰਜਾਬ ਦੇ ਧਾਰਮਿਕ-ਸਮਾਜਕ ਇਤਿਹਾਸ ਦੇ ਸਰੂਪ ਅਤੇ ਵਿਕਾਸ ਬਾਰੇ ਵਿਸਤ੍ਰਿਤ ਜਾਣਕਾਰੀ ਵੀ ਦਿੱਤੀ ਹੈ ਜੋ ਇਸ ਪੁਸਤਕ ਦੇ ਬਹੁ-ਪੱਖੀ ਪਾਸਾਰਾਂ ਦਾ ਪ੍ਰਮਾਣ ਹੈ। ਇਸ ਗੁਰਦੁਆਰਾ ਸਾਹਿਬ ਨਾਲ ਸੰਬੰਧਿਤ ਰਹੇ ਸੰਤਾਂ ਮਹਾਂਪੁਰਖਾਂ ਦੇ ਅਣਖੋਜੇ ਜੀਵਨ-ਬ੍ਰਿਤਾਂਤ ਅਤੇ ਉਨ੍ਹਾਂ ਵੱਲੋਂ ਗੁਰਬਾਣੀ, ਸਿੱਖ ਧਰਮ ਤੇ ਇਤਿਹਾਸ ਦੀ ਸਿਖਿਆ, ਵਿਆਖਿਆ, ਪ੍ਰਚਾਰ, ਮਨੁੱਖਤਾ ਦੀ ਸੇਵਾ, ਪ੍ਰਕਿਰਤਕ ਵਾਤਾਵਰਣ ਦੀ ਸੁਰਖਿਆ ਤੇ ਸੰਭਾਲ ਅਤੇ ਲੋਕ-ਭਲਾਈ ਦੇ ਕੀਤੇ ਗਏ ਪਰਉਪਕਾਰੀ ਕਾਰਜਾਂ ਦਾ ਸ਼ਰਧਾਪੂਰਵਕ ਵਰਣਨ ਇਸ ਪੁਸਤਕ ਦੀ ਇਕ ਹੋਰ ਵਰਣਨਯੋਗ ਵਿਸ਼ੇਸ਼ਤਾ ਹੈ। ਇਸ ਪ੍ਰਕਾਰ, ਮੁਖਤਾਰ ਸਿੰਘ ਚੰਦੀ ਦੀ ਇਹ ਬਹੁ-ਪਸਾਰੀ ਪੁਸਤਕ ਪੰਜਾਬ ਦੇ ਪਿਛਲੇ ਤਕਰੀਬਨ ਸਵਾ ਸੌ ਸਾਲਾਂ ਦੇ ਧਾਰਮਿਕ, ਸਮਾਜਕ ਇਤਿਹਾਸ ਸੰਬੰਧੀ ਕੀਤੀ ਗਈ ਅਤੇ ਕੀਤੀ ਜਾ ਰਹੀ ਖੋਜ ਦੇ ਖੇਤਰ ਵਿਚ ਵਡਮੁੱਲਾ ਵਾਧਾ ਹੈ।

ਖੋਜ ਭਾਵੇਂ ਕਿਸੇ ਵੀ ਖੇਤਰ ਦੀ ਹੋਵੇ, ਇਹ ਅਣਦੇਖੇ ਅਣਜਾਣੇ ਸੱਚ/ਤੱਥ ਨੂੰ ਖੋਜਣ ਦੇ ਕਠਿਨ ਮਾਰਗ ਦੀ ਪਾਂਧੀ ਹੁੰਦੀ ਹੈ ਜਿਸਦੇ ਲਈ ਇਕਾਗਰ, ਉਸਾਰੂ ਖੋਜ-ਬਿਰਤੀ, ਡੂੰਘੀ ਲਗਨ ਤੇ ਸਿਰੜੀ ਉੱਦਮ ਦੀ ਲੋੜ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

ਸੇਵਾ ਸੁਰਤਿ ਰਹਿਸ ਗੁਣ ਗਾਵਾ ਗੁਰਮੁਖਿ ਗਿਆਨ ਬੀਚਾਰਾ॥

ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ॥

(ਰਾਗ ਮਲਾਰ, ਅੰਗ 1255)

ਸੱਚ ਦੀ ਗਿਆਨ ਮੂਲਕ ਖੋਜ ਦੀ ਉਸਾਰੂ ਬਿਰਤੀ ਦੇ ਉਪਜਣ-ਵਿਗਸਣ ਦਾ ਅਤੇ ਵਾਦ-ਵਿਵਾਦੀ / ਝਗੜਾਲੂ ਨਕਾਰਾਤਮਿਕਤਾ ਦੇ ਬਿਨਸਣ-ਖਤਮ ਹੋਣ ਦਾ ਮੁੱਲਵਾਨ ਸੁਨੇਹਾ ਸੰਚਾਰਿਤ ਕਰਦੀਆਂ ਇਹ ਪਾਵਨ ਤੁਕਾਂ ਹਰੇਕ ਸੱਚ ਦੀ ਖੋਜ ਲਈ ਵੱਡਾ ਉਤਸ਼ਾਹ-ਵਰਧਕ ਥਾਪੜਾ ਹਨ।

ਮੁਖਤਾਰ ਸਿੰਘ ਚੰਦੀ ਦੀ ਇਹ ਪੁਸਤਕ ਗਿਆਨ ਮੂਲਕ ਖੋਜ ਦੇ ਰਾਹ ਤੁਰਨ ਲਈ ਕੀਤਾ ਗਿਆ ਸਕਾਰਾਤਮਕ ਉੱਦਮ ਹੈ। ਲੇਖਕ ਨੇ ਪਹਿਲਾਂ ਪ੍ਰਾਪਤ ਖੋਜ ਦੇ ਹਵਾਲੇ ਨਾਲ ਗੁਰਦੁਆਰਾ ਸ੍ਰੀ

ਦਮਦਮਾ ਸਾਹਿਬ ਦੀ ਸਥਾਪਨਾ ਦਾ ਇਤਿਹਾਸ ਉਲੀਕਦੇ ਹੋਏ ਇਸਦੇ ਮੁੱਢਲੇ ਸਰੂਪ ਦਾ ਪ੍ਰਮਾਣਾਂ ਸਹਿਤ ਤੇ ਵਿਸਤਾਰਪੂਰਵਕ ਵਰਣਨ ਕੀਤਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ-ਨਿਵਾਜੇ ਪੰਜ ਪਿਆਰਿਆਂ ਵਿਚੋਂ ਇਕ, ਭਾਈ ਦਇਆ ਸਿੰਘ ਜੀ ਦੇ ਸੰਪਰਦਾਇ ਦੇ ਪੰਜਵੇ ਉਤਰਾਧਿਕਾਰੀ ਸੰਤ ਬਾਬਾ ਬੀਰ ਸਿੰਘ ਜੀ ਦੀ ਪਵਿੱਤਰ ਯਾਦ ਵਿਚ ਉਨ੍ਹਾਂ ਦੀ ਚਰਨ-ਛੋਹਪ੍ਰਾਪਤ ਧਰਤੀ ਪਿੰਡ ਠੱਟਾ ਵਿਖੇ ਸਥਾਪਤ ਕੀਤੇ ਗਏ ਇਸ ਗੁਰਦੁਆਰਾ ਸਾਹਿਬ ਦੀ ਨੀਂਹ ਲਗਭਗ ਸਵਾ ਸੌ ਵਰ੍ਹੇ ਪਹਿਲਾਂ ਰੱਖੀ ਗਈ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਇਸਦੇ ਸਰੂਪ ਵਿਚ ਸਮੇਂ ਸਮੇਂ ਹੋਏ ਵਾਧੇ, ਵਿਸਤਾਰ ਤੇ ਪਰਿਵਰਤਨਾਂ ਦਾ ਵਿਸਥਾਰਪੂਰਵਕ ਵਰਣਨ ਤਸਵੀਰਾਂ ਸਹਿਤ ਕੀਤਾ ਗਿਆ ਹੈ। ਜਿਸ ਤੋਂ ਵੱਖ-ਵੱਖ ਸਮਿਆਂ ਦੀ ਭਵਨ-ਨਿਰਮਾਣ ਕਲ਼ਾ ਦੇ ਨਮੂਨੇ ਵੀ ਪ੍ਰਾਪਤ ਹੁੰਦੇ ਹਨ। ਸਿੱਖ ਕੌਮ ਦੇ ਮਹਾਨ ਸੰਤ-ਸਿਪਾਹੀ ਬਾਬਾ ਬੀਰ ਸਿੰਘ ਜੀ ਦੇ ਸਿੱਖ ਧਰਮ ਤੇ ਸਿੱਖ-ਸਮਾਜ ਨੂੰ ਸਮਰਪਿਤ ਜੀਵਨ-ਬਿਰਤਾਂਤਾ ਅਤੇ ਸਿੱਖ ਕੌਮ ਨੂੰ ਬਰਤਾਨਵੀ ਹਕੂਮਤ ਦੇ ਅੰਦਰੂਨੀ ਦੋਖੀਆਂ ਵਲੋਂ ਦਰਪੇਸ਼ ਖ਼ਤਰਿਆਂ ਦਾ ਟਾਕਰਾ ਕਰਦਿਆਂ ਦਿੱਤੀ ਸ਼ਹੀਦੀ ਦਾ ਵਰਣਨ ਉਸ ਸਮੇਂ ਦਾ ਦ੍ਰਿਸ਼ ਸਾਕਾਰ ਕਰ ਦਿੰਦਾ ਹੈ।

ਮੁਖਤਾਰ ਸਿੰਘ ਚੰਦੀ ਨੇ ਇਸ ਪੁਸਤਕ ਵਿਚ ਉਨ੍ਹਾਂ ਹੋਰ ਸਾਰੇ ਸੰਤਾਂ ਮਹਾਂਪੁਰਖਾਂ ਦੇ ਜੀਵਨ-ਬਿਰਤਾਂਤ ਵੀ ਏਸੇ ਸ਼ਰਧਾ ਮਈ ਸ਼ੈਲੀ ਵਿਚ ਚਿਤਰੇ ਹਨ ਜਿਹੜੇ ਇਸ ਗੁਰਦੁਆਰਾ ਸਾਹਿਬ ਦੀ ਨੀਂਹ ਰੱਖੇ ਜਾਣ ਤੋਂ ਲੈ ਕੇ ਹੁਣ ਤੱਕ ਇਸਦੀ ਉਸਾਰੀ, ਸੇਵਾ ਸੰਭਾਲ ਦੀ ਅਗਵਾਈ ਤੇ ਪ੍ਰਬੰਧ ਦੇ ਕਾਰਜਾਂ ਨੂੰ ਸਮਰਪਿਤ ਰਹੇ। ਇਨ੍ਹਾਂ ਵਿਚ ਸੰਤ ਬਾਬਾ ਕਾਹਨ ਸਿੰਘ ਜੀ, ਸੰਤ ਬਾਬਾ ਖੜਗ ਸਿੰਘ ਜੀ ਦੰਦੂਪੁਰ ਵਾਲੇ, ਬਾਬਾ ਵਰਿਆਮ ਸਿੰਘ ਜੀ, ਸੰਤ ਬਾਬਾ ਭਾਗ ਸਿੰਘ ਜੀ ਚੱਕਰਵਰਤੀ, ਸੰਤ ਬਾਬਾ ਜਗਤ ਸਿੰਘ ਜੀ, ਸੰਤ ਬਾਬਾ ਹੀਰਾ ਸਿੰਘ ਜੀ, ਸੰਤ ਬਾਬਾ ਕਰਤਾਰ ਸਿੰਘ ਜੀ, ਸੰਤ ਬਾਬਾ ਤਰਲੋਚਨ ਸਿੰਘ ਜੀ, ਸੰਤ ਬਾਬਾ ਗੁਰਚਰਨ ਸਿੰਘ ਜੀ, ਸੰਤ ਬਾਬਾ ਹਰਜੀਤ ਸਿੰਘ ਜੀ ਦੇ ਜੀਵਨ-ਵਿਉਰੇ ਵਿਸਤਾਰ ਸਹਿਤ ਦਰਜ ਕੀਤੇ ਗਏ ਹਨ। ਇਨ੍ਹਾਂ ਤੋਂ ਇਲਾਵਾ, ਇਸ ਇਲਾਕੇ ਦੇ ਹੋਰ ਮਹਾਂਪੁਰਖਾਂ ਦੇ ਜੀਵਨ-ਬਿਰਤਾਂਤ ਵੀ ਇਸ ਪੁਸਤਕ ਦਾ ਹਿੱਸਾ ਬਣੇ ਹਨ ਜਿਹੜੇ ਕਿਸੇ ਨਾ ਕਿਸੇ ਪ੍ਰਕਾਰ ਨਾਲ ਇਸ ਪਵਿੱਤਰ ਧਰਮ-ਸਥਾਨ ਨਾਲ ਸੰਬੰਧਿਤ ਰਹੇ ਹਨ। ਇਨ੍ਹਾਂ ਮਹਾਂਪੁਰਖਾਂ ਵਲੋਂ ਸਿੱਖ ਅਧਿਆਤਮਕ ਚਿੰਤਨ ਤੇ ਵਿਹਾਰਕ ਜੀਵਨ-ਜਾਂਚ ਦੀ ਸਿੱਖਿਆ, ਵਿਆਖਿਆ, ਪ੍ਰਚਾਰ, ਸੰਗਤ ਤੇ ਪੰਗਤ ਦੇ ਅਨੋਖੀ ਉਪਦੇਸ਼ ਦੀ ਪਾਲਣਾ, ਦੁਖੀਆਂ ਅਨਾਥਾਂ, ਅਪਾਹਜਾਂ ਦੇ ਇਲਾਜ ਤੇ ਸੰਭਾਲ, ਪ੍ਰਕਿਰਤਕ ਵਾਤਾਵਰਣ ਦੀ ਰੱਖਿਆ ਤੇ ਪ੍ਰਫੁੱਲਤਾ, ਲੋੜਵੰਦਾਂ ਦੀ ਸਹਾਇਤਾ ਵਾਸਤੇ ਜੋ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਰਹੇ ਹਨ, ਉਹ ਇਸ ਇਲਾਕੇ ਦੇ ਲੋਕਾਂ ਅਤੇ ਸਮੁੱਚੀ ਮਨੁੱਖਤਾ ਲਈ ਅਣਮੁੱਲੀ ਦੇਣ ਹੈ। ਮੁਖਤਾਰ ਸਿੰਘ ਚੰਦੀ ਨੇ ਇਸ ਪੁਸਤਕ ਵਿਚ ਇਸ ਮਹਾਂਪੁਰਖਆਂ ਦੀ ਇਸ ਦੇਣ ਦਾ ਵਰਣਨ ਬੜੀ ਸਰਲ ਤੇ ਸੁਖਾਵੀਂ ਸ਼ੈਲੀ ਵਿਚ ਕੀਤਾ ਹੈ। ਇਸ ਗਿਆਨ-ਪੁਸਤਕ ਦੀ ਇਹ ਇਕ ਮਿਸਾਲੀ ਵਿਸ਼ੇਸ਼ਤਾ ਹੈ ਕਿ ਇਹ ਸੌਖੀ ਤੇ ਆਮ ਵਰਤੀਂਦੀ ਭਾਸ਼ਾ ਵਿਚ ਲਿਖੀ ਹੋਣ ਕਰਕੇ ਹਰ ਬੌਧਿਕ ਵਰਗ ਦੇ ਪਾਠਕਾਂ ਲਈ ਸਮਝਣਯੋਗ ਤੇ ਗ੍ਰਹਿਣਯੋਗ ਹੈ। ਦੁਹਰਾਉ, ਵਿਸਤਾਰ, ਵਿਆਖਿਆ, ਪ੍ਰਮਾਣ ਆਦਿ ਜੁਗਤਾਂ ਦੀ ਵਰਤੋਂ ਇਸਦੀ ਸੰਚਾਰ ਯੋਗਤਾ ਵਿਚ ਹੋਰ ਵਾਧਾ ਕਰਦੀ ਹੈ। ਅਜਿਹੀ ਸੰਚਾਰ-ਯੋਗਤਾ ਅਤੇ ਗ੍ਰਹਿਣ-ਯੋਗਤਾ ਗਿਆਨ-ਸਾਹਿਤ ਦਾ ਮੁਢਲਾ ਲੋੜੀਂਦਾ ਗੁਣ-ਲੱਛਣ ਹੁੰਦਾ ਹੈ। ਇਸ ਪ੍ਰਕਾਰ ਮੁਖਤਾਰ ਸਿੰਘ ਚੰਦੀ ਦੀ ਇਹ ਪੁਸਤਕ ਦੇ ਖੋਜ-ਆਧਾਰਿਤ ਗਿਆਨ-ਸਾਹਿਤ ਦੇ ਵਰਗ ਵਿਚ ਨਿਵੇਕਲੇ ਸਥਾਨ ਦੀ ਹੱਕ ਬਨਦੀ ਹੈ। ਕਵਿਤਾ ਦੇ ਖੇਤਰ ਵਿਚ ਨਾਮਣਾ ਖੱਟ ਰਹੇ ਇਸ ਬਹੁ-ਪੱਖੀ ਸਾਹਿਤਕ ਪ੍ਰਤਿਭਾ ਵਾਲੇ ਲੇਖਕ ਦੀ ਇਸ ਵਾਰਤਕ ਪੁਸਤਕ ਨੂੰ ਜੀ ਆਇਆਂ ਕਹਿੰਦੇ ਹੋਏ ਮੈਂ ਉਨ੍ਹਾਂ ਦੀ ਕਲਮ ਦੇ ਹੋਰ ਬੁਲੰਦੀਆਂ ਛੂਹਣ ਲਈ ਸ਼ੁਭਕਾਮਨਾਵਾਂ ਭੇਟ ਕਰਦੀ ਹਾਂ। 'ਅੱਲਾਹ ਕਰੇ ਜ਼ੋਰੇ-ਕਲਮ ਔਰ ਭੀ ਜ਼ਿਆਦਾ।'

# ਭਿੱਜ ਗਈਆਂ ਨਣਾਨੇ ਪੂਣੀਆਂ, ਨਾਲੇ ਭਿੱਜ ਗਏ ਚਰਖ਼ੇ।

## ਝੜੀਆਂ ਤੇ ਹੜ੍ਹ ਅਤੇ ਗਾਉਣ ਵਜਾਉਣ



-ਡਾਕਟਰ ਨਿਰਮਲ ਸਿੰਘ ਲਾਂਬੜਾ

ਪੰਜਾਬ 'ਚ ਮੀਂਹ ਤਾਂ ਮਸਾਂ ਗੁਜ਼ਾਰੇ ਜੋਗੇ ਹੀ ਪੈਂਦੇ ਨੇ ਉਹ ਵੀ ਜ਼ਿਆਦਾ ਸਾਉਣ-ਭਾਵੇਂ ਵਿੱਚ ਅਤੇ ਸਿਆਲੂ ਮੀਂਹ ਪੋਹ ਮਾਘ 'ਚ। ਕਦੇ-ਕਦੇ ਕਈ-ਕਈ ਦਿਨਾਂ ਦੀ ਝੜੀ ਵੀ ਲੱਗ ਜਾਂਦੀ। ਮੈਨੂੰ 1947, 1955 ਤੇ 1988 ਸੰਨ 'ਚ ਆਏ ਹੜ੍ਹਾਂ ਦਾ ਚੰਗਾ ਚੇਤਾ ਹੈ। ਸੰਤਾਲੀ ਵੇਲੇ ਇਕ ਪਾਸੇ ਉਜਾੜਾ, ਵੱਢ ਟੁੱਕ ਅਤੇ ਹਿਜਰਤ, ਦੂਜੇ ਪਾਸੇ ਮੀਂਹ ਦਾ ਕਹਿਰ। ਕਈਆਂ ਦੇ ਕੱਚੇ ਕੰਧਾਂ ਕੋਠੇ ਢਹਿ ਗਏ। ਕੱਚੇ ਰਾਹਾਂ 'ਚ ਟੋਭਿਆਂ ਢਾਬਾ 'ਚ ਪਾਣੀ ਭਰਨ ਕਾਰਨ ਘਰੋਂ ਬਾਹਰ ਨਿਕਲਣਾ ਮੁਹਾਲ ਸੀ। ਰੁੜ੍ਹੇ ਜਾਂਦੇ ਘਰੇਲੂ ਤੇ ਖੇਤੀਬਾੜੀ ਦੇ ਸੰਦਾਂ ਦੇ ਦ੍ਰਿਸ਼, ਯਾਦ ਕਰਕੇ ਅੱਜ ਵੀ ਭੈਅ ਆਉਂਦਾ ਹੈ।

ਪਚਵੰਜਾ ਵਾਲੀ ਝੜੀ ਅੱਸੂ ਦੇ ਮਹੀਨੇ ਲੱਗੀ ਸੀ। ਮੈਂ ਉਦੋਂ ਸੱਤਵੀਂ ਜਮਾਤ ਵਿੱਚ ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ ਭੜੀ ਪੜ੍ਹਦਾ ਸਾਂ। ਬਰਵਾਲੀ ਤੋਂ ਤਿੰਨ ਕੋਹ ਗੋਸਲਾਂ, ਕੋਟਲਾ ਹੁੰਦੇ ਅਸੀਂ ਪਿੰਡ ਦੇ ਤਿੰਨ ਚਾਰ ਮੁੰਡੇ ਹਰ ਰੋਜ਼ ਪੈਦਲ ਹੀ ਜਾਂਦੇ। ਇਹ ਮੀਂਹ 11, 12, 13 ਸਤੰਬਰ ਨੂੰ ਲਗਾਤਾਰ 72 ਘੰਟੇ ਪੈਂਦਾ ਰਿਹਾ। ਪਹਿਲੇ ਦਿਨ ਤਾਂ ਅਸੀਂ ਸਕੂਲ ਭਿੱਜਦੇ ਭਜਾਉਂਦੇ ਗਏ ਸੀ। ਦੂਜੇ ਤੀਜੇ ਦਿਨ ਘਰਦਿਆਂ ਨੇ ਸਾਨੂੰ ਨਹੀਂ ਸੀ ਜਾਣ ਦਿੱਤਾ। ਹਰ ਪਾਸੇ ਪਾਣੀ ਹੀ ਪਾਣੀ ਨਜ਼ਰ ਆਉਂਦਾ। ਪਿੰਡਾਂ ਵਿੱਚ ਬਹੁਤੇ ਮਕਾਨ ਕੱਚੇ ਹੀ ਸਨ। ਸਾਡਾ ਘਰ ਜ਼ਿਆਦਾ ਪੱਕਾ ਤੇ ਪਿਛਲੇ ਪਾਸਿਓਂ ਕੱਚਾ ਸੀ। ਦੂਜੀ ਰਾਤ ਸਾਡੇ ਪਿੰਡ ਦੇ ਦੋ ਤਿੰਨ ਪਰਿਵਾਰਾਂ ਦੇ ਬੱਚੇ ਬਜ਼ੁਰਗ ਤੇ ਤੀਵੀਆਂ ਮਾਨੀਆਂ ਸਾਡੇ ਘਰ ਆ ਗਏ। ਰਾਤ ਨੂੰ ਵੀ ਜਦੋਂ ਮੀਂਹ ਹਟਿਆ ਈ ਨਾ ਤੇ ਚਾਚੇ ਤਾਏ ਤੇ ਬਾਪੂ ਹੋਰੀਂ ਮੈਂ ਪਰਲੋ ਦੀਆਂ ਗੱਲਾਂ ਕਰਦੇ ਸੁਣੇ। ਉਨ੍ਹਾਂ ਦਾ ਕਹਿਣਾ ਸੀ "ਜੇ ਮੀਂਹ ਰਾਤ ਭਰ ਇਵੇਂ ਹੀ ਪੈਂਦਾ ਰਿਹਾ ਤਾਂ ਨਾ ਕੋਈ ਮਾਲ ਡੰਗਰ, ਨਾ ਕੋਠਾ, ਕੰਧ ਕੜੀ ਅਤੇ ਨਾ ਹੀ ਅਸੀਂ ਬੰਦੇ ਦੇ ਜੀਉਂਦੇ ਬਚ ਸਕਾਂਗੇ।" ਰੋਟੀ ਖਾ ਕੇ ਸਾਰੇ ਹੀ ਬੈਠੇ ਚਾਹ ਪੀ ਰਹੇ ਅਰਦਾਸਾਂ ਕਰ ਰਹੇ ਸਨ ਕਿ ਮੀਂਹ ਛੇਤੀ ਤੋਂ ਛੇਤੀ ਹਟ ਜਾਵੇ। ਕੋਈ ਕਹਿੰਦਾ "ਤਵਾ ਮੂਧਾ ਮਾਰੋ", ਕੋਈ ਹੋਰ ਕਹਿੰਦਾ, "ਹਲ ਉਲਟਾ ਕਰਕੇ ਖੜ੍ਹਾ ਕਰੋ।" ਕੋਈ ਹੋਰ ਖਵਾਜੇ ਪੀਰ ਨੂੰ ਖੁਸ਼ ਕਰਨ ਲਈ ਦਲੀਆ ਦੇਣ ਦੀ ਸਲਾਹ ਦਿੰਦਾ। ਕਿਸੇ ਨੇ ਕਹਿਣਾ "ਇੰਦਰ ਦੇਵਤੇ ਨੂੰ ਅਰਜ ਗੁਜਾਰਨ ਵਾਲੀ ਖੀਰ ਪੂੜੇ ਬਣਾਓ।" ਅਸੀਂ ਨਿਆਣੇ ਤਾਂ ਸੌਂ ਗਏ ਤੇ ਵੱਡੇ ਸਾਰੇ ਰਾਤ ਭਰਤਕਰੀਬਨ ਜਾਗਦੇ ਰਹੇ ਕਿ 'ਹੁਣ ਕੀ ਬਣੂੰ ਦੀ ਸੋਚ ਵਿੱਚ ਡੁੱਬੇ ਰਹੇ। ਤੀਜੀ ਰਾਤ ਤੱਕ ਮੀਂਹ ਪੈਂਦਾ ਤਾਂ ਰਿਹਾ ਪਰ ਕਣੀਆਂ ਘੱਟ ਗਈਆਂ। ਆਸ ਬੱਝੀ ਕਿ ਸਾਡੀਆਂ ਅਰਦਾਸਾਂ ਬੇਨਤੀਆਂ ਪੀਰਾਂ ਦੇਵਤਿਆਂ ਨੇ ਮਨਜ਼ੂਰ ਕਰ ਲਈਆਂ ਨੇ। ਮੀਂਹ ਲੱਗਭਗ ਸ਼ਾਮ ਦੇ ਛੇ ਕੁ ਵਜੇ ਬੰਦ ਹੋਇਆ। ਅਸੀਂ ਕੈਦ 'ਚੋਂ ਛੁੱਟਣ ਵਾਂਗ ਅੰਦਰੋ ਨਿਕਲ ਵਿਹੜੇ 'ਚ ਆ ਗਏ।

ਅਸਮਾਨ ਵੱਲ ਝਾਤੀ ਮਾਰੀ ਤਾਂ ਸਾਨੂੰ ਕੁਝ ਤਾਰੇ ਦਿਸ ਪਏ। ਅਸੀਂ ਨੱਚਣ, ਟੱਪਣ ਤੇ ਗੀਤ ਗਾਉਣ ਲੱਗੇ। ਸਾਰੇ ਪਰਵਾਰ ਅਜੇ ਸਾਡੇ ਘਰ ਹੀ ਸਨ। ਨਿਆਣਿਆਂ ਨੂੰ ਮੌਜਾਂ ਲੱਗੀਆਂ ਹੋਈਆਂ ਸਨ ਤੇ ਵੱਡੇ ਸਾਨੂੰ ਕੱਚੀਆਂ ਕੰਧਾਂ ਦੇ ਨੇੜੇ ਜਾਣ, ਕੋਠਿਆਂ 'ਤੇ ਚੜ੍ਹਨ ਅਤੇ ਮੀਂਹ ਦੇ ਪਾਣੀ 'ਚ ਵੜਨ ਤੋਂ ਰੋਕਦੇ। ਚੌਥੇ ਦਿਨ ਜਦੋਂ ਥੋੜ੍ਹਾ ਬਹੁਤਾ ਸੂਰਜ ਦਿਸਿਆ ਤਾਂ ਸੁੱਖ ਦਾ ਸਾਹ ਆਇਆ। ਸਾਰੇ ਪਿੰਡ ਵਿੱਚ ਪਾਣੀ ਹੀ ਪਾਣੀ, ਟੋਭੇ, ਢਾਬਾਂ, ਛੱਪੜੀਆਂ, ਖੇਤ, ਰਾਹ, ਡੰਡੀਆਂ ਸਭ ਜਲ ਮਗਨ ਹੋਏ ਪਏ ਸਨ। ਅਖ਼ਬਾਰਾਂ ਤਾਂ ਪਿੰਡਾਂ ਵਿੱਚ ਮਾੜੀਆਂ-ਮੋਟੀਆਂ ਹੀ ਆਉਂਦੀਆਂ ਸਨ। ਸਕੂਲ ਜਾ ਕੇ ਅੰਗਰੇਜ਼ੀ ਟ੍ਰਿਬਿਊਨ ਤੇ ਅਜੀਤ ਅਖਬਾਰ ਪੜ੍ਹਕੇ ਮਨ ਦਹਿਲ ਗਿਆ। ਲੁਧਿਆਣੇ ਤੋਂ ਫਿਲੌਰ ਤੱਕ ਦਰਿਆ ਹੀ ਦਰਿਆ ਸਤਲੁਜ, ਸੁਭਾਨਪੁਰ ਹਮੀਰੇ ਤੋਂ ਬਿਆਸ ਤੱਕ ਪਾਣੀ 'ਚ ਡੁੱਬੇ ਘਰ, ਮਰੇ ਹੋਏ ਡੰਗਰ, ਰੁੜ੍ਹੀਆਂ ਜਾਂਦੀਆਂ ਗੋਲੀਆਂ ਹਲ-ਪੰਜਾਲੀਆਂ ਮਰੇ ਹੋਏ ਪੰਛੀਆਂ ਦੀਆਂ ਤਸਵੀਰਾਂ ਅਖ਼ਬਾਰ ਵਿੱਚ ਸਨ। ਪੜ੍ਹਾਈ ਦੌਰਾਨ ਮੈਂ ਮਾਲਵੇ, ਮਾਝੇ, ਦੁਆਬੇ, ਢਾਹੇ, ਪੁਆਧ, ਜੰਗਲ, ਬਾਰ, ਪੋਠੋਹਾਰ, ਪਹਾੜ, ਬਾਂਗਰ, ਬਾਗੜ, ਕੱਢੀ, ਬੇਟ, ਮੰਡ, ਹਿਠਾੜ, ਉਤਾੜ, ਥਲ, ਡੂਗਰ, ਭਟਨੇਰ ਨਾਵਾਂ ਦਾ ਜਾਣੂ ਤਾਂ ਹੋ ਗਿਆ ਸਾਂ। ਇਨ੍ਹਾਂ ਦੀਆਂ ਭੂਗੋਲਿਕ ਹੱਦਾਂ, ਬੋਲੀ ਦੇ ਲਹਿਜੇ, ਰਹਿਣ-ਸਹਿਣ ਦੇ

ਤੌਰ ਤਰੀਕੇ, ਏਥੇ ਵੱਸਦੇ ਲੋਕਾਂ ਦੇ ਲਿਬਾਸ ਪੁਸ਼ਾਕ, ਧਰਮ ਕਰਮ, ਜਾਤਾਂ ਗੋਤਾਂ ਸਬੰਧੀ ਜਾਨਣ ਦੀ ਉਤਸੁਕਤਾ ਸਦਾ ਹੀ ਬਣੀ ਰਹੀ। ਮੁੱਢ ਤੋਂ ਈ ਇਹ ਸੋਚ ਰਹੀ ਕਿ ਇਨ੍ਹਾਂ ਵਖਰੇਵਿਆਂ ਦੀਆਂ ਜੜ੍ਹਾਂ ਫਰੋਲ ਕੇ ਸਾਂਝ ਦੀਆਂ ਤੰਦਾਂ ਲੱਭੀਆਂ ਜਾਣ। ਸ਼ਾਇਦ ਏਸ ਬ੍ਰਿਤੀ ਨੇ ਪਿੱਛੋਂ ਜਾ ਕੇ 'ਪੰਜਾਬੀ ਸੱਥ' ਦੀ ਸਥਾਪਤੀ ਦਾ ਮੁੱਢ ਬੰਨ੍ਹਿਆ। ਲਾਲਾ ਧਨੀ ਰਾਮ ਚਾਤ੍ਰਿਕ ਦੀ ਕਵਿਤਾ "ਐ ਪੰਜਾਬ ਕਰਾਂ ਕੀ ਸਿਫਤ ਤੇਰੀ..." ਮੇਰੇ ਮਨ ਨੂੰ ਬਹੁਤ ਚੰਗੀ ਲੱਗਦੀ। ਇੰਝ ਹੀ ਪ੍ਰੋ. ਪੂਰਨ ਸਿੰਘ ਦੀ 'ਬੇਪ੍ਰਵਾਹ ਇਹ ਜਵਾਨ ਪੰਜਾਬ ਦੇ, ਮੌਤ ਨੂੰ ਮਖੌਲਾਂ ਕਰਨ, ਮਰਨ ਤੋਂ ਨਹੀਂ ਡਰਦੇ' ਰੂਹ ਰਾਜੀ ਕਰ ਦਿੰਦੀ। ਸ਼ਾਹ ਮੁਹੰਮਦ ਦਾ 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਦਾ ਨਾਂ ਹੀ ਮੈਨੂੰ ਬਹੁਤ ਪੋਂਹਦਾ। 'ਚੜ੍ਹੇ ਸਭ ਮਝੈਲ ਦੋਆਬੀਏ ਜੀ ਜਿਨ੍ਹਾਂ ਕਿਲੇ ਨਿਭਾਏ ਨੇ ਢੇਰ ਮੀਆਂ' ਅਤੇ 'ਜੇ ਹੋਵੇ ਸਰਕਾਰ ਤਾਂ ਮੁੱਲ ਪਾਵੇ ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਜੀ' ਜਿਹੀਆਂ ਸਤਰਾਂ ਇਕ ਪਾਸੇ ਹੌਂਸਲਾ ਉਤਸ਼ਾਹ ਵਧਾਉਂਦੀਆਂ ਅਤੇ ਦੂਜੇ ਪਾਸੇ ਬੇਵਸੀ ਤੇ ਪਛਤਾਵੇ ਦੇ ਆਲਮ ਵਿੱਚ ਲੈ ਜਾਂਦੀਆਂ।

ਬਚਪਨ ਵਿੱਚ ਹੀ ਸੁਣੀਆਂ ਸ਼ਹੀਦੀ ਵਾਰਾਂ, ਸਾਹਿਬਜ਼ਾਦਿਆਂ, ਮਾਤਾ ਗੁਜਰੀ, ਬਾਬਾ ਬੰਦਾ ਸਿੰਘ ਬਹਾਦਰ, ਭਾਈ ਤਾਰੂ ਸਿੰਘ ਦੀ ਖੋਪੜੀ ਲਾਹੁਣ ਦੇ ਵਰਨਣ ਝੰਜੋੜਦੇ ਰਹਿੰਦੇ। ਜਨਮ ਸਾਖੀਆਂ ਤਾਂ ਮੈਂ ਦੂਜੀ ਤੀਜੀ ਜਮਾਤ ਵਿੱਚ ਖੁਦ ਹੀ ਪੜ੍ਹ ਕੇ ਘਰ ਦੇ ਜੀਆਂ ਤੇ ਪਿੰਡ ਦੇ ਅਨਪੜ੍ਹ ਭਾਈਚਾਰੇ ਵਾਲਿਆਂ ਨੂੰ ਹੱਬ ਹੱਬ ਕੇ ਸਣਾਉਂਦਾ। ਤੀਜੀ ਚੌਥੀ ਜਮਾਤ ਵਿੱਚ ਮੈਂ ਕਿੱਸੇ ਹੇਕਾਂ ਲਾ ਲਾ ਪੜ੍ਹਨ ਗਾਉਣ ਲੱਗ ਪਿਆ ਸਾਂ। ਦਰੀਆਂ, ਮਹੜੇ, ਪੱਖੀਆਂ ਬਣਾਉਂਦੀਆਂ ਮੇਰੀਆਂ ਵੱਡੀਆਂ ਭੈਣਾਂ-ਭਾਬੀਆਂ ਜੇਠ ਹਾੜ ਦੇ ਦਪਹਿਰੇ ਨਾਲੇ, ਸੂਤ ਦੇ ਮੰਜੇ-ਪੀੜੀਆਂ ਬੁਣਦੀਆਂ, ਕਸੀਦਾਂ ਕੱਢਦੀਆਂ, ਚਰਖੇ ਕੱਤਦੀਆਂ ਵੇਲੇ ਮੈਨੂੰ ਪਲੇਸ ਕੇ ਦੋਹਰੇ, ਕੋਰੜੇ, ਸਵਈਏ, ਬੈਂਤਾਂ ਤੇ ਕਬਿੱਤ ਬਣਾਉਣ ਲਈ ਮਨਾ ਲੈਂਦੀਆਂ। ਇਨ੍ਹਾਂ ਛੰਦਾਂ ਦੀਆਂ ਤਰਜਾਂ ਮੈਂ ਆਪਣੇ ਬਾਪੂ ਕੋਲੋਂ ਸਿੱਖੀਆਂ ਹੋਈਆਂ ਸਨ। ਮੈਂ ਪੂਰਾ ਜ਼ੋਰ ਲਾ ਕੇ ਉੱਚੀ ਆਵਾਜ਼ ਵਿੱਚ ਨਲ ਦਮਯੰਤੀ, ਪੂਰਨ ਭਗਤ, ਦੁੱਲਾ ਭੱਟੀ, ਸ਼ਾਹਣੀ ਕੌਲਾਂ ਦੇ ਕਿੱਸੇ ਸੁਣਾਉਂਦਾ। ਵੱਡੀ ਉਮਰ ਵਾਲੀਆਂ ਚਾਚੀਆਂ, ਤਾਈਆਂ, ਭੂਆ ਮਾਸੀਆਂ ਸਾਹਿਬਜ਼ਾਦਿਆਂ ਦੇ ਸ਼ਹੀਦੀ ਪ੍ਰਸੰਗ, ਜ਼ਿੰਦਗੀ ਬਿਲਾਸ, ਭਾਈ ਤਾਰੂ ਸਿੰਘ ਦੀ ਸ਼ਹੀਦੀ ਸੁਣਨ ਦੀ ਫਰਮਾਇਸ਼ ਕਰਦੀਆਂ। ਕਦੇ-ਕਦੇ ਦਿਨੇ ਦੁਪਹਿਰ ਵੇਲੇ ਜਾਂ ਰਾਤਾਂ ਨੂੰ ਜਦੋਂ ਵੀ ਵੱਡਿਆਂ ਨੂੰ ਵੇਹਲ ਹੁੰਦੀ ਜਾਂ ਮੀਂਹ ਕਣੀ ਦੀਆਂ ਝੜੀਆਂ ਵੇਲੇ ਮੈਂ ਕਿਸੇ ਡੰਗਰਾਂ ਵਾਲੇ ਕੋਠੇ ਜਾਂ ਬਾਹਰਲੇ ਘਰਾਂ ਵਿੱਚ ਹੀਰ ਹਜ਼ੂਰਾ ਸਿੰਘ, ਸੱਸੀ ਪੁੰਨੂੰ, ਸੋਹਣੀ ਮਹੀਵਾਲ ਦੇ ਕਿੱਸੇ ਜਾਂ ਸਾਧੂ ਈਸ਼ਰ ਦਾਸ ਦੀਆਂ ਕਾਫੀਆਂ, ਸਾਧੂ ਦਯਾ ਸਿੰਘ ਆਰਫ ਦਾ ਫਨਾਹ ਦਾ ਮਕਾਨ ਉਨ੍ਹਾਂ ਨੂੰ ਗਾ ਕੇ ਸੁਣਾਉਂਦਾ ਰਿਹਾ। ਸਾਡੇ ਪਿੰਡ ਵੀ ਕਦੇ ਕਦੇ ਵਿਆਹ ਮੌਕੇ ਜਾਂ ਖੁਸ਼ੀਨਾਮੇ ਹੀ ਹੀਰ ਦੀਆਂ ਕਲੀਆਂ (ਹਜ਼ੂਰਾ ਸਿੰਘ ਦੀਆਂ ਲਿਖੀਆਂ) ਗਾਉਣ ਰਟੈਂਡੇ ਵਾਲੇ ਦਿਦਾਰ ਸਿੰਘ ਦੀ ਟੋਲੀ ਵੀ ਆਉਂਦੀ। ਅਖਾੜੇ ਵਿੱਚ ਗੋਲ ਘੇਰੇ ਵਿੱਚ ਸਰੋਤੇ ਬਹਿੰਦੇ ਅਤੇ ਵਿਚਾਲੇ ਢੱਡ ਸਾਰੰਗੀ ਵਾਲਾ ਤੇ ਗਮੰਤਰੀ ਗੇੜੇ ਕੱਢਦਿਆਂ ਗਾਉਂਦੇ। ਅਮਰ ਸਿੰਘ ਸ਼ੌਂਕੀ, ਗਿਆਨੀ ਦਇਆ ਸਿੰਘ ਦਿਲਬਰ, ਗਿਆਨੀ ਸੋਹਣ ਸਿੰਘ ਸੀਤਲ ਦਾ ਵੀ ਬਹੁਤ ਨਾਂ ਸੀ। ਕਵੀਸ਼ਰ ਵੀ ਭੋਗਾਂ, ਵਿਆਹਾਂ ਜਾਂ ਮੇਲਿਆਂ 'ਚ ਆਪਣੀ ਕਲਾ ਦੇ ਜੌਹਰ ਵਿਖਾਉਂਦੇ। ਰਾਤ ਨੂੰ ਲੱਗਣ ਵਾਲੇ ਭਗਤ ਆਸਾ ਰਾਮ ਦੇ ਜਲਸਿਆਂ ਵਿੱਚ ਅਣਦਾੜ੍ਹੀਏ ਮੁੰਡੇ ਜਨਾਨਾ ਲਿਬਾਸ ਪਾ ਨੱਚਣ ਦੀਆਂ ਧਮਾਲਾਂ ਬੋਲੀਆਂ ਨਾਲ ਪਾਉਂਦੇ।

ਮੈਨੂੰ ਨਿੱਕੇ ਹੁੰਦਿਆਂ ਤੋਂ ਹੀ ਸਾਜ ਤੇ ਅਵਾਜ਼ ਦਾ ਅਜਿਹਾ ਸੁਮੇਲ ਹੀ ਮਨਭਾਉਂਦਾ ਲਗਦਾ ਜਿੱਥੇ ਨਾ ਤੇ ਗਾਇਕ ਦੀ ਅਵਾਜ਼ ਈ ਬਹੁਤ ਜ਼ਿਆਦਾ ਉੱਚੀ ਹੋਵੇ ਤੇ ਨਾ ਹੀ ਸਾਜ ਵਿੱਚੋਂ ਨਿਕਲਦੇ ਸੁਰ ਸੰਗੀਤ ਤੋਂ ਵੀ ਅੱਗੇ ਕੰਨ ਪਾੜਵੇਂ ਸ਼ੋਰ ਨੂੰ ਛੂੰਹਦੇ ਹੋਣ। ਲੋਕ ਗੀਤਾਂ ਵਿੱਚ ਢੋਲਕੀ ਤੇ ਘੜਾ, ਕਲੀਆਂ ਤੇ ਵਾਰਾਂ 'ਚ ਢੱਡ ਅਤੇ ਸਾਰੰਗੀ, ਮਿਰਜ਼ੇ ਦੀ ਗਾਇਕੀ ਵਿੱਚ ਅਲਗੋਜੇ, ਸੋਹਣੀ-ਸੱਸੀ ਵਾਸਤੇ ਤੂੰਬਾ ਤੂੰਬੀ, ਸ਼ਬਦ ਕੀਰਤਨ ਵਿੱਚ ਤੰਤੀ ਸਾਜ ਤੇ ਤਬਲਾ, ਕਵਾਲੀ ਤੇ ਭਜਨ ਵਾਸਤੇ ਹਾਰਮੋਨੀਅਮ, ਗੁੱਗਾ ਗਾਉਣ ਲਈ ਡੋਰੂ ਡਫਲੀਆਂ ਲੋਕ ਗੀਤਾਂ ਲਈ ਕਾਟੋ, ਚਿਮਟਾ, ਬੁਗਦੂ ਤੇ ਛੈਣੇ, ਧਾਰਨਾਵਾਂ ਵਾਲੇ ਸ਼ਬਦ ਕੀਰਤਨ ਵਾਸਤੇ ਖੜਤਾਲਾਂ, ਛੈਣੇ। ਛਿੰਝਾ ਤੇ ਖੇਡਾਂ ਵੇਲੇ ਭੰਗੜੇ ਲਈ ਢੋਲ, ਜੇਤੂਚੜਾਈ ਦੀਆਂ ਮਹਿਮਾਂ ਦਰਸਾਉਣ ਲਈ ਨਗਾਰਾ, ਸ਼ਗਨ ਵਾਲੇ ਵਿਆਹਾਂ ਕਾਰਜਾਂ ਵਾਸਤੇ ਸਹਿਨਾਈਆਂ, ਰੁਤੀਆਂ ਬਾਂਸਰੀ ਚੰਗੇ ਲੱਗਦੇ ਹਨ। ਕੁੜੀਆਂ ਦੇ ਗਿੱਧੇ ਮੌਕੇ ਫੌਜ ਕੱਟਣ ਦੀਆਂ ਆਵਾਜ਼ ਵੀ ਸਿਖਰਾਂ ਛੋਹ ਕੇ ਸਰੋਤਿਆਂ ਨੂੰ ਮੋਹ ਲੈਂਦੀ ਹੈ। ਮਿਰਜੇ ਦੀ ਗਾਇਕੀ ਵੇਲੇ ਗਾਇਕ ਦੀ ਲੰਬੀ ਹੇਕ ਤੇ ਅਲਗੋਜਿਆਂ ਦਾ ਸਾਥ ਸੋਨੇ ਤੇ ਸੁਹਾਗੇ ਵਾਂਗ ਜਾਪਦਾ ਹੈ। ਕਲੀਆਂ ਗਾਉਣ ਸਮੇਂ ਸਾਰੰਗੀ ਦੀਆਂ ਕਲਾਬਾਜੀਆਂ ਤੇ ਨਾਲ ਵਜਦੀ ਢੱਡ ਨਸ਼ਿਆ ਦਿੰਦੀ ਹੈ। ਵਾਰ ਗਾਇਕੀ ਸਮੇਂ ਇਹੋ ਢੱਡ ਸਾਰੰਗੀ ਦੀਆਂ ਅਵਾਜਾਂ ਤੁਹਾਡਾ ਖੂਨ ਖੌਲਣ ਲਾ ਦਿੰਦੀਆਂ ਹਨ। ਭੰਗੜੇ ਦਾ ਢੋਲ ਸੁਣਦਿਆਂ ਹੀ ਪੈਰ

ਆਪਣੇ ਆਪ ਥਿਰਕਣ ਲਗਦੇ ਹਨ ਤੇ ਜਿਸਮ ਨਚੂੰ-ਚੂੰ ਕਰਨ ਨੂੰ ਤਾਂਘਦਾ ਹੈ।

ਕੀਰਤਨ ਕਰਨ ਸਮੇਂ ਰਾਗ ਅਨੁਸਾਰ ਗਾਈ ਗੁਰਬਾਣੀ ਤੁਹਾਨੂੰ ਆਤਮਿਕ ਉਚਾਈਆਂ ਵੱਲ ਆਪਣੇ ਆਪ ਹੀ ਲੈ ਜਾਂਦੀ ਹੈ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਗਾਇਨ ਖਾਸ ਕਿਸਮ ਦਾ ਅਨੰਦ ਤੇ ਸਕੂਨ ਦੇਣ ਦੇ ਨਾਲ ਬਹੁਤ ਕੁਝ ਸੋਚਣ ਵਿਚਰਨ ਲਈ ਵੀ ਪ੍ਰੇਰਿਤ ਕਰਦਾ ਹੈ। ਭਜਨਾਂ ਦਾ ਸੰਗੀਤ ਵੀ ਆਤਮ ਮੰਥਨ ਵੱਲ ਲੈ ਜਾਂਦਾ ਹੈ । ਕਵਾਲੀਆਂ ਸੁੱਖ ਅਦਾਵਾਂ ਤੇ ਸੰਗੀਤ ਦੇ ਸੁਮੇਲ ਨਾਲ ਹੀ ਸੋਂਹਦੀਆਂ ਹਨ। ਬਾਬਾ ਬੁਲ੍ਹੇ ਸ਼ਾਹ, ਸ਼ਾਹ ਹੁਸੈਨ, ਸੁਲਤਾਨ ਬਾਹੂ ਵਰਗੇ ਬਜ਼ੁਰਗਾਂ ਦੀਆਂ ਕਾਫੀਆਂ ਦੋਹੇ ਜਦੋਂ ਹਾਰਮੋਨੀਅਮ ਵਾਜੇ, ਤਾੜੀਆਂ ਤੇ ਢੋਲਕ ਦੀਆਂ ਅਵਾਜ਼ਾਂ ਨਾਲ ਮਿਲ ਕੇ ਪੇਸ਼ ਹੁੰਦੇ ਨੇ ਤਾਂ ਸਮੁੱਚਾ ਮਾਹੌਲ ਈ ਇਸ਼ਕ ਮਿਜਾਜੀ ਨੂੰ ਇਸ਼ਕ ਹਕੀਕੀ ਦੀਆਂ ਸਿਖਰਾਂ ਤੇ ਲੈ ਜਾਂਦਾ ਹੈ। ਰਾਗਾਂ ਦੀ ਬਰੀਕ ਬੀਨੀ ਦੀ ਸਮਝ ਅਨੁਸਾਰ ਇਨ੍ਹਾਂ ਨੂੰ ਮਾਨਣਾ ਕਦੀ ਵੀ ਮੇਰੇ ਵਸ ਦਾ ਰੋਗ ਨਹੀਂ ਬਣ ਸਕਿਆ। ਉਂਝ ਬੇਗਮ ਅਖਤਰ, ਮਹਿੰਦੀ ਹਸਨ, ਜਗਜੀਤ ਸਿੰਘ ਦੀ ਗਾਇਕੀ ਸੱਚੀ ਮੁੱਚੀ ਪ੍ਰਭਾਵਤ ਕਰਦੀ ਹੈ। ਫਿਲਮਾਂ ਦੀ ਅਜਿਹੀ ਗਾਇਕੀ ਜਿਸ ਵਿੱਚ ਕੁਦਰਤ ਖਾਸ ਕਰ ਬੱਦਲਾਂ, ਬਾਰਸ਼, ਹਵਾ, ਧੁੱਪ, ਚੰਦਰਮਾ, ਸ਼ਾਹ ਕਾਲੇ ਹਨੇਰੇ, ਤਾਰਿਆਂ, ਰੁੱਖਾਂ, ਫੁੱਲਾਂ, ਜੰਗਲਾਂ, ਪੰਛੀਆਂ ਦਾ ਵਰਨਣ ਹੋਵੇ ਦਿਲ ਨੂੰ ਜ਼ਿਆਦਾ ਪੋਂਹਦੀ ਹੈ। ਸਿਰਫ ਇਨਸਾਨੀ ਜਿਸਮ ਦੇ ਹੱਦੋਂ ਵੱਧ ਆਲੇ-ਦਵਾਲੇ ਘੁੰਮਦੀ ਗਾਇਕੀ ਹਲਕੀ, ਲੱਚਰ ਤੇ ਅਸ਼ਲੀਲ ਜਾਪਦੀ ਹੈ।

ਸਾਜ਼ਾਂ ਤੋਂ ਬਗੈਰ ਗਵਈਏ ਦੇ ਦਮ ਤੇ ਛਾਤੀ ਗਲੇ ਦੇ ਜ਼ੋਰ ਵਾਲੀ ਕਵੀਸ਼ਰੀ ਜਦੋਂ ਛੰਦਾਂ ਅਨੁਸਾਰ ਗਾਈ ਜਾਂਦੀ ਹੈ ਤਾਂ ਰੰਗ-ਬੰਨ੍ਹ ਦਿੰਦੀ ਹੈ। ਦੋਹਰੇ, ਸਵਈਏ, ਕੋਰੜੇ, ਕਬਿੱਤ, ਢਾਈਏ, ਬਹੱਤਰ ਕਲੀਏ ਛੰਦ, ਕੁੰਡਲੀਏ ਤਾਂ ਮਨ ਨੂੰ ਮੋਂਹਦੇ ਹੀ ਹਨ। ਕਈ ਵਾਰ ਪ੍ਰੋ. ਪੂਰਨ ਸਿੰਘ ਵਰਗੇ ਦੀ ਸਿਰ ਖਿੰਡੀ ਜਾਂ ਖੁੱਲ੍ਹੀ ਕਵਿਤਾ ਦੀ ਯੋਗ ਪੇਸ਼ਕਾਰੀ ਵੀ ਕਮਾਲ ਕਰ ਵਿਖਾਉਂਦੀ ਹੈ। ਕਬਿੱਤ, ਛੰਦ, ਪਰਾਗੇ, ਬੋਲੀਆਂ, ਸੇਹਰੇ, ਸਿਖਿਆ ਤੇ ਕਵੀ ਦਰਵਾਰਾਂ ਵਿੱਚ ਕਵਿਤਾ ਦੀ ਪੇਸ਼ਕਾਰੀ ਵੀ ਕਦੇ-ਕਦੇ ਆਪਣੇ ਜੌਹਰ ਦਿਖਾ ਹੀ ਦਿੰਦੇ ਨੇ। ਗਜ਼ਲ ਗਾਇਕੀ, ਸ਼ਾਇਰੀ, ਕੁਰਾਨੀ ਤਲਾਵਤ, ਤੁਲਸੀ ਰਮਾਇਣ, ਸ਼ਬਦ ਗਾਇਨ ਖਾਸ ਕਰ ਪਾਠ ਕਰ ਰਹੇ ਪਾਠੀ ਦੀ ਅਵਾਜ਼ ਤੇ ਅੰਦਾਜ ਵੀ ਪ੍ਰਭਾਵਿਤ ਕਰਦੇ ਹਨ। ਰੂਹਾਨੀ ਸੰਗੀਤ ਦਾ ਤੇ ਕਹਿਣਾ ਹੀ ਕੀ ਇਹ ਤੁਹਾਨੂੰ ਉਚੇਚੇ ਮੰਡਲਾਂ ਵਿੱਚ ਲੈ ਜਾਂਦਾ ਹੈ।

# ਕੀ ਹਾਲ ਸੁਣਾਵਾਂ ਸੱਜਣਾਂ ਨੂੰ



**ਅਜਮੇਲ ਗਿੱਲ**

ਕੀ ਹਾਲ ਸੁਣਾਵਾਂ ਸੱਜਣਾਂ ਨੂੰ,
ਜਦ ਜ਼ਿਕਰ ਕਰਾਂ ਤਾਂ ਉਹ ਹੱਸਦਾ ਏ
ਕੀ ਕਰਾਂ ਕਿ ਉਹ ਇਤਬਾਰ ਕਰੇ,
ਤੂੰ ਅੰਦਰ ਮੇਰੇ ਵਸਦਾ ਏਂ

ਤਾਵੀਜ਼ ਕਰਾਕੇ ਗਲ਼ ਪਾਏ,
ਤੇ ਮੈਂ ਬਲ਼ਦੀ ਅੱਗ ਤੇ ਪੈਰ ਧਰੇ
ਉਹਦੀ ਨਜ਼ਰ-ਏ-ਇਨਾਇਤ ਪਾਉਣ ਲਈ
ਕਈ ਪਰਬਤ ਨੰਗੇ ਪੈਰ ਚੜ੍ਹੇ
ਮੇਰੀ ਰਗ-ਰਗ ਕੀ ਮੇਰੇ ਲੂੰ-ਲੂੰ ਵਿੱਚ
ਉਹਦੇ ਇਸ਼ਕ ਦਾ ਭਾਂਬੜ ਮੱਚਦਾ ਏ।
ਕੀ ਹਾਲ ...।

ਸਾਡਾ ਸੱਜਣ ਸੱਭ ਤੋਂ ਸੋਹਣਾ ਏ
ਅਸੀਂ ਆਪ ਤਾਂ ਰੰਗ ਦੇ ਪੱਕੇ ਹਾਂ
ਉਹਦੀ ਸਿਫ਼ਤ ਸੁਣਾਉਣੀ ਨਹੀ ਆਉਂਦੀ
ਏਸੇ ਗੱਲੋਂ ਵੀ ਕੱਚੇ ਹਾਂ
ਅਸੀਂ ਫਿੱਕੇ, ਫਿੱਕੇ ਰੰਗ ਪਾਈਏ
ਉਹਨੂੰ ਗੂੜ੍ਹਾ ਵੀ ਰੰਗ ਜੱਚਦਾ ਏ।
ਕੀ ਹਾਲ ...।

ਉਹਦੇ ਪੈਣ ਭੁਲੇਖੇ ਫੁੱਲਾਂ ਚੋਂ
ਉਹਦੀ ਮਹਿਕ ਹਵਾਵਾਂ ਵੰਡਦੀਆਂ ਨੇ
ਕਿਤੇ ਨੇੜੇ ਹੋ ਮਹਿਸੂਸ ਕਰਾਂ
'ਗਿੱਲ' ਸੱਧਰਾਂ ਸੂਲੀ ਟੰਗਦੀਆਂ ਨੇ
ਡਰ ਠੋਕਰ ਮਾਰ ਨਾ ਤੋੜ ਦੇਵੇ
ਦਿਲ ਬਿਲਕੁਲ ਕੱਚੇ ਕੱਚ ਦਾ ਏ
ਕੀ ਹਾਲ ...।

# ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ



**ਜਗਦੀਸ਼ ਰਾਏ ਕੁਲਰੀਆਂ**

ਵਰਤਮਾਨ ਸਮੇਂ ਵਿਚ ਪੰਜਾਬੀ ਮਿੰਨੀ ਕਹਾਣੀ ਦੇ ਖੇਤਰ ਵਿਚ ਇਸ ਵਿਧਾ ਦੇ ਵਿਕਾਸ ਨੂੰ ਲੈ ਜਥੇਬੰਦਕ ਕਾਰਜ ਅਤੇ ਸਮਾਗਮ ਵੱਡੀ ਪੱਧਰ ਤੇ ਹੋ ਰਹੇ ਹਨ। ਇਸ ਮਹੀਨੇ ਅਕਤੂਬਰ ਵਿਚ ਅੰਮ੍ਰਿਤਸਰ ਵਿਖੇ 'ਮਿੰਨੀ ਕਹਾਣੀ ਲੇਖਕ ਮੰਚ ਪੰਜਾਬ' ਵੱਲੋਂ 'ਆਪਣੀ ਆਵਾਜ਼' ਮੈਗਜ਼ੀਨ ਅਤੇ 'ਆਲ ਇੰਡੀਆ ਪਿੰਗਲਵਾੜਾ ਸੁਸਾਇਟੀ' ਦੇ ਸਹਿਯੋਗ ਨਾਲ ਅੰਤਰ ਰਾਸ਼ਟਰੀ ਪੱਧਰ ਦਾ '31ਵਾਂ ਅੰਤਰਰਾਜੀ ਮਿੰਨੀ ਕਹਾਣੀ ਸਮਾਗਮ' ਭਗਤ ਪੂਰਨ ਸਿੰਘ ਪਿੰਗਲਵਾੜਾ ਅੰਮ੍ਰਿਤਸਰ ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਪੰਜਾਬ ਤੋਂ ਇਲਾਵਾ ਹੋਰ ਕਈ ਰਾਜਾਂ ਦੇ ਨਾਲ-ਨਾਲ ਨੇਪਾਲ ਤੋਂ ਵੀ ਕੁਝ ਲੇਖਕਾਂ ਨੇ ਭਾਗ ਲੈਣਾ ਹੈ। ਇਹ ਗੱਲ ਵੀ ਹੈ ਕਿ ਭਾਰਤੀ ਭਾਸ਼ਾਵਾਂ ਵਿਚ ਹਿੰਦੀ ਤੋਂ ਬਾਅਦ ਪੰਜਾਬੀ ਹੀ ਅਜਿਹੀ ਭਾਸ਼ਾ ਹੈ ਜਿਸ ਵਿਚ ਇਸ ਵਿਧਾ ਬਾਰੇ ਸਾਰਥਕ ਚਰਚਾ, ਅਨੁਵਾਦ ਤੇ ਲੇਖਨ ਹੋ ਰਿਹਾ ਹੈ। ਅਜਿਹੇ ਸਮਾਗਮ ਇਕ ਤੋਂ ਦੂਜੀ ਭਾਸ਼ਾ ਵਿਚ ਲੇਖਕ ਨੂੰ ਜਾਣ, ਭਾਸ਼ਾ ਨੂੰ ਸਮਝਣ ਤੇ ਸੱਭਿਆਚਾਰ ਵਟਾਂਦਰੇ ਦਾ ਸਬੱਬ ਬਣਦੇ ਹਨ। ਅਜਿਹੇ ਸਮਾਗਮ ਕਿਸੇ ਵੀ ਵਿਧਾ ਦੇ ਵਿਕਾਸ ਲਈ ਜ਼ਰੂਰੀ ਤਾਂ ਹਨ ਹੀ, ਬਲਕਿ ਇੱਕ ਸਭਿਆਚਾਰਕ ਪੁਲ ਦਾ ਕਾਰਜ ਵੀ ਕਰਦੇ ਹਨ। ਪੜ੍ਹਦੇ ਹਨ ਕੁਝ ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ ਦਾ ਪੰਜਾਬੀ ਅਨੁਵਾਦ :

ਪੇਸ਼ਕਸ਼ ਤੇ ਅਨੁਵਾਦ : ਜਗਦੀਸ਼ ਰਾਏ ਕੁਲਰੀਆਂ

### ਚਾਰ ਹੱਥ / ਅਸਗਰ ਵਜਾਹਤ

ਇਕ ਮਿੱਲ ਮਾਲਕ ਦੇ ਦਿਮਾਗ ਵਿਚ ਅਜੀਬ-ਅਜੀਬ ਖਿਆਲ ਆਇਆ ਕਰਦੇ ਸਨ ਜਿਵੇਂ ਸਾਰਾ ਸੰਸਾਰ ਮਿੱਲ ਹੋ ਜਾਵੇਗਾ, ਸਾਰੇ ਰੋਕ ਮਜ਼ਦੂਰ ਅਤੇ ਉਹ ਉਨ੍ਹਾਂ ਦਾ ਮਾਰਕ ਜਾਂ ਮਿੱਰ ਵਿਖ ਹੋਰ ਖੀਜਾਂ ਦੇ ਵਾਂਗ ਆਦਮੀ ਵੀ ਭਣਨ ਰੱਗਣਗੇ, ਫੇਰ ਮਜ਼ਦੂਰੀ ਵੀ ਨਹੀਂ ਦੇਣੀ ਪਵੇਗੀ, ਵਗੈਰਾ-ਵਗੈਰਾ। ਇਕ ਦਿਨ ਉਹਦੇ ਦਿਮਾਗ ਵਿਚ ਖਿਆਲ ਆਇਆ ਕਿ ਜੇਕਰ ਮਜ਼ਦੂਰਾਂ ਦੇ ਚਾਰ ਹੱਥ ਹੋਣ ਤਾਂ ਕੰਮ ਕਿੰਨੀ ਤੇਜੀ ਨਾਲ ਹੋਵੇ ਅਤੇ ਮੁਨਾਫ਼ਾ ਕਿੰਨਾ ਜਿਆਦਾ, ਪਰ ਇਹ ਕੰਮ ਕਰੇਗਾ ਕੌਣ? ਉਹਨੇ ਸੋਚਿਆ, ਵਿਗਿਆਨੀ ਕਰਨਗੇ, ਇਹ ਹੈ ਕਿਹੜੇ ਮਰਜ਼ ਦੀ ਦਵਾ? ਉਹਨੇ ਇਹ ਕੰਮ ਕਰਨ ਲਈ ਵੱਡੇ ਵਿਗਿਆਨੀਆਂ ਨੂੰ ਮੋਟੀਆਂ ਤਨਖਾਹਾਂ 'ਤੇ ਨੌਕਰ ਰੱਖਿਆ ਅਤੇ ਉਹ ਨੌਕਰ ਹੋ ਗਏ। ਕਈ ਸਾਲਾਂ ਤੱਕ ਖੋਜ ਅਤੇ ਪ੍ਰਯੋਗ ਕਰਨ ਮਗਰੋਂ ਵਿਗਿਆਨੀਆਂ ਨੇ ਕਿਹਾ ਕਿ ਅਜਿਹਾ ਅਸੰਭਵ ਹੈ ਕਿ ਆਦਮੀ ਦੇ ਚਾਰ ਹੱਥ ਹੋ ਜਾਣ। ਮਿੱਲ ਮਾਲਕ ਵਿਗਿਆਨੀਆਂ ਨਾਰ ਨਰਾਜ਼ ਹੋ ਗਿਆ। ਉਹਨੇ ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਅਤੇ ਆਪਣੇ ਇਸ ਕੰਮ ਨੂੰ ਪੂਰਾ ਕਰਨ ਵਿਚ ਲੱਗ ਗਿਆ।

ਉਹਨੇ ਕੱਟੇ ਹੋਏ ਹੱਥ ਮੰਗਵਾਏ ਅਤੇ ਆਪਣੇ ਮਜ਼ਦੂਰਾਂ ਦੇ ਫਿੱਟ ਕਰਾਉਣੇ ਚਾਹੇ, ਪਰ ਅਜਿਹਾ ਨਹੀਂ ਹੋ ਸਕਿਆ। ਫੇਰ ਉਹਨੇ ਮਜ਼ਦੂਰਾਂ ਦੇ ਲੱਕੜ ਦੇ ਹੱਥ ਲਵਾਉਣੇ ਚਾਹੇ, ਪਰ ਉਹਨਾਂ ਨਾਲ ਕੰਮ ਨਾ ਹੋ ਸਕਿਆ। ਫੇਰ ਉਹਨੇ ਲੋਹੇ ਦੇ ਹੱਥ ਫਿੱਟ ਕਰਵਾ ਦਿੱਤੇ, ਪਰ ਮਜ਼ਦੂਰ ਮਰ ਗਏ। ਆਖਿਰ ਇਕ ਦਿਨ ਗੱਲ ਉਹਦੀ ਸਮਝ ਵਿਚ ਆ ਗਈ। ਉਹਨੇ ਮਜ਼ਦੂਰੀ ਅੱਧੀ ਕਰ ਦਿੱਤੀ ਅਤੇ ਦੁੱਗਣੇ ਮਜ਼ਦੂਰ ਨੌਕਰ ਰੱਖ ਲਏ।

***

### ਰੋ-ਮਾਂਸ / ਡਾ. ਅਸ਼ੋਕ ਭਾਟੀਆ

ਉਹ ਦੇਸ਼ ਦਾ ਪ੍ਰਸਿੱਧ ਸ਼ਹਿਰ ਸੀ। ਉਸ ਵਿੱਚ ਅਕਾਸ਼ ਨੂੰ ਛੂੰਹਦੀਆਂ ਇਮਾਰਤਾਂ ਸਨ, ਸੈਲਾਨੀਆਂ ਦਾ ਸੈਲਾਬ ਸੀ, ਤਰਤੀਬ ਵਾਰ ਰਾਖਸ਼ਾਂ ਵਰਗੇ ਹੋਟਲ ਸਨ। ਇਸ ਤਰਾਂ ਦੀ ਇੱਕ ਸਰਕਾਰੀ ਇਮਾਰਤ ਦੀ ਚੌਥੀ ਮੰਜ਼ਿਲ ਉੱਪਰ ਇੱਕ ਵੱਡਾ ਕਮਰਾ ਸੀ। ਉਸ ਵਿੱਚ ਇੱਕ ਪਰਿਵਾਰ ਮਾਂ-ਭਾਪ, ਰਾਜੇਸ਼ ਅਤੇ ਨੂੰਹ ਅਤੇ ਉਨ੍ਹਾਂ ਦੇ ਦੋ ਭੱਖੇ ਰਹਿੰਦੇ ਸਨ। ਕਮਰੇ ਦੇ ਇੱਕ ਖੂੰਜੇ ਵਿੱਚ ਰਸੋਈ ਸੀ ਅਤੇ ਬਾਕੀ ਤਿੰਨ ਖੂੰਜਿਆਂ ਵਿੱਖ ਤਿੰਨ ਜੋਲੇ ਪ੍ਰਾਣੀ ਅਤੇ ਉਨ੍ਹਾਂ ਦਾ ਸਮਾਨ।

ਪਤੀ-ਪਤਨੀ ਕਰਰਕ ਸਨ। ਸਵੇਰੇ ਉੱਠਦੇ ਹੀ ਆਪਣੇ ਮੰਜੇ ਖੱਕ ਕੇ ਭਾਹਰ ਕੰਧ ਤੇ ਟੰਗ ਦਿੰਦੇ। ਉਨ੍ਹਾਂ ਦੇ ਦਫ਼ਤਰ ਜਾਣ ਤੱਕ ਘਰ ਵਿੱਚ ਹਾਹਾਕਾਰ ਮੱਚੀ ਰਹਿੰਦੀ। ਰਾਤ ਨੂੰ ਥੱਕ ਹਾਰ ਕੇ ਜਦੋਂ ਉਹ ਸੌਣ ਲਗਦੇ ਤਾਂ ਹੋਰ ਵੀ ਮੁਸ਼ਕਲ ਖੜੀ ਹੋ ਜਾਂਦੀ। ਰਾਜੇਸ਼ ਅਤੇ ਉਸ ਦੀ ਪਤਨੀ ਨੂੰ ਅਜਨਬੀਆਂ ਦੀ ਤਰਾਂ ਸੌਣਾ ਪੈਂਦਾ। ਅਜੇ ਮੁੜਕਰ ਨਾਰ ਮਹੀਨਾ ਹੀ ਰੰਘਿਆ ਹੋਣਾ, ਪਰ ਉਨ੍ਹਾਂ ਨੂੰ ਰੱਗ ਰਿਹਾ ਜਿਵੇਂ ਇੱਕ ਸਾਲ ਤੋਂ ਰੁਮਾਂਸ ਨਾ ਕੀਤਾ ਹੋਵੇ।

ਕੱਹ੍ਹ ਰਾਤ ਉਨ੍ਹਾਂ ਦਾ ਮਿਰਣ ਨੂੰ ਭਹੁਤ ਦਿਰ ਕੀਤਾ। ਡਨੀਵਾਰ ਸੀ। ਬਿੱਟੂ ਨੇ ਜਦੋਂ ਸਕੂਰ ਦਾ ਹੋਮਵਰਕ ਕਰਕੇ ਲਾਈਟ ਬੁਝਾਈ, ਤਾਂ ਸਾਢੇ ਗਿਆਰਾਂ ਤੋਂ ਉੱਪਰ ਦਾ ਸਮਾਂ ਹੋ ਗਿਆ ਸੀ। ਦੋਵੇਂ ਪਏ ਸਨ, ਪਰ ਜਾਗਦੇ ਸਨ। ਪਾਸਾ ਬਦਲਦੇ ਹੋਏ ਚੋਰੀਓ ਇੱਕ ਦੂਜੇ ਨੂੰ ਦੇਖਣਾ ਅਤੇ ਲਾਚਾਰੀ ਵਿੱਚ ਅੱਖਾਂ ਬੰਦ ਕਰ ਲੈਣੀਆਂ, ਉਨ੍ਹਾਂ ਦੇ ਰੋਜ਼ ਦੇ ਕੰਮਕਾਰ ਦਾ ਇੱਕ ਜ਼ਰੂਰੀ ਅੰਗ ਬਣ ਗਿਆ ਸੀ। ਦੋਵਾਂ ਨੇ ਤੈਅ ਕਰ ਰੱਖਿਆ ਸੀ ਕਿ ਜਿਹੜੇ ਦਿਨ ਜਿਸ ਵੀ ਕਿਸੇ ਦਾ ਰੁਮਾਂਸ ਦਾ ਮਨ ਹੋਵੇ, ਉਹ ਸੌਣ ਤੋਂ ਪਹਿਲਾਂ ਹਲਕਾ ਜਿਹਾ ਸੁਰਮਾ ਪਾ ਲਵੇ। ਫੇਰ ਮੌਕਾ ਦੇਖ ਕੇ ਨਬੇੜ ਲਿਆ ਜਾਵੇਗਾ। ਪ੍ਰੰਤੂ ਸੁਰਮਾ ਪਾਉਣਾ ਵੀ ਪਿਛਲੇ ਕਈ ਦਿਨਾਂ ਤੋਂ ਬੇਕਾਰ ਜਾ ਰਿਹਾ ਸੀ।

ਅੱਜ ਜਿਵੇਂ ਦੋਵਾਂ ਨੇ ਉਦਾਸੀ ਦੂਰ ਕਰਨ ਦਾ ਮਨ ਬਣਾ ਲਿਆ ਸੀ। ਅੱਜ ਦੋਵਾਂ ਨੇ ਹੀ ਸੁਰਮਾ ਪਾ ਰੱਖਿਆ ਸੀ। ਰਾਜੇਸ਼ ਉੱਠਿਆ ਅਤੇ ਦੋਵੇਂ ਖੂੰਜਿਆ ਦਾ ਜ਼ਾਇਜਾ ਲੈ ਕੇ ਪਾਣੀ ਪੀ ਕੇ ਵਾਪਿਸ ਮੁੜ ਆਇਆ। ਦੋਵੇਂ ਖੂੰਜੇ ਸੌ ਰਹੇ ਸਨ।

ਰਾਜੇਸ਼ ਨੇ ਪਤਨੀ ਨੂੰ ਛੂੰਹਣ ਦੇ ਬਹਾਨੇ ਨਾਲ ਖੱਬਾ ਹੱਥ ਅੱਗੇ ਵਧਾਇਆ। ਸਹਿਮਤੀ ਪਾ ਕੇ ਉਹ ਇੱਕ ਕਦਮ ਹੋਰ ਅੱਗੇ ਵਧਣ ਲਈ ਹੋਇਆ ਹੀ ਸੀ ਕਿ ਮਾਂ ਦੇ ਖੰਘਣ ਦੀ ਅਵਾਜ਼ ਆਈ। ਉਹ ਡਰ ਕੇ ਪਿੱਛੇ ਹਟ ਗਿਆ। ਗਰਮ ਸਾਹ ਛੱਡਦੇ ਹੋਏ ਉਹਨੇ ਪਾਸਾ ਪਰਤਿਆ। ਉਹ ਬੈਚੇਨ ਸੀ। ਥੋੜ੍ਹੀ ਦੇਰ ਬਾਦ ਉਹਨੇ ਫਿਰ ਕੋਸ਼ਿਸ਼ ਕਰਨ ਦੀ ਕੋਸ਼ਿਸ਼ ਕੀਤੀ। ਉਦੋਂ ਹੀ ਬਾਰਾਂ ਵੱਜਣ ਦਾ ਘੰਟਾ ਵੱਜਿਆ।

ਵਿਚਾਲੇ ਰਾਜੇਸ਼ ਦਾ ਸਿਰ ਚਕਰਾ ਰਿਹਾ ਸੀ। ਉਹਨੇ ਪਤਨੀ ਨੂੰ ਇਸ਼ਾਰਾ ਕਰਕੇ ਰਸੋਈ ਵਿੱਚ ਜਾਣ ਨੂੰ ਕਿਹਾ। ਪ੍ਰੰਤੂ ਰਸੋਈ ਵਿੱਚ ਤਾਂ ਦਰਵਾਜਾ ਹੀ ਨਹੀਂ ਹੈ ਅਤੇ ਨਾਲ ਹੀ ਹਰ ਕੋਈ ਪਾਣੀ ਪੀਣ ਲਈ ਰਸੋਈ ਵਿੱਚ ਹੀ ਆਉਂਦਾ ਹੈ। ਇਸ ਕਰਕੇ ਥੱਕੀ ਟੁੱਟੀ ਪਤਨੀ ਨੇ ਮਜਬੂਰ ਹੋ ਕੇ ਨਾਂਹ ਵਿੱਚ ਸਿਰ ਹਿਲਾ ਦਿੱਤਾ। ਉਹਨੂੰ ਹਾਂਲਾਕਿ ਰਾਜੇਸ਼ ਦੀ ਹਾਲਤ ਉੱਤੇ ਤਰਸ ਆ ਰਿਹਾ ਸੀ। ਰਾਜੇਸ਼ ਦਾ ਮਨ ਚਿੜਚਿੜਾ ਹੋ ਰਿਹਾ ਸੀ। ਉਹਦੀ ਦੇਹ ਦੀਆਂ ਨਸਾਂ ਜਿਵੇਂ ਉਹਨੂੰ ਚੂੰਢ ਰਹੀਆਂ ਹੋਣ।

ਇਸ ਵਾਰ ਉਹਨੇ ਖਾਦਰ ਨੂੰ ਥੋਲ੍ਹਾ ਦੂਜੇ ਮੰਜੇ ਤੱਕ ਫੈਰਾ ਕੇ ਹੱਥ ਵਧਾ ਦਿੱਤਾ। ਪਤਨੀ ਭਿਰਕੁਰ ਨਹੀਂ ਹਿੱਗੀ। ਰਾਜੇਡ਼ ਨੇ ਸੋਚਿਆ ਹੁਣ ਉਮੰਗ ਪੂਰੀ ਕਰ ਲੈਣੀ ਚਾਹੀਦੀ ਹੈ।

ਉਹ ਹੌਲੀ-ਹੌਲੀ ਉੱਠਿਆ। ਤੱਸਲੀ ਕਰਨ ਲਈ ਉਹਨੇ ਦੋਵੇਂ ਖੂੰਜਿਆਂ ਵਿੱਚ ਨਜ਼ਰ ਮਾਰੀ। ਸੱਜੇ ਖੂੰਜੇ ਵਿੱਚ ਮੰਜੇ ਤੇ ਪਿਤਾ ਜੀ ਬੈਠੇ ਹੋਏ ਸਨ। ਰਾਜੇਸ਼ ਤ੍ਰਭਕ ਗਿਆ। ਉਹਦੀਆਂ ਅੱਖਾਂ ਵਿੱਚੋਂ ਜਿਵੇਂ ਚਿੰਗਾਰੀਆਂ ਨਿਕਲ ਰਹੀਆਂ ਹੋਣ। ਕੀ ਕਰੇ? ਕਿੱਥੇ ਜਾਵੇ? ਉਦੋਂ ਹੀ ਪਿਤਾ ਜੀ ਬੋਲੇ – "ਬੇਟਾ, ਜਾਗ ਖੁੱਲ ਗਈ ਸੀ।"

ਰਾਜੇਸ਼ ਨੇ ਚੋਰ ਅੱਖ ਨਾਲ ਪਤਨੀ ਵੱਲ ਦੇਖਿਆ। ਪਤਨੀ ਦੀਆਂ ਅੱਖਾਂ ਅਤੇ ਸੁਰਮਾ ਦੋਵੇਂ ਕੁੱਝ ਕਹਿ ਰਹੇ ਸਨ। ਰਾਜੇਸ਼ ਬਿਨਾਂ ਕੁੱਝ ਆਖੇ ਰਸੋਈ ਵਿੱਚ ਗਿਆ ਅਤੇ ਦੋ ਗਿਲਾਸ ਪਾਣੀ ਦੇ ਡਕਾਰ ਗਿਆ। ਫਿਰ ਉਹਨੇ ਸੁਰਮੇ ਦੀ ਡੱਬੀ ਚੁੱਕੀ ਅਤੇ ਕੂੜੇਦਾਨ ਵਿੱਚ ਵਗਾਂਹ ਮਾਰੀ।

***

**ਅਤੀਤ ਦੀ ਖਿੜਕੀ / ਅੰਜੂ ਖਰਬੰਦਾ**

ਵਿਆਹ ਦਾ ਸੱਦਾ ਹੁਸ਼ਿਆਰਪੁਰ ਤੋਂ ਆਇਆ ਸੀ। ਰੇਲ ਗੱਡੀ ਰਾਹੀਂ ਜਾਣ ਦਾ ਤੈਅ ਹੋਇਆ। ਸਰਦੀ ਨੇ ਦਸਤਕ ਦੇਣੀ ਸ਼ੁਰੂ ਕਰ ਦਿੱਤੀ ਸੀ, ਇਸ ਲਈ ਸੋਚਿਆ ਕਿ ਇਸ ਵਾਰ ਏ.ਸੀ ਦੀ ਬਜਾਏ ਜਨਰਲ ਕੋਚ ਵਿਚ ਸਫ਼ਰ ਦਾ ਆਨੰਦ ਮਾਣੀਏ।

ਜਨਰਰ ਵਿਖ ਜਾਣ ਰਈ ਪਹਿਰਾਂ ਪਤਨੀ ਅਤੇ ਭੱਖੇ ਥੋਲ੍ਹੇ ਗੁੱਸੇ ਹੋਏ ਪਰ ਫਿਰ ਥੋਲ੍ਹੀ ਨਾਂਹ-ਨੁੱਕਰ ਕਰਨ ਤੋਂ ਬਾਅਦ ਮੰਨ ਗਏ। ਦਿੱਲੀ ਤੋਂ ਤਕਰੀਬਨ ਅੱਠ ਘੰਟੇ ਦਾ ਸਫ਼ਰ। ਸੀਟ ਬੁੱਕ ਹੋਣ ਕਾਰਨ ਬਹੁਤੀ ਸਮੱਸਿਆ ਨਹੀਂ ਆਈ। ਬੱਚਿਆਂ ਨੇ ਝੱਟ ਖਿੜਕੀ ਦੀ ਸੀਟ ਮੱਲ ਲਈ। ਮੈਂ ਤੇ ਮੇਰੀ ਪਤਨੀ ਸਾਰਾ ਸਮਾਨ

ਸੈਟ ਕਰਕੇ ਗੱਲਾਂ ਵਿਚ ਰੁੱਝ ਗਏ।

"ਦੀਦੀ ! ਜੰਮੂ ਦੀ ਸ਼ਾਲ ਲੈ ਲਓ ! ਵਧੀਆ ਹੈ !" ਰੰਗ ਬਰੰਗੀਆਂ ਸ਼ਾਲਾਂ ਦੀ ਭਾਰੀ ਗਠੜੀ ਚੁੱਕੀ ਇਕ ਕਣਕਵੰਨੇ ਰੰਗ ਅਤੇ ਸੁਰਮੇ ਵਾਲੀਆਂ ਅੱਖਾਂ ਵਾਲੀ ਮੁਟਿਆਰ ਪਤਨੀ ਨੂੰ ਮਨਾਉਣ ਲੱਗੀ।

"ਕਿੰਨੇ ਦੀ ਹੈ?"

ਕਕਢਾਈ ਸੌ ! "

"ਏਨੀ ਮਹਿੰਗੀ ! "

"ਜੇ ਜਿਆਦਾ ਪੀਸ ਲਿਓਗੇ, ਤਾਂ ਘੱਟ ਕਰ ਦੇਵਾਂਗੀ।"

ਕਕਮੈਂ ਕੀ ਦੁਕਾਨ ਖੋਰ੍ਹਣੀ ਹੈ?"

"ਲੈ ਲੋ ! ਭੈਣਾਂ-ਭਰਜਾਈਆਂ ਲਈ।"

ਮੈਂ ਆਪਣੀ ਪਤਨੀ ਨੂੰ ਇਸ਼ਾਰਾ ਕੀਤਾ ਤਾਂ ਉਸਨੇ ਅੱਖਾਂ ਫੇਰ ਕੇ ਮੈਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ।

"ਚੰਗਾ, ਜੇ ਪੰਜ ਪੀਸ ਲਵਾਂ ਤਾਂ ਕਿੰਨੇ ਦੇ ਦਏਗੀ?"

"ਦੋ ਸੌ ਪਰ ਪੀਸ ਦੇ ਦੇਣਾ ਦੀਦੀ !"

ਕਕਨਾ ! ਸੌ ਰੁਪਏ ਪਰ ਪੀਸ ! "

"ਸੌ ਤਾਂ ਬਹੁਤ ਘੱਟ ਹਨ !" ਇਹ ਕਹਿੰਦੇ ਹੋਏ ਉਸਦਾ ਗੱਚ ਭਰ ਆਇਆ ਅਤੇ ਉਸਦੀਆਂ ਅੱਖਾਂ ਵਿਚ ਹੰਝੂ ਆ ਗਏ।

ਕਕਖੱਰ ਨਾ ਤੇਰੀ, ਨਾ ਮੇਰੀ ਡੇਢ ਸੌ ਰੁਪਏ ਪਰ ਪੀਸ !"

"ਠੀਕ ਹੈ, ਦੀਦੀ ! ਜੋ ਰੰਗ ਪਸੰਦ ਹੋਵੇ ਲੈ ਲਓ।" ਕੁਝ ਸੋਚਦਿਆਂ ਉਸਨੇ ਕਿਹਾ ਤੇ ਬੰਡਲ ਮੇਰੀ ਪਤਨੀ ਦੇ ਅੱਗੇ ਕਰ ਦਿੱਤਾ।

ਪਤਨੀ ਨੇ ਪੰਜ ਸ਼ਾਲਾਂ ਵੱਖ ਕਰ ਲਈਆਂ ਅਤੇ ਮੇਰੇ ਵੱਲ ਦੇਖ ਕੇ ਪੈਸੇ ਦੇਣ ਦਾ ਇਸ਼ਾਰਾ ਕੀਤਾ। ਮੈਂ ਝੱਟ 750 ਰੁਪਏ ਕੱਢ ਕੇ ਦੇ ਦਿੱਤੇ।

ਉਸ ਦੇ ਜਾਣ ਤੋਂ ਬਾਅਦ ਪਤਨੀ ਦੀ ਸੂਈ ਸਾਰੇ ਰਸਤੇ ਇਸ ਗੱਲ 'ਤੇ ਅਟਕ ਗਈ, 'ਉਹ ਇੱਕ ਵਾਰ ਵਿਚ ਹੀ ਡੇਢ ਸੌ ਵਿਚ ਮੰਨ ਗਈ, ਗਲਤੀ ਕੀਤੀ, ਥੋੜ੍ਹਾ ਹੋਰ ਘਟ-ਵਧ ਕਰਨਾ ਚਾਹੀਦਾ ਸੀ !'

ਅਤੇ ਮੇਰੀ ਸੂਈ ...ਅਤੀਤ ਵਿਚ ਫਸ ਗਈ ਸੀ।

ਬੇਟੀ ਨੂੰ ਗੋਦੀ ਵਿਚ ਬੈਠਾ ਕੇ ਰੇਲ ਦੀ ਖਿੜਕੀ ਵਿਚੋਂ ਦੇਖਦਾ ਮੈਂ ਸੋਚ ਰਿਹਾ ਸੀ, 'ਪਿਤਾ ਜੀ ਜਦੋਂ ਰੇਲਗੱਡੀ ਵਿਚ ਸਾਮਾਨ ਵੇਚ ਕੇ ਥੱਕੇ-ਹਾਰੇ ਘਰ ਆਉਂਦੇ ਸਨ ਤਾਂ ਉਨ੍ਹਾਂ ਦੀਆਂ ਅੱਖਾਂ ਵਿਖ ਵੀ ਉਹੀ ਸਿੱਰ੍ਹ ਹੁੰਦੀ ਸੀ ਜੋ ਅੱਜ ਉਸ ਕੁੜੀ ਦੀਆਂ ਅੱਖਾਂ ਵਿਚ ਸੀ।'

***

**ਬਰਫ਼ੀ / ਸੁਭਾਸ਼ ਨੀਰਵ**

ਉਹ ਦਿੱਲੀ ਏਅਰ ਪੋਰਟ 'ਤੇ ਉਤਰਿਆ। ਬਾਹਰ ਆ ਕੇ ਪਹਿਲਾਂ ਮੋਬਾਇਲ ਤੇ ਕਿਸੇ ਨਾਲ ਗੱਲ ਕੀਤੀ ਅਤੇ ਫੇਰ ਨੇੜੇ ਦੇ ਹੋਟਲ ਰਈ ਟੈਕਸੀ ਫਲ ਰਈ। ਉਹ ਅਕਸਰ ਅਜਿਹਾ ਹੀ ਕਰਦਾ ਹੈ। ਜਦੋਂ ਵੀ ਇੰਡੀਆ ਦਸ ਪੰਦਰਾਂ ਦਿਨਾਂ ਰਈ ਆਉਂਦਾ ਹੈ, ਨਿਊਯਾਰਕ ਤੋਂ ਦਿੱਰੀ ਦੀ ਫਰਾਇਟ ਰੈਂਦਾ ਹੈ। ਦਿੱਰੀ ਇਕ ਰਾਤ ਸਟੇਅ ਕਰਕੇ ਅਗਰੇ ਦਿਨ ਮੁੰਬਈ ਰਈ ਦੂਜੀ ਫਰਾਇਟ ਫਲ ਦਾ ਹੈ। ਮੁੰਬਈ ਵਿਚ ਉਹਦਾ ਘਰ ਹੈ। ਮਾਤਾ ਪਿਤਾ ਹਨ, ਪਤਨੀ ਹੈ, ਛੋਟੀ ਭੈਣ ਹੈ ਜਿਹੜੀ ਵੱਖ ਰਹਿੰਦੀ ਹੈ।

ਹੋਟਲ ਦੇ ਆਪਣੇ ਕਮਰੇ ਵਿਚ ਜਦੋਂ ਪਹੁੰਚਿਆ ਰਾਤ ਦੇ ਅੱਠ ਵਜ ਰਹੇ ਸਨ। ਉਹ ਨਹਾ ਧੋ ਕੇ ਫਰੈਸ਼ ਹੋਣਾ ਚਾਹੁੰਦਾ ਸੀ ਕਿ ਉਦੋਂ ਹੀ ਬੈੱਰ ਵੱਜੀ। ਦਰਵਾਜਾ ਖੋਰ੍ਹਿਆ। ਸਾਹਮਣੇ ਨਜ਼ਰ ਪੈਂਦਿਆ ਹੀ ਉਹਦੇ ਮੱਥੇ ਤੇ ਪਸੀਨੇ ਦੀਆਂ ਬੂੰਦਾਂ ਉਬਰ ਆਈਆਂ। ਅਉਣ ਵਾਲੀ ਲੜਕੀ ਨੇ ਵੀ ਆਪਣੀ ਘਬਰਾਹਟ ਨੂੰ ਤੁਰੰਤ ਝਟਕਿਆ।

"ਦੇਖਿਆ ਫਲ ਰਿਆ ਨਾ। ਮੈਂ ਤੁਹਾਨੂੰ ਹੋਟਰ ਵਿਖ ਵਲ ਦਿਆਂ ਅਤੇ ਇਸ ਕਮਰੇ ਵਿਖ ਆਉਂਦੇ ਦੇਖ ਰਿਆ ਸੀ। ਸੋਖਿਆ ਪਿੱਛਾ ਕਰਦੀ ਹਾਂ।"

"ਸ਼ਿਖਾ ! ਤੂੰ ਇੱਥੇ?"

"ਹੂੰਅ... ਹੈਰਾਨ ਕਿਉਂ ਹੁੰਦੇ ਹੋ? ਕੱਰ੍ਹ ਮੁੰਬਈ ਦਿੱਰੀ ਦੀ ਖਾਰ ਵਜੇ ਵਾਰੀ ਫਰਾਇਟ ਤੋਂ ਉੱਤਰੀ ਸੀ। ਅੱਜ ਰਾਤ ਦੀ ਫਰਾਇਟ ਤੋਂ ਵਾਪਸ ਮੁੰਬਈ। ਅਕਸਰ ਇਸੇ ਹੋਟਲ ਵਿਚ ਰੁਕਣਾ ਹੁੰਦਾ ਹੈ, ਅਗਲੀ ਡਿਊਟੀ ਤੇ ਜਾਣ ਤਕ।"

"ਬਈ ਮੈਂ ਤਾਂ ਭੁੱਲ ਹੀ ਗਿਆ ਸੀ ਕਿ ਤੂੰ ਦੋ ਸਾਲ ਤੋਂ ਏਅਰ ਲਾਈਨਸ ਵਿਚ ਜਾੱਬ ਕਰ ਰਹੀ ਹੈਂ।" ਉਹਨੇ ਆਪਣੇ ਆਪ ਨੂੰ ਨਾਰਮਲ ਕਰਦੇ ਹੋਏ ਕਿਹਾ।

"ਪਰ ਤੁਸੀਂ ਕਦੇ ਦੱਸ ਕੇ ਇੰਡੀਆ ਨਹੀਂ ਆਉਂਦੇ। ਕੋਈ ਫੋਨ ਹੀ ਕਰ ਲਿਆ ਕਰੋ।"

"ਮੈਨੂੰ ਸਰਪ੍ਰਾਈਜ ਦੇਣ ਦੀ ਆਦਤ ਹੈ ਨਾ। ਚੱਲ ਛੱਡ, ਘਰੇ ਸਭ ਠੀਕ ਨੇਂ?

ਜਾਂਦੀ ਰਹਿੰਨੀ ਐ ਮੰਮੀ ਪਾਪਾ ਨੂੰ ਮਿਲਣ?"

"ਮਹੀਨੇ ਦੋ ਮਹੀਨਿਆਂ ਵਿਚ ਇਕ ਦੋ ਵਾਰੀ ਚਲੀ ਹੀ ਜਾਂਦੀ ਹਾਂ। ਤੁਸੀਂ ਦੱਸੋ ਕਿਵੇਂ ਚਲ ਰਿਹਾ ਹੈ ਯੂ.ਐਸ.ਏ. ਵਿਚ। ਅਤੇ ਕਦੋਂ ਬੁਲਾ ਰਿਹਾ ਹੈ ਭਾਬੀ ਨੂੰ ਆਪਣੇ ਕੋਲ?"

"ਠੀਕ ਹੈ, ਗਰੀਨ ਕਾਰਡ ਮਿਲ ਜਾਵੇ ਤਾਂ ਉਹਨੂੰ ਵੀ ਬੁਲਾ ਲਵਾਂਗਾ ਆਪਣੇ ਕੋਲ।"

"ਮੰਮੀ ਪਾਪਾ ਕੋਲ ਕਦੋਂ ਪਹੁੰਚ ਰਹੇ ਹੋ?"

"ਕੱਲ੍ਹ ਦਿਨੇ ਇੱਥੇ ਕੁਝ ਕੰਮ ਹੈ, ਇਸ ਕਰਕੇ ਇੱਥੇ ਰੁਕਣਾ ਪਿਆ। ਕੱਲ੍ਹ ਸ਼ਾਮ ਦੀ ਫਰਾਇਟ ਤੋਂ ਮੈਂ ਮੁੰਬਈ ਪਹੁੰਚ ਰਿਹਾ ਹਾਂ।"

"ਚੰਗਾ ਵੀਰੇ ਚਲਦੀ ਹਾਂ ... ਰਾਤ ਦਸ ਵਜੇ ਮੇਰੀ ਫਲਾਇਟ ਹੈ।"

"ਓ.ਕੇ. ਬਾਏ...।"

"ਬਾਏ।"

ਸ਼ਿਖਾ ਦੇ ਜਾਂਦੇ ਹੀ ਉਹਨੇ ਮੋਬਾਇਲ ਤੇ ਫੋਨ ਮਿਲਾਇਆ।

"ਸਰ! ਕੀ ਬਰਫੀ ਪਹੁੰਚੀ ਨਹੀਂ ਅਜੇ ਤਕ।" ਉੱਧਰੋਂ ਅਵਾਜ਼ ਆਈ।

"ਏਹ ਤੂੰ ...?" ਉਹ ਖਿੱਝਿਆ।

"ਕੀ ਹੋਇਆ ਸਰ! ਪਸੰਦ ਨਹੀਂ ਆਈ? ਦੂਜੀ ਭੇਜਦਾ ਹਾਂ।"

"ਨਹੀਂ ਰਹਿਣ ਦੇ ਹੁਣ ... ਇੰਡੀਆ ਤੋਂ ਮੁੜਦੇ ਸਮੇਂ ਦੇਖਾਂਗਾ।" ਉਹਨੇ ਝਟਕੇ ਨਾਲ ਫੋਨ ਬੰਦ ਕੀਤਾ ਅਤੇ ਫਰੈਸ਼ ਹੋਣ ਲਈ ਬਾਥਰੂਮ ਵਿਚ ਵੜ ਗਿਆ।

***

**ਫੇਸ ਟਾਈਮ**

ਫੇਸਬੁੱਕ ਖੋਲ੍ਹ ਦੇ ਹੀ ਉਹਨੂੰ ਇਕਦਮ ਝਟਕਾ ਲੱਗਿਆ, ਉਹਦੇ ਪਿਆਰੇ ਨੌਜਵਾਨ ਰੰਗਕਰਮੀ ਦੀ 'ਹਾਰਟ ਅਟੈਕ' ਨਾਲ ਮੌਤ ਹੋ ਗਈ ਸੀ, ਪੋਸਟ ਨੂੰ ਪੜ੍ਹਦੇ ਹੋਏ ਉਹਦੀਆਂ ਅੱਖਾਂ ਭਰ ਆਈਆਂ, ਉਹਨੇ ਕੁਮੈਂਟ ਲਿਖਿਆ, ਬਹੁਤ ਹੀ ਦੁਖਦਾਈ, ਅਫਸੋਸ।'

ਅਗਲੀ ਹੀ ਪੋਸਟ 'ਤੇ ਉਹਦੇ ਬਚਪਨ ਦੇ ਮਿੱਤਰ ਨੇ ਇਕ ਫੋਟੋ ਸ਼ੇਅਰ ਕੀਤੀ ਸੀ, ਜਿਸ ਵਿਚ ਉਹ ਤਿੰਨੇ ਜਿਗਰੀ ਯਾਰ ਇਕ ਪ੍ਰਦਰਸ਼ਨੀ ਮੈਦਾਨ ਵਿਚ ਇਕ ਦੂਜੇ ਦੇ ਗਲ ਵਿਚ ਬਾਹਾਂ ਪਾ ਕੇ ਖੜ੍ਹੇ ਸਨ। ਆਪਣੀ ਜਵਾਨੀ ਦੀ ਫੋਟੋ ਨੂੰ ਉਹ ਮੰਤਰਮੁਗਧ ਜਿਹਾ ਦੇਖਦਾ ਰਹਿ ਗਿਆ, ਬੁੱਲ੍ਹਾਂ 'ਤੇ ਹਲਕੀ ਮੁਸਕਾਨ ਤੈਰ ਗਈ, ਉਹਨੇ ਕਰਾਈਕ' ਕਰਦੇ ਹੋਏ ਲਿਖਿਆ, ਕਤਿੰਨ ਤਰੰਗੇ'। ਜਵਾਬ ਵਿਚ ਦੋਸਤ ਨੇ ਹੱਸਦਾ ਹੋਇਆ 'ਇਮੋਜੀ' ਭੇਜਿਆ, ਜੀਹਨੂੰ ਦੇਖਕੇ ਉਹਨੂੰ ਵੀ ਹਾਸਾ ਆ ਗਿਆ।

ਅੱਗੇ ਵਧਿਆ ਤਾਂ ਉਹਦੀਆਂ ਨਜ਼ਰਾਂ ਆਪਣੀ ਔਰਤ ਦੋਸਤ ਦੀ ਬਹੁਤ ਹੀ ਉਤੇਜਕ ਪ੍ਰੋਫਾਇਲ ਪਿਕਚਰ 'ਤੇ ਪਈਆਂ, ਉਹ ਬਹੁਤ ਦੇਰ ਤੱਕ ਉਹਨੂੰ ਵੱਡੀ ਕਰਕੇ ਦੇਖਦਾ ਰਿਹਾ, ਬਹੁਤ ਸੋਚਣ ਵਿਚਾਰਨ ਤੋਂ ਬਾਅਦ ਉਹਨੇ ਕੁਮੈਂਟ ਵਿਚ 'ਘੈਂਟ' ਦਾ ਸੰਕੇਤ ਕਰਦਾ 'ਇਮੋਜੀ' ਪੋਸਟ ਕਰ ਦਿੱਤਾ।

ਫੋਨ 'ਲੋਅ ਬੈਟਰੀ' ਦਾ ਸੰਕੇਤ ਕਰਨ ਲੱਗਿਆ ਤਾਂ ਉਹ ਬੈਠਕ ਤੋਂ ਬੈੱਡਰੂਮ ਵਿਚ ਆ ਗਿਆ। ਉੱਥੇ ਪਤਨੀ ਪਹਿਲਾਂ ਹੀ ਆਪਣੇ ਫੋਨ 'ਤੇ ਰੁੱਝੀ ਸੀ।

"ਹੁਣ ਬਸ ਵੀ ਕਰ" ਫੋਨ ਨੂੰ ਚਾਰਜਿੰਗ ਤੇ ਲਗਾਉਂਦੇ ਹੋਏ ਉਸਨੇ ਕਿਹਾ, "ਦਿਨ ਰਾਤ ਇਸੇ ਵਿਚ ਲੱਗੀ ਰਹਿੰਦੀ ਐ।"

ਪਤਨੀ ਨੇ ਉਹਦੀ ਗੱਲ 'ਤੇ ਕੋਈ ਧਿਆਨ ਨਹੀਂ ਦਿੱਤਾ, ਮੁਸਕਰਾਉਂਦੇ ਹੋਏ ਕੁੱਝ ਟਾਈਪ ਕਰਨ ਲੱਗੀ। ਇਹ ਦੇਖ ਕੇ ਉਹਦਾ ਗੁੱਸਾ ਸੱਤਵੇਂ ਅਸਮਾਨ 'ਤੇ ਪਹੁੰਚ ਗਿਆ। "ਮੈਂ ਤੈਨੂੰ ਕੁੱਝ ਕਿਹਾ? ਸੁਣਾਈ ਨਹੀਂ ਦਿੱਤਾ।" ਉਹ ਚੀਕਿਆ, "ਫੋਨ ਰੱਖ, ਮੈਂ ਸੌਣੈ।"

"ਤੁਹਾਨੂੰ ਰੋਕਿਆ ਕੀਹਨੇ ਹੈ, ਸੌਂ ਜਾਓ, ਮੈਨੂੰ ਅਜੇ ਟੈਮ ਲੱਗੂ," ਪਤਨੀ ਨੇ ਬੇਰੁਖੀ ਨਾਲ ਕਿਹਾ, "ਤੁਸੀਂ ਖੁਦ ਵੀ ਦਿਨ ਰਾਤ ਫੋਨ ਨਾਲ ਚਿਪਕੇ ਰਹਿੰਦੇ ਹੋ, ਮੈਂ ਕਦੇ ਕੁੱਝ ਕਿਹੈ।"

"ਮੇਰੀ ਬਰਾਬਰੀ ਨਾ ਕਰ, ਮੇਰਾ ਤਾਂ ਆਫਿਸ ਦਾ ਸਰਕਲ ਹੈ, ਦੂਜੇ ਸੌ ਪੰਗੇ ਹਨ। ਤੇਰੇ ਵਾਂਗੂੰ ਵਿਹਲਾ ਰਹਿ ਕੇ ਮੰਜਾ ਨਹੀਂ ਤੋੜਦਾ। ਨਾਰੀ ਮੁਕਤੀ ਦੇ ਨਾਂ 'ਤੇ ਪਤਾ ਨੀਂ ਕਿਹੋ ਜਿਹੇ ਗਰੁੱਪਾਂ

ਵਿਖ ਵਲੀ ਰਹਿੰਦੀ ਹੈ, ਵਿਗਾਲ ਕੇ ਰੱਖ ਦਿੱਤਾ ਹੈ ਇਸ ਰੱਤ ਨੇ ਤੈਨੂੰ, ਬੋਲਣ ਤਕ ਦੀ ਤਮੀਜ ਨਹੀਂ ਰਹੀ।"

ਇਸ ਵਾਰ ਪਤਨੀ ਨੇ ਕੋਈ ਜਵਾਬ ਨਹੀਂ ਦਿੱਤਾ ਅਤੇ ਮੈਸੇਂਜਰ ਤੇ ਕੁੱਝ ਟਾਈਪ ਕਰਨ ਲੱਗੀ।

ਗੁੱਸੇ ਵਿਚ ਤਿਲਮਿਲਾਉਂਦੇ ਪਤੀ ਨੇ ਕਮਰੇ ਦੀ ਲਾਈਟ ਬੰਦ ਕਰ ਦਿੱਤੀ ਸੀ ਅਤੇ ਪਤਨੀ ਵੱਲ ਪਿੱਠ ਕਰਕੇ ਪੈ ਗਿਆ। ਮੈਸੇਂਜਰ 'ਤੇ ਚਲ ਰਹੀ ਚੈਟਿੰਗ ਦੀ ਹਲਕੀ ਅਵਾਜ਼ ਉਹਦੇ ਕੰਨਾਂ ਵਿਚ ਪਿਘਲੇ ਸ਼ੀਸ਼ੇ ਵਾਂਗ ਪੈ ਰਹੀ ਸੀ। ਬਹੁਤ ਦੇਰ ਤਕ ਪਤਨੀ ਨੇ ਫੋਨ ਨਹੀਂ ਰੱਖਿਆ ਤਾਂ ਉਹਨੇ ਪਾਸਾ ਪਰਤ ਕੇ ਦੇਖਿਆ, ਪਤਨੀ 'ਫੇਸ ਟਾਈਮ' ਵੀਡੀਓ ਤੇਸੀ। ਸਕਰੀਨ ਦੀ ਲਾਈਟ ਵਿਚ ਪਤਨੀ ਦਾ ਚਿਹਰਾ ਚਮਕ ਰਿਹਾ ਸੀ। ਉਹਦੇ ਚਿਹਰੇ 'ਤੇ ਬਹੁਤ ਮਨਮੋਹਣੀ ਮੁਸਕਾਨ ਸੀ। ਉਹਨੂੰ ਯਾਦ ਆਇਆ ਕਿ ਅਜਿਹੀ ਮੁਸਕਾਨ ਤਾਂ ਪਤਨੀ ਦੇ ਬੁੱਰ੍ਹਾਂ 'ਤੇ ਉਦੋਂ ਹੁੰਦੀ ਸੀ, ਜਦੋਂ ਰਵ ਮੈਰਿਜ ਤੋਂ ਪਹਿਲਾਂ ਉਹ ਡੇਟਿੰਗ 'ਤੇ ਜਾਂਦੇ ਸੀ। ਤਾਂ ਕੀ....? ਇਹਦਾ ਮਤਲਬ... ਜ਼ਰੂਰ ਉਸਦਾ ਕਿਸੇ ਨਾਲ ਚੱਕਰ ਚੱਲ ਰਿਹਾ ਹੈ....

ਉਹ ਅੰਗਾਰਿਆਂ ਤੇ ਲੋਟਣੀਆਂ ਖਾਣ ਲੱਗਿਆ।

***

### ਯੁੱਧ ਅਤੇ ਈਸ਼ਵਰ / ਸੁਰੇਸ਼ ਬਰਨਵਾਲ

ਯੁੱਧ ਬਹੁਤ ਲੰਬਾ ਚੱਲਿਆ ਸੀ। ਏਨਾ ਲੰਬਾ ਕਿ ਬਹੁਤ ਦੀਆਂ ਗੋਲੀਆਂ ਵੀ ਖ਼ਤਮ ਹੋ ਗਈਆਂ ਸਨ। ਗੋਲੀਆਂ ਲਈ ਲੋਹਾ ਅਤੇ ਪਿੱਤਲ ਘੱਟ ਪੈਣ ਲੱਗਿਆ ਸੀ। ਸੈਨਿਕ ਯੁੱਧ ਦੇ ਮੋਰਚੇ ਤੇ ਵੀ ਜਾਂਦੇ ਸਨ ਅਤੇ ਨੇੜੇ-ਤੇੜੇ ਦੇ ਪਿੰਡਾਂ ਵਿਚੋਂ ਲੋਹਾ ਅਤੇ ਪਿੱਤਲ ਵੀ ਲੱਭਦੇ। ਹਰ ਟੁਕੜੀ ਨੂੰ ਹੁਕਮ ਸੀ ਕਿ ਗੋਲੀਆਂ ਦੇ ਕਾਰਖਾਨੇ ਤਕ ਉਹ ਕੱਚਾ ਮਾਲ ਪਹੁੰਚਾਵੇ।

ਅਜਿਹੇ ਹੀ ਇਕ ਪਿੰਡ ਵਿਚ ਇਕ ਸੈਨਿਕ ਟੁਕੜੀ ਆਪਣੇ ਦੋ ਟਰੱਕਾਂ ਨਾਲ ਆਈ। ਪਿੰਡ ਦੇ ਸਰਪੰਚ ਨੂੰ ਬੁਲਾ ਕੇ ਕਮਾਂਡਰ ਨੇ ਆਪਣਾ ਹੁਕਮ ਸੁਣਾਇਆ।

"ਪਰ ਇੱਥੇ ਤਾਂ ਪਹਿਲਾਂ ਹੀ ਸੈਨਾ ਦੀ ਇਕ ਟੁਕੜੀ ਆ ਕੇ ਸਾਰਾ ਲੋਹਾ ਲਿਜਾ ਚੁੱਕੀ ਹੈ।" ਸਰਪੰਚ ਨੇ ਹੱਥ ਝਾੜੇ।

"ਉਹ...ਪਰ ਸਾਨੂੰ ਹੋਰ ਵੀ ਚਾਹੀਦੈ।" ਕਮਾਂਡਰ ਨੇ ਆਪਣੀ ਗੱਲ ਦੁਹਰਾਈ।

"ਹੁਣ ਤਾਂ ਕਿਸਾਨਾਂ ਦੇ ਹਲ ਅਤੇ ਮਜਦੂਰਾਂ ਦੇ ਸੰਦਾਂ ਵਿਚ ਹੀ ਲੋਹਾ ਬਚਿਆ ਹੈ ਜਨਾਬ।" ਸਰਪੰਚ ਨੇ ਹੱਥ ਜੋੜ ਲਏ।

"ਉਹ ਛੱਡ! ਹੋਰ ਦੱਸੋ, ਕੀ ਬਚਿਆ ਹੈ?" ਕਮਾਂਡਰ ਨੇ ਪੁੱਛਿਆ।

ਉਦੋਂ ਹੀ ਪਿੰਡ ਦੇ ਚਰਚ ਵਿਚ ਪ੍ਰਾਰਥਨਾ ਲਈ ਘੰਟਾ ਵੱਜਿਆ।

ਘੰਟੇ ਦੀ ਅਵਾਜ਼ ਸੁਣ ਕਮਾਂਡਰ ਨੇ ਇਕ ਪਲ ਸੋਚਿਆ, ਫਿਰ ਆਪਣੇ ਸੈਨਿਕਾਂ ਨੂੰ ਹੁਕਮ ਦਿੱਤਾ, "ਇੱਥੋਂ ਦੇ ਸਾਰੇ ਧਾਰਮਿਕ ਸਥਾਨਾਂ ਵਿਚੋਂ ਲੋਹੇ ਅਤੇ ਪਿੱਤਲ ਦੀਆਂ ਸਾਰੀਆਂ ਚੀਜਾਂ ਲਾਹ ਲਿਆਓ।"

ਲੋਕਾਂ ਦੇ ਵਿਰੋਧ ਦੇ ਬਾਵਜੂਦ ਸਾਰੇ ਧਾਰਮਿਕ ਸਥਾਨਾਂ ਤੋਂ ਲੋਹੇ ਪਿੱਤਲ ਦੀਆਂ ਸਾਰੀਆਂ ਚੀਜਾਂ ਦੇ ਨਾਲ ਮੂਰਤੀਆਂ ਵੀ ਚੁੱਕ ਲਈਆਂ।

"ਸਾਡੇ ਸਾਰਿਆਂ ਦੇ ਈਸ਼ਵਰ ਦੀਆਂ ਮੂਰਤੀਆਂ ਨੂੰ ਤਾਂ ਛੱਡ ਦਿੰਦੇ।" ਸਾਰੇ ਧਰਮਾਂ ਦੇ ਲੋਕਾਂ ਨੇ ਬੇਨਤੀ ਕੀਤੀ।

"ਇਹ ਯੁੱਧ ਦਾ ਸਮਾਂ ਹੈ। ਇਸ ਸਮੇਂ ਈਸ਼ਵਰ ਤੋਂ ਜਿਆਦਾ ਗੋਲੀਆਂ ਦੀ ਲੋੜ ਹੈ।" ਕਮਾਂਡਰ ਨੇ ਸਖ਼ਤ ਸ਼ਬਦਾਂ ਵਿਚ ਕਿਹਾ, "ਇਹਨਾਂ ਨੂੰ ਪਿਘਲਾ ਕੇ ਗੋਲੀਆਂ ਬਣਾਈਆਂ ਜਾਣਗੀਆਂ।"

"ਪਰ ਸਾਨੂੰ ਇਹ ਮੂਰਤੀਆਂ ਵਾਪਸ ਕਦੋਂ ਮਿਲਣਗੀਆਂ?" ਇਕ ਔਰਤ ਨੇ ਲਗਭਗ ਰੋਂਦੇ ਹੋਏ ਪੁੱਛਿਆ।

"ਜਦੋਂ ਯੱਧ ਰੁਕ ਜਾਵੇਗਾ ਤਾਂ ਬਚੀਆਂ ਗੋਲੀਆਂ ਨੂੰ ਪਿਘਲਾ ਕੇ ਫਿਰ ਇਨ੍ਹਾਂ ਦੇਵਤਿਆਂ ਦੀਆਂ ਮੂਰਤੀਆਂ ਬਣਾ ਦੇਵਾਂਗੇ।"

ਅਤੇ ਕਮਾਂਡਰ ਉੱਥੋਂ ਰਵਾਨਾ ਹੋ ਗਿਆ।

***

### ਮੌਖਿਕ ਪ੍ਰੀਖਿਆ / ਡਾ. ਸ਼ਕੁੰਤਲਾ ਕਿਰਨ

ਪੂਰਾ ਅੱਧਾ ਘੰਟਾ ਵਾਇਵਾ ਲਿਆ ਸੀ ਉਹਦਾ, ਏਨੇ ਘੁਮਾ-ਫਿਰਾ ਕੇ ਪ੍ਰਸ਼ਨ-ਪ੍ਰਤੀ ਪ੍ਰਸ਼ਨ? ਬਹੁਤ ਸਖ਼ਤ ਤੇ ਗਰਮ ਮਿਜ਼ਾਜ ਦਾ ਪ੍ਰੀਖਿਅਕ ਹੈ-ਜੇਕਰ ਏਨੀ ਤਿਆਰੀ ਨਾ ਕਰਦੀ

ਤਾਂ...ਅੱਜ? ਉਹਦੇ ਮਗਰੋਂ ਹੀ ਸ਼ੋਭਨਾ ਦਾ ਨੰਬਰ ਸੀ, ਉਹ ਅੰਦਰ ਦਾ ਜ਼ਾਇਜਾ ਲੈਣ ਰਈ, ਤਾਕੀ ਦਾ ਪਰਦਾ ਥੋਲ੍ਹ ਾ ਪਿੱਗੇ ਕਰਕੇ ਓਟ ਵਿਖ ਖਲ ੀ ਹੋ ਗਈ। ਗੱਗਿਆ, ਵਿਬਾਗ ਮੁੱਖੀ ਭਾਹਰ ਦੇ ਪ੍ਰੀਖਿਅਕ ਨਾਰ ਕੁੱਝ ਫੁਸਫਸਾਹਟ ਕਰਕੇ ਹੱਸ ਰਹੇ ਹਨ, ਉਦੋਂ....

"ਬੈਠੋ, ਕੀ ਨਾਮ ਹੈ ਤੁਹਾਡਾ?"

"ਜੀ, ਸ਼ੋਭਨਾ।"

"ਸ਼ੋਭਨਾ ਕਿਹੜੀ ਭਾਸ਼ਾ ਦਾ ਸ਼ਬਦ ਹੈ?"

"ਜੀ, ਹਿੰਦੀ ਦਾ।"

"ਕੀ ਅਰਥ ਹੁੰਦਾ ਹੈ ਇਸਦਾ?"

"ਕੀ...ਮਤਲਬ..." ਅਤੇ ਵਿਚਾਲੇ ਹੀ ਵਿਭਾਗ ਮੁਖੀ ਦੀ ਰੇਸ਼ਮੀ ਮੁਸਕਰਾਹਟ...

ਕਕਅਜੇ ਥੋਲ੍ਹਾ ਝਿਜਕ ਰਹੀ ਹੈ, ਵੈਸੇ ਭਹੁਤ ਇੰਨਟੈਰੀਜੈਂਟ, ਮੇਹਨਤੀ ਕੁਲੀ ਹੈ।"

ਮਿਹਨਤੀ, ਇੰਨਟੈਲੀਜੈਂਟ? ਅਤੇ ਸ਼ੋਭਨਾ? ਉਹ ਹੈਰਾਨ ਰਹਿ ਗਈ। ਪ੍ਰਸ਼ਨ ਫੇਰ...

"ਰਮਾਇਣ ਦੇ ਰਚਇਤਾ ਕੌਣ ਹਨ?"

"ਜੀ...ਤੁਲਸੀਦਾਸ।"

"ਅੱਠਵੇਂ ਪ੍ਰਸ਼ਨ ਪੱਤਰ ਵਿਚ ਲੇਖ ਕਿਸ 'ਤੇ ਲਿਖਿਆ।"

"ਜੀ, ਨਵੀਂ ਕਵਿਤਾ ਦੀ ਸ਼ੈਲੀ ਤੇ।"

ਅਤੇ ਨਵੀਂ ਕਵਿਤਾ ਤੋਂ ਉਭਾਰਨ ਵਾਸਤੇ, ਵਿਭਾਗ ਮੁਖੀ ਨੇ ਉਸਨੂੰ ਉੱਠਣ ਦਾ ਤੁਰੰਤ ਸਿਗਨਲ ਦੇ ਦਿੱਤਾ। ਸਿਰਫ਼ ਚਾਰ ਮਿੰਟਾਂ ਵਿਚ ਹੀ ਉਹ ਖੁਸ਼ੀ ਨਾਲ ਉਛਲਦੀ ਬਾਹਰ ਆ ਗਈ। ਪੁੱਛਿਆ ਤਾਂ ਸ਼ੋਭਨਾ ਨੇ ਸ਼ੇਖੀ ਮਾਰਦੇ ਕਿਹਾ, "ਉਹੀ ਭਾਸ਼ਾ ਵਿਗਿਆਨ ਵਚ ਹੀ ਜਾਨ ਖਾ ਰਿਹਾ ਸੀ ਬੁੱਢਾ।"

ਬਾਅਦ ਵਿਚ ਜਦੋਂ ਅੰਕ ਸੂਚੀ ਆਈ ਤਾਂ ਉਹਦੇ ਬਾਹਟ ਨੰਬਰ ਸਨ, ਜਦੋਂ ਕਿ ਸ਼ੋਭਨਾ ਦੇ ਬਿਆਸੀ।

ਕਾਸ਼! ਉਹ ਵੀ ਖ਼ੂਬਸੂਰਤ ਹੁੰਦੀ, ਜਾਂ ਉਹਦੇ ਵਾਂਗੂ ਸਰ ਨਾਲ ਕੋਈ ਸਬੰਧ ਵੀ ਰੱਖ ਸਕਦੀ।

***

### ਆਪਣੇ ਵਾਸਤੇ / ਡਾ. ਸ਼ੀਲ ਕੌਸ਼ਿਕ

ਪ੍ਰੋਵੀਡੈਂਟ ਫੰਡ ਤੋਂ ਪੰਜਾਹ ਹਜ਼ਾਰ ਰੁਪੈ ਕਢਵਾਉਣ ਲਈ ਰਾਮ ਪ੍ਰਸਾਦ ਕਲਰਕ ਦਾ ਬੇਨਤੀ ਪੱਤਰ ਦੇਖ ਕੇ ਅਧਿਕਾਰੀ ਹੈਰਾਨ ਸੀ। ਉਹਨੇ ਰਾਮ ਪ੍ਰਸਾਦ ਨੂੰ ਬੁਲਾਇਆ ਅਤੇ ਕਿਹਾ, "ਸਿਰਫ਼ ਤਿੰਨ ਮਹੀਨਿਆਂ ਬਾਅਦ ਤੂੰ ਰਿਟਾਇਰ ਹੋ ਜਾਣਾ ਹੈ। ਸਾਰੀ ਰਕਮ ਇਕਮੁਸ਼ਤ ਹੀ ਮਿਲ ਜਾਵੇਗੀ। ਫੇਰ ਹੁਣ ਰਕਮ ਕੀ ਕਰਨੀ ਐ?"

ਰਾਮ ਪ੍ਰਸਾਦ ਕੁਝ ਦੇਰ ਸੋਚਦਾ ਰਿਹਾ। ਫੇਰ ਬੋਲਿਆ, "ਸਰ ਜਦੋਂ ਤੋਂ ਨੌਕਰੀ ਵਿਚ ਆਇਆ ਹਾਂ, ਮੈਂ ਪਹਿਲਾਂ ਪਤਨੀ ਅਤੇ ਫੇਰ ਬੱਚਿਆਂ ਦੀਆਂ ਫਰਮਾਇਸ਼ਾਂ ਪੂਰੀਆਂ ਕਰਨ ਵਿਚ ਹੀ ਲੱਗਿਆ ਰਿਹਾ.... ਸਰ, ਦੋਸਤ ਕਹਿੰਦੇ ਰਹੇ - ਕਦੇ ਆਪਣੇ ਵਾਸਤੇ ਵੀ ਜਿਉਂ। ਸੱਤ ਕਿਲੋਮੀਟਰ ਸਾਇਕਲ ਚਲਾ ਕੇ ਦਫ਼ਤਰ ਆਊਨੈ, ਸਾਹ ਫੁੱਲਣ ਲਗਦੈ, ਇੱਕ ਸਕੂਟਰ ਕਿਉਂ ਨਹੀਂ ਲੈਂਦਾ?"

ਰਾਮ ਪ੍ਰਸਾਦ ਨੂੰ ਅਚਾਨਕ ਚੁੱਪ ਦੇਖ ਕੇ ਅਧਿਕਾਰੀ ਬੋਲਿਆ, "ਫੇਰ ਲਿਆ ਕਿਉਂ ਨਹੀਂ ਸਕੂਟਰ?"

"ਸਰ, ਲੈਂਦਾ ਕਿਵੇਂ? ਕਦੇ ਮੁੰਡੇ ਨੂੰ ਬਾਇਕ ਲੈ ਕੇ ਦਿੱਤੀ ਤੇ ਕਦੇ ਕੁੜੀ ਨੂੰ ਟੂਰ 'ਤੇ ਭੇਜਿਆ। ਸਾਰੀ ਜ਼ਿੰਦਗੀ ਹੀ ਪਰਿਵਾਰ ਦੇ ਲੇਖੇ ਲਾ ਦਿੱਤੀ। ਆਪ ਸਕੂਟਰ ਲਈ ਤਰਸਦਾ .....।"

"ਤਿੰਨ ਮਹੀਨਿਆਂ ਬਾਦ ਲੈ ਲੈਂਦਾ ਸਕੂਟਰ।" ਅਧਿਕਾਰੀ ਬੋਲਿਆ।

"ਸਰ, ਬੱਚਿਆਂ ਨੂੰ ਪਤਾ ਹੈ ਕਿ ਰਿਟਾਇਰਮੈਂਟ ਤੇ ਮੈਨੂੰ ਕਿੰਨੇ ਪੈਸੇ ਮਿਲਣਗੇ। ਉਹਨਾਂ ਨੇ ਪਹਿਲਾਂ ਹੀ ਆਪਣੀਆਂ ਜ਼ਰੂਰਤਾਂ ਦੀ ਲਿਸਟ ਬਣਾ ਲਈ ਹੋਣੀ ਹੈ। ਉਦੋਂ ਮੇਰਾ ਸਕੂਟਰ ਫੇਰ ਰਹਿ ਜਾਊ, ਇਸ ਕਰਕੇ ਮੈਂ ਪਹਿਲਾਂ ਹੀ ....।"

***

### ਕੱਟੇ ਹੋਏ ਖੰਭ / ਕਾਂਤਾ ਰਾਏ

ਕੁੜੀ ਸੀ, ਵੱਡੀ ਹੋ ਰਹੀ ਸੀ, ਪਰ ਮੈਨੂੰ ਤਾਂ ਉਹ ਆਪਣੀ ਉਮਰ ਤੋਂ ਵੱਡੀ ਲੱਗਦੀ ਸੀ। ਸਵੇਰੇ ਠੀਕ ਨੌਂ ਵਜੇ ਗੇਟ ਖੜਕਾਉਂਦੀ ਅਤੇ ਹਾਂ ਜਾਂ ਨਾ ਦੀ ਉਡੀਕ ਕੀਤੇ ਬਿਨਾਂ, ਘੋੜੇ 'ਤੇ ਸਵਾਰ, ਧੜਾਧੜ ਅੰਦਰ ਵੜ ਆਉਂਦੀ।

ਸ੍ਰੇਣੀ-ਵੰਡ ਦੀ ਮਿਸਾਲ! ਇੱਕ ਪਾਸੇ ਆਪਣੇ ਸਕੂਲ ਦੇ ਸਰਦੇ-ਪੁੱਜਦੇ ਬੱਚਿਆਂ ਨੂੰ ਦੇਖਾਂ ਅਤੇ ਦੂਜੇ ਪਾਸੇ ਇਹ ਨਵਜੰਮੀ

ਉਮਰੋ ਵੱਡੀ ਕੰਮੋ!

ਕਕਅੱਜ ਕੀ ਭਣਾਵਾਂ?" ਫਿਰ ਉਹ ਸਿੱਧਾ ਇੱਕ ਔਖਾ ਸਵਾਰ ਪੁੱਗਦੀ ਤੇ ਸਾਹਮਣੇ ਆ ਕੇ ਤੋਪ ਵਾਂਗ ਖਲ੍ਹੀ ਹੋ ਜਾਂਦੀ ਹੈ। ਟਿਕ-ਟਿਕ ਸਰਕਦੀ ਹੋਈ ਘਲੀ ਦੀ ਸੁਈ। ਖਲ ਦੇ ਦਿਨ ਅਤੇ ਸਮੇਂ ਤੋਂ ਅਣਜਾਣ। ਰਿਖਦੇ ਹੋਏ ਮੈਂ ਹੈਰਾਨ ਹੋ ਜਾਂਦੀ ਹਾਂ ਅਤੇ ਘਭਰਾਈ ਜਿਹੀ ਉਸ ਵੱਲ ਦੇਖਦੀ ਹੋਈ ਖੁਦ ਵੀ ਕਹਿ ਬੈਠਦੀ ਹਾਂ, "ਕੀ ਬਣਾਵਾਂ ਅੱਜ?"

ਸੱਚ ਕਹਾਂ ਤਾਂ ਮੈਂ ਖੁਦ ਵੀ ਹਾਲੇ ਤੱਕ ਬਚਪਨ ਜੀ ਰਹੀ ਸੀ।ਅਜਿਹੇ ਵਿੱਚ ਝਾੜੀਆਂ ਵਾਂਗ ਖਿੱਲਰੀ ਹੋਈ ਇਹ ਉੱਗਦੀ, ਝੜਦੀ ਜਿਹੀ ਕੁੜੀ।

"ਤੁਸੀਂ ਜੋ ਕਹੋਗੇ, ਬਣਾ ਲਵਾਂਗੀ!" ਅਚਾਨਕ ਨਿੱਕੀ ਬਾਲੜੀ ਵਿੱਚ ਬਦਲ ਜਾਂਦੀ ਹੈ। ਸਿਆਣੀ ਹੈ, ਇਸ ਲਈ ਮੇਰੀਆਂ ਅੱਖਾਂ ਦੀ ਉਦਾਸੀ ਪਲ੍ਹ ਰੈਂਦੀ ਹੈ।

"ਅੱਜ ਰਾਜਮਾਂਹ-ਚੌਲ ਬਣਾ ਲੈ, ਤੇਰਾ ਕੰਮ ਜਲਦੀ ਨਿਬੜ ਜਾਵੇਗਾ।" ਮੈਂ ਬਚਪਨ ਨੂੰ ਸਥਿਰ ਰੱਖਣਾ ਚਾਹਿਆ।

"ਮੈਨੂੰ ਕਾਹਲ ਨਹੀਂ ਹੈ। ਤੁਸੀਂ ਸੋਚ ਲਓ, ਅਤੇ ਜੋ ਕਹੋਗੇ, ਬਣਾ ਲਵਾਂਗੀ।" ਉਹ ਧੁਨ ਦੀ ਪੱਕੀ, ਮਿਹਨਤੀ ਸੀ।

"ਫਿਰ ਐਂ ਕਰ, ਚਾਰ ਪਰੌਂਠੇ ਵੀ ਬਣਾ ਲੈ।"

"ਠੀਕ ਹੈ!" ਅੱਖਾਂ ਮਟਕਾਉਂਦੀ ਰਸੋਈ ਵਿੱਚ ਵੜ ਗਈ।ਮੈਂ ਵੀ ਮਨ ਦੀ ਉਦਾਸੀ ਨੂੰ ਉੱਥੇ ਹੀ ਕਿਤਾਬਾਂ ਵਿੱਚ ਦਬਾ ਕੇ, ਪਲ ਾਈ-ਲਿਖਾਈ ਸਮੇਟ, ਨਹਾਉਣ ਦੀ ਤਿਆਰੀ ਵਿੱਚ ਲੱਗ ਗਈ।

ਕੈਮਿਸਟਰੀ ਦੇ ਨਵੇਂ ਅਧਿਆਪਕਾਂ ਦੀ ਭਰਤੀ ਲਈ ਇੰਟਰਵਿਊ ਲੈਣ ਛੇਤੀ ਜਾਣਾ ਸੀ। ਮੈਂ, ਖੁਦ ਸਕੂਲ ਦੀ ਪ੍ਰਿੰਸੀਪਲ, ਹੀ ਸਮੇਂ ਸਿਰ ਨਾ ਪਹੁੰਚਾਂ ਤਾਂ ਬਾਕੀਆਂ ਨੂੰ ਅਨੁਸ਼ਾਸ਼ਨ ਵਿੱਚ ਕਿਵੇਂ ਰੱਖਾਂਗੀ!

"ਕੰਮੋ, ਇੱਧਰ ਆ। ਜ਼ਰਾ ਉੱਥੇ ਰੈਕ ਤੋਂ ਸੈਂਪੂ ਲਿਆ ਕੇ ਦੇਵੀਂ!"

"ਹੁਣੇ ਲਿਆਈ!"

"ਲੈ! ਅੱਜ ਵਾਲ ਧੋਵੋਗੇ?" ਉਹ ਫਿਰ ਤੋਂ ਉਮਰੋਂ ਵੱਡੀ ਅਵਸਥਾ ਵਿੱਚ ਪਹੁੰਚ ਗਈ ਸੀ।

"ਹਾਂ।"

"ਨਾ ਧੋਵੋ, ਅੱਜ ਸ਼ਨੀਵਾਰ ਹੈ!"

"ਸ਼ਨੀਵਾਰ ਹੈ ਤਾਂ ਫੇਰ ਕੀ?"

" ਜਿਆਦਾ ਤਾਂ ਨਹੀਂ ਪਤਾ, ਬੱਸ ਨਹੀਂ ਧੋਣੇ ਚਾਹੀਦੇ, ਮਾਂ-ਦਾਦੀ ਸਾਰੀਆਂ ਇਹੀ ਕਹਿੰਦੀਆਂ ਹਨ।" ਕਹਿੰਦੇ-ਕਹਿੰਦੇ ਫਿਰ ਤੋਂ ਉਹਦੇ ਚਿਹਰੇ 'ਤੇ ਮਾਸੂਮੀਅਤ ਆ ਗਈ।

"ਮਾਂ-ਦਾਦੀ ਕੋਲੋਂ ਪੁੱਛਿਆ ਨਹੀਂ ਕਿ ਸ਼ਨੀਵਾਰ ਨੂੰ ਵਾਲ ਕਿਉਂ ਨਹੀਂ ਧੋਂਦੇ?"

ਉਸਨੇ ਅੱਖਾਂ ਅੱਡੀਆਂ ਅਤੇ ਨਖ਼ਰੇ ਵਾਰੀ ਅਵਾਜ਼ ਵਿੱਖ ਭੋਰੀ, ਕਕਪੁੱਗਿਆ ਸੀ, ਉਨ੍ਹਾਂ ਨੂੰ ਵੀ ਨਹੀਂ ਪਤਾ।ਉਨ੍ਹਾਂ ਨੇ ਕਿਹਾ ਕਿ ਵੱਡੇ-ਵਡੇਰੇ ਜਦੋਂ ਕਹਿੰਦੇ ਹਨ ਤਾਂ ਕੁਝ ਤਾਂ ਹੁੰਦਾ ਹੀ ਹੋਵੇਗਾ।"

ਕਕਸਾਰੇ ਕਹਿੰਦੇ ਹਨ ਭੱਸ ਇਸ ਰਈ ਮੰਨ ਰੈਨੀ ਹੋ? ਯਾਨੀ ਕਿ ਬੇਡਖਾਰ! ਕੱਰ੍ਹ ਤੋਂ ਤੂੰ ਇੱਥੇ ਕੰਮ ਕਰਨ ਨਾ ਆਵੀਂ।" ਮੈਂ ਗੁੱਸੇ ਨਾਲ ਕਿਹਾ।

"ਮੈਨੂੰ ਮਾਫ਼ ਕਰ ਦਿਓ, ਅੱਗੇ ਤੋਂ ਇੰਝ ਨਹੀਂ ਕਹਾਂਗੀ!" ਉਹ ਤਰਲੇ ਕੱਢਣ ਲੱਗੀ, ਹੁਣ ਉਹ ਨਾ ਬਾਲੜੀ ਸੀ, ਨਾ ਹੀ ਸਿਆਣੀ...!

ਕਕਨਹੀਂ, ਕੋਈ ਮਾਫ਼ੀ ਨਹੀਂ ਮਿਰੇਗੀ, ਹੁਣ ਤੈਨੂੰ ਮੇਰੇ ਸਕੂਰ ਵਿੱਖ ਪਲ੍ਹਨ ਦੀ ਸਜ਼ਾ ਕੱਟਣੀ ਪਵੇਗੀ। ਘਰੋਂ ਸਿੱਧੀ ਮੇਰੇ ਸਕੂਰ ਪਹੁੰਖੀਂ, ਹੁਣ ਤੈਨੂੰ ਰੋਟੀ ਭਣਾਉਣ ਦੀ ਨਹੀਂ, ਪਲ ਾਈ ਕਰਨ ਦੀ ਤਨਖਾਹ ਮਿਰੇਗੀ, ਸਮਝੀ ਕਿ ਨਹੀਂ!" ਉਹ ਫਿਰ ਤੋਂ ਉਮਰੋਂ ਵੱਡੀ ਨਾ ਬਣ ਜਾਵੇ, ਮੈਂ ਘਬਰਾ ਗਈ ਸੀ।

***

**ਕਣੀਆ/ਅੰਤਰਾ ਕਰਵੜੇ**

"ਮੈਂ ਸੰਨਿਆਸ ਲੈਣ ਦਾ ਫੈਸਲਾ ਕੀਤਾ ਹੈ ਮਾਂ।" ਜਤਿਨ ਨੂੰ ਆਪਣੇ ਇਸ ਵਾਕ ਨਾਲ ਘਰ ਵਿਚ ਕਿਸੇ ਧਮਾਕੇ ਦੀ ਉਮੀਦ ਸੀ।

"ਕਦੋਂ ਜਾ ਰਿਹਾ ਹੈ ਫਿਰ?" ਮਾਂ ਦਾ ਸੁਆਲ ਜਤਿਨ ਲਈ ਕਿਸੇ ਧੱਕੇ ਤੋਂ ਘੱਟ ਨਹੀਂ ਸੀ। ਕਿੱਥੇ ਤਾਂ ਉਹਨੇ ਸੋਚਿਆ ਸੀ ਕਿ ਮਾਂ ਰੋ-ਰੋ ਕੇ ਭੁਰਾ ਹਾਰ ਕਰ ਰਵੇਗੀ। ਪਰਿਵਾਰ ਦੇ ਦੂਜੇ ਮੈਂਭਰਾਂ

ਮੂਹਰੇ ਗਾਰ੍ਹਾਂ ਕੱਢੇਗੀ। ਆਪਣੀ ਮਮਤਾ ਦਾ ਵਾਸਤਾ ਪਾਵੇਗੀ ਪਰ ਉਹ ਤਾਂ ਅਡੋਲ ਖੜ੍ਹੀ ਰਹੀ।

"ਉਹ ਅਜੇ ਕੁਝ ਦਿਨਾਂ ਵਿਚ ਪਤਾ ਲੱਗ ਜਾਵੇਗਾ, ਆਸਰਮ ਦੀ ਪ੍ਰੀਕ੍ਰਿਆ ਸ਼ੁਰੂ ਹੋ ਜਾਵੇਗੀ ਇਕ-ਦੋ ਦਿਨਾਂ ਵਿਚ।" ਬਹੁਤ ਮੁਸ਼ਕਲ ਨਾਲ ਰੁਕ-ਰੁਕ ਕੇ ਉਹ ਇਹੀ ਸ਼ਬਦ ਬੋਲ ਸਕਿਆ।

ਉਸ ਸਮੇਂ ਘਰ ਵਿਚ ਮਾਂ ਇਕੱਲੀ ਸੀ, ਪਾਪਾ ਅਤੇ ਭਰਾ ਦੇ ਆਉਂਦੇ ਹੀ ਜਤਿਨ ਆਪਣੇ ਕਮਰੇ ਵਿਚ ਬੈਠਿਆ ਕਿਸੇ ਤੂਫ਼ਾਨ ਦੀ ਉਡੀਕ ਕਰਦਾ ਰਿਹਾ। ਹੈਰਾਨੀ, ਮਾਂ ਨੇ ਦੋਵਾਂ ਨਾਲ ਇਸ ਬਾਰੇ ਕੋਈ ਗੱਲ ਹੀ ਨਹੀਂ ਕੀਤੀ।

ਕੁੱਝ ਦਿਨਾਂ ਮਗਰੋਂ, ਜਤਿਨ ਕੋਲ ਆਸ਼ਰਮ ਤੋਂ ਸੱਦਾ ਵੀ ਆ ਗਿਆ। ਉਸ ਦੀ ਤਿਆਰੀ ਵਿਚ ਮਾਂ ਦਾ ਵਿਚਾਰ ਉਵੇਂ ਹੀ ਸੀ, ਜਿਹਲਾ ਦੋਸਤਾਂ ਨਾਰ ਜਾਣ ਵਾਰੇ ਕਿਸੇ ਟੂਰ ਦੇ ਰਈ ਹੁੰਦਾ ਹੈ। ਉਨ੍ਹਾਂ ਨੇ ਪਾਪਾ ਅਤੇ ਬਰਾ ਨੂੰ ਵੀ ਇਹੀ ਦੱਸਿਆ ਸੀ ਕਿ ਉਹ ਇਕ ਧਾਰਮਿਕ ਯਾਤਰਾ 'ਤੇ ਜਾ ਰਿਹਾ ਹੈ, ਕੁਝ ਤਜਰਬਾ ਹਾਸਰ ਕਰਨ ਰਈ ਅਤੇ ਜਤਿਨ ਉਨ੍ਹਾਂ ਨੂੰ ਇਹ ਕਹਿਣ ਤੋਂ ਰੋਕ ਵੀ ਨਹੀਂ ਸਕਿਆ।

ਪੂਰਾ ਮਹੀਨਾ ਆਸ਼ਰਮ ਵਿਚ ਰਹਿ ਕੇ ਜਤਿਨ ਫਿਰ ਮਾਂ ਦੇ ਸਾਮ੍ਹਣੇ ਭੈਠਿਆ ਸੀ, ਹਾਰਿਆ ਜਿਹਾ, ਥੱਕਿਆ ਜਿਹਾ। ਆਸ਼ਰਮ ਦੇ ਸਖ਼ਤ ਨਿਯਮ ਅਤੇ ਸੰਵੇਦਨਹੀਣ ਵਰਤਾਓ ਨੇ ਉਹਨੂੰ ਅੰਦਰੋਂ ਜਖ਼ਮੀ ਕਰ ਦਿੱਤਾ ਸੀ। ਉਹਦਾ ਫੈਸਲਾ ਬਦਲ ਚੁੱਕਿਆ ਸੀ।

"ਤੁਸੀਂ ਮੈਨੂੰ ਰੋਕਿਆ ਕਿਉਂ ਨਹੀਂ?"

"ਜਦੋਂ ਮੈਂ ਤੈਨੂੰ ਇਸ ਰਸਤੇ 'ਤੇ ਜਾਣ ਲਈ ਕਿਹਾ ਨਹੀਂ ਸੀ ਫਿਰ ਰੋਕਦੀ ਕਿਹੜੇ ਹੱਕ ਨਾਲ? ਇਕ ਗੱਲ ਸਮਝ ਲੈ ਕਿ ਇਸ ਤਰ੍ਹਾਂ ਗਾਜੇ-ਬਾਜੇ ਦੇ ਨਾਲ ਸੰਨਿਆਸ ਨਹੀਂ ਲਿਆ ਜਾਂਦਾ।"

ਬਾਹਰ ਕਣੀਆਂ ਪੈਣ ਲੱਗੀਆਂ ਸਨ, ਮਾਂ ਕਾਹਲੀ ਨਾਲ ਉੱਠਕੇ ਸੁੱਕ ਰਹੇ ਕੱਪੜੇ ਚੁੱਕਣ ਦੌੜ ਗਈ।

ਜਤਿਨ ਨੂੰ ਪਤਾ ਹੈ, ਮਾਂ ਨੂੰ ਮੀਂਹ ਤੋਂ ਕਿੰਨੀ ਕੋਫਤ ਹੁੰਦੀ ਹੈ ਪਰੰਤੂ ਉਹਨੂੰ ਗੁਸੈਹੋਣਾ ਗੱਡ ਹੁਣ ਉਹ ਉਸ ਤੋਂ ਪਰ੍ਹੇ ਖਰੀ ਜਾਂਦੀ ਹੈ। ਉਹ ਵੀ ਉਹਦੇ ਪਿੱਛੇ ਮਦਦ ਕਰਨ ਭੱਜਿਆ। ਕਣੀਆਂ ਪੈ ਰਹੀਆਂ ਹਨ, ਬਹੁਤ ਤੇਜ ਅਤੇ ਜਤਿਨ ਦਾ ਮਨ ਵੀ ਸਾਫ਼ ਹੁੰਦਾ ਜਾ ਰਿਹਾ ਸੀ।

ਉਹਨੇ ਮਹਿਸੂਸ ਕੀਤਾ ਖੁਦ ਨੂੰ ਜਿੱਤਣ ਵਾਰੇ ਪਤਾ ਨ ੀਂ ਕਿੰਨੇ ਮੋਨ ਸੰਨਿਆਸੀ ਸਾਡੇ ਨੇਲੇ-ਤੇੜੇ ਹੀ ਮੌਜੂਦ ਹੁੰਦੇ ਹਨ।

***

**ਨਿਰਮਾਣ ਵੱਲ / ਡਾ. ਵਸੂਧਾ ਗਾਡਗਿਲ**

ਸੜਕ 'ਤੇ ਖਿੰਡੀਆਂ ਇੱਟਾਂ, ਇੱਟਾਂ ਦੇ ਟੱਕੜੇ, ਪੱਥਰਾਂ ਦੇ ਰੋੜਿਆਂ ਵਿਚ ਪੈਰ ਧਰਨ ਦੀ ਕੋਸ਼ਿਸ਼ ਕਰਦਾ ਬੱਬਨ ਚਾਰੇ ਪਾਸੇ ਨਜ਼ਰਾਂ ਘੁੰਮਾਉਂਦਾ ਹੋਇਆ ਨਾਲ ਵਾਲੇ ਮਕਾਨ ਵਿਚ ਆਏ ਨਵੇਂ ਕਿਰਾਏਦਾਰ ਨੂੰ ਦੱਸਦਾ ਜਾ ਰਿਹਾ ਸੀ।

"ਇੱਥੋਂ ਦੇ ਲੋਕਾਂ ਵਿਚ ਆਪਸੀ ਮਿਲਵਰਤਨ ਸੀ, ਪਿਆਰ ਸੀ। ਪਹਿਲਾਂ ਅਜਿਹਾ ਨਹੀਂ ਸੀ...ਲੋਕ ਇਕ-ਦੂਜੇ ਦੇ ਸੁੱਖ-ਦੁੱਖ ਦੇ ਗਵਾਹ ਹੋਇਆ ਕਰਦੇ ਸਨ।"

"ਅਜਿਹੀ ਕੀ ਗੱਲ ਹੋ ਗਈ? ਨੌਬਤ ਇੱਥੇ ਤਕ ਆ ਗਈ!" ਨਵੇਂ ਕਿਰਾਏਦਾਰ ਨੇ ਪੈਰ ਨਾਲ ਪੱਥਰ ਨੂੰ ਇਕ ਪਾਸੇ ਕਰਦਿਆਂ ਹੈਰਾਨੀ ਨਾਲ ਪੁੱਛਿਆ।

"ਨਫ਼ਰਤ ਦੀ ਅੱਗ ਫੈਲਾਉਣ ਵਾਲੇ ਸੰਦੇਸ਼, ਫੋਟੋ, ਚਿੱਤਰਾਂ ਨੇ ਜ਼ਹਿਰ ਉਗਲਣ ਦਾ ਕੰਮ ਕੀਤਾ ਹੈ। ਸੋਸ਼ਲ ਮੀਡੀਏ ਦਾ ਦੁਰਉਪਯੋਗ ਹੋਇਆ ਹੈ।"

"ਓਹ! ਇਸ ਸੋਸ਼ਲ ਮੀਡੀਆ ਦਾ ਫਾਇਦਾ ਘੱਟ, ਨੁਕਸਾਨ ਜਿਆਦਾ ਹੋ ਰਿਹਾ ਹੈ। ਇਹਦਾ ਸਾਰਥਕ ਉਪਯੋਗ ਹੋਣਾ ਜ਼ਰੂਰੀ ਹੈ।" ਉਹ ਦੋਵੇਂ ਖਿੰਤਾ ਪ੍ਰਗਟ ਕਰਦੇ ਹੋਏ ਸਲਕ 'ਤੇ ਪਏ ਪੱਥਰਾਂ, ਇੱਟਾਂ ਦੇ ਵਿਖਾਰੇ ਜਗ੍ਹਾਂ ਭਣਾਉਂਦੇ ਹੋਏ ਅੱਗੇ ਵਧਦੇ ਜਾ ਰਹੇ ਸਨ।

"ਏਨਾ ਵੱਡਾ ਮੁਹੱਲਾ, ਪੂਰਾ ਬਰਬਾਦ ਹੋ ਗਿਆ ਹੈ। ਇੱਥੇ ਦੀ ਵੀਰਾਨੀ ਦੇਖੋ, ਹੇ ਪ੍ਰਭੂ! ਸਾਰੇ 'ਘਰ', 'ਮਕਾਨ' ਬਣ ਗਏ ਹਨ।" ਬੱਬਨ ਨੇ ਉੱਜੜੇ ਘਰਾਂ ਨੂੰ ਦੇਖਦੇ ਹੋਏ ਕਿਹਾ।

"ਬਈ...ਓ ਦੇਖ...ਓਧਰ ਦੇਖੋ! ਉਸ ਗਲੀ ਵਿਚ ਕੁੱਝ ਲੋਕ ਛਿਪੇ ਹੋਏ ਹਨ। ਥਮਲੇ ਓਹਲੇ ਮੂੰਹ ਬਾਹਰ ਕੱਢ ਕੇ ਸਾਨੂੰ ਵੀ ਘੂਰ ਰਹੇ ਹਨ। ਇਹ ਲੋਕ ਸਾਨੂੰ ਮਾਰਨਗੇ ਤਾਂ ਨਹੀਂ!"

"ਨਾ, ਨਾ....ਘੂਰ ਨਹੀਂ ਰਹੇ, ਡਰੇ ਹੋਏ ਨੇ ਸਾਰੇ ਸਾਨੂੰ

ਸ਼ੱਕ ਨਾਲ ਦੇਖ ਰਹੇ ਨੇ।"

ਕਹਿੰਦੇ ਹੋਏ ਬੱਬਨ ਨੇ ਦੰਗਿਆਂ ਵਿਚ ਖੰਡਰ ਹੋ ਚੁੱਕੇ ਇਕ ਮਕਾਨ ਦੀ ਦੇਹਲੀ ਕੋਲ ਡਿੱਗੀਆਂ ਇੱਟਾਂ ਲਗਾਉਣੀਆਂ ਸ਼ੁਰੂ ਕੀਤੀਆਂ। ਮੁਹੱਲੇ ਵਿਚ ਆਇਆ ਨਵਾਂ ਕਿਰਾਏਦਾਰ ਸਾਥੀ ਸੜਕ 'ਤੇ ਪਏ ਪੱਥਰ, ਇੱਟਾਂ ਦੇ ਟੁੱਕੜਿਆਂ ਨੂੰ ਅਲੱਗ ਰੱਖਣ ਲੱਗਿਆ। ਉਦੋਂ ਗਲੀ ਵਿਚ ਛੁਪੇ ਲੋਕ ਭੱਜ ਕੇ ਇਨ੍ਹਾਂ ਦੇ ਨੇਲੇ ਆਏ। ਭੱਬਨ ਅਤੇ ਉਹਦੇ ਸਾਥੀ ਨੂੰ ਦੇਖ ਕੇ ਪਰ ਕੁ ਠਿਠਕੇ, ਫਿਰ ਉਨ੍ਹਾਂ ਦੇ ਨਾਲ ਇੱਟਾਂ ਦੇ ਟੁਕੜਿਆਂ ਨੂੰ ਸੜਕ ਦੇ ਕਿਨਾਰੇ ਲਗਾਉਣ ਲੱਗੇ। ਸੜਕ ਵੀ ਸਾਫ਼ ਸੁਥਰੀ ਦਿੱਸਣ ਲੱਗੀ। ਮੁਹੱਲੇ ਦੇ ਲੋਕਾਂ ਦੇ ਹੱਥ ਨਿਰਮਾਣ ਦੇ ਵੱਲ ਵੱਧ ਰਹੇ ਸਨ। 'ਮਕਾਨ' ਬਣ ਚੁੱਕੀਆਂ ਇਮਾਰਤਾਂ 'ਘਰ' ਦਾ ਆਕਾਰ ਲੈ ਰਹੀਆਂ ਸਨ। ਮੁਹੱਲਾ ਫਿਰ ਆਬਾਦ ਹੋਣ ਜਾ ਰਿਹਾ ਸੀ।

---

## ਕਥਾ ਇਕ ਪਿੰਡ ਦੀ

ਲੇਖਕ : ਡਾ. ਰਾਮ ਮੂਰਤੀ

ਪ੍ਰਕਾਸ਼ਕ : ਅਲਖ ਪਬਲੀਕੇਸ਼ਨ, ਜਲੰਧਰ

ਮੁੱਲ 200 ਰੁਪਏ, ਸਫ਼ੇ : 132

ਸੰਪਰਕ : 94174-49665




ਡਾ. ਰਾਮ ਮੂਰਤੀ ਪਜਾਬੀ ਕਵਿਤਾ, ਆਲੋਚਨਾ ਅਤੇ ਸੰਪਾਦਨਾ ਦੇ ਖੇਤਰ ਦੀ ਜਾਣੀ-ਪਛਾਣੀ ਸ਼ਖ਼ਸੀਅਤ ਹੈ। ਉਨ੍ਹਾਂ ਵਲੋਂ ਲਿਖੀ ਆਲੋਚਨਾ ਦੀ ਕਿਤਾਬ 'ਜਸਵੰਤ ਸਿੰਘ ਨੇਕੀ ਦਾ ਵਿਚਾਰਧਾਰਕ ਅਧਿਐਨ' ਵਿਸ਼ੇਸ਼ ਚਰਚਾ ਵਿਚ ਰਹੀ ਹੈ। ਵਿਚਾਰ ਅਧੀਨ ਕਿਤਾਬ ਦੁਆਰਾ ਡਾ. ਰਾਮ ਮੂਰਤੀ ਨੇ ਨਾਵਲ ਦੇ ਖੇਤਰ ਵਿਚ ਪਹਿਲਾ ਕਦਮ ਰੱਖਿਆ ਹੈ। ਇਸ ਨਾਵਲ ਦੁਆਰਾ ਲੇਖਕ ਦਿਹਾਤੀ ਸਮਾਜ ਵਿਚ ਫੈਲੀਆਂ ਬੁਰਾਈਆਂ ਨੂੰ ਸੁਧਾਰਨ ਲਈ ਕੀਤੇ ਜਾਂਦੇ ਯਤਨਾਂ ਨੂੰ ਪੇਸ਼ ਕਰਦਾ ਹੈ। ਨਾਵਲ ਦਾ ਕੇਂਦਰ ਪਿੰਡ ਸੰਘਾ ਖ਼ਾਲਸਾ ਹੈ ਜਿੱਥੇ ਪੰਜਾਬ ਦੇ ਹੋਰ ਪਿੰਡਾਂ ਵਾਂਗ ਸਿਆਸੀ ਧੜੇਬੰਦੀਆਂ, ਸ਼ਰੀਕੇਬਾਜੀ, ਵਹਿਮ ਭਰਮ, ਸਫ਼ਾਈ ਪ੍ਰਬੰਧਾਂ ਦੀ ਘਾਟ, ਸਿੱਖਿਆ ਤੇ ਸਿਹਤ ਸਹੂਲਤਾਂ ਪ੍ਰਤੀ ਉਦਾਸੀਨਤਾ ਪਾਈ ਮਿਲਦੀ ਹੈ। ਨਾਵਲਕਾਰ ਪਿੰਡ ਦੇ ਨੌਜਵਾਨਾਂ ਨਿੰਮਾ, ਸਤਨਾਮ, ਸੰਤੋਖ ਸਮੇਤ ਸਾਰੀਆਂ ਵਿਕਾਸਸ਼ੀਲ ਧਿਰਾਂ ਦੀ ਹਿੰਮਤ, ਦ੍ਰਿੜ੍ਹ ਇੱਛਾ ਸ਼ਕਤੀ ਤੇ ਲਗਨ ਨਾਲ ਪਿੰਡ ਸੰਘਾ ਖ਼ਾਲਸਾ ਨੂੰ ਸੁਧਾਰ ਕੇ ਇਕ ਆਦਰਸ਼ ਪਿੰਡ ਵਜੋਂ ਨਵਿਆਉਣ ਦੇ ਉੱਦਮ ਨੂੰ ਰੌਚਿਕ ਗਲਪੀ ਘਟਨਾਵਾਂ ਵਿਚ ਪੇਸ਼ ਕਰਦਾ ਹੈ। ਪੇਂਡੂ ਖੇਤਰ ਦੀਆਂ ਤਮਾਮ ਬੇਤਰਤੀਬੀਆਂ ਨੂੰ ਸੁਧਾਰਨ ਲਈ ਪਰਵਾਸੀ ਪੂੰਜੀ ਦੇ ਯੋਗਦਾਨ ਦੀ ਚਰਚਾ ਵੀ ਨਾਵਲ ਵਿੱਚ ਸੰਵਾਦ ਪੈਦਾ ਕਰਦੀ ਹੈ। ਪਰਵਾਸੀ ਬੰਦੇ ਦੇ ਮਨ ਵਿਚ ਆਪਣੇ ਪਿੰਡ ਦੀ ਮਿੱਟੀ ਲਈ ਰੁਮਾਂਸਿਕ ਭਾਵਨਾ ਹੀ ਨਹੀਂ ਹੁੰਦੀ ਸਗੋਂ ਉਹ ਇਸ ਸੰਬੰਧੀ ਸੁਧਾਰ ਲਈ ਵੀ ਤਤਪਰ ਹੁੰਦਾ ਹੈ। ਅਜਮੇਰ ਸਿੰਘ ਵਰਗੇ ਪਰਵਾਸੀ ਵਿਅਕਤੀ ਨੂੰ ਭਾਰਤ ਆ ਕੇ ਰਿਜ਼ੋਰਟ ਖੋਲ੍ਹਣ ਵਿੱਚ ਇਥੋਂ ਦੇ ਭ੍ਰਿਸ਼ਟ ਤੰਤਰ ਵਲੋਂ ਜ਼ਲੀਲ ਕਰਨਾ ਪਰਵਾਸੀ ਬੰਦੇ ਦੀ ਪੰਜਾਬ ਪ੍ਰਤੀ ਹਾਂਦਰੂ ਸੋਚ ਨੂੰ ਵੀ ਖੋਰਾ ਲਾਉਂਦਾ ਹੈ। ਇਸ ਨਾਲ ਆਵਾਸੀ ਤੇ ਪਰਵਾਸੀ ਧਰਤੀ ਦੇ ਸਿਸਟਮ ਵਿਚਲੇ ਫਰਕ ਨੂੰ ਮਹਿਸੂਸ ਕਰਵਾਇਆ ਗਿਆ ਹੈ। ਕੁੱਲ ਮਿਲਾ ਕੇ ਸੱਚੀਆਂ ਘਟਨਾਵਾਂ ਦੀ ਦਾਅਵੇਦਾਰੀ ਵਾਲਾ ਇਹ ਨਾਵਲ ਆਪਣੀ ਰੌਚਿਕਤਾ ਨਾਲ ਪੜ੍ਹਨਯੋਗ ਰਚਨਾ ਹੈ।

**ਡਾ. ਜੇ.ਬੀ. ਸੇਖੋਂ**

ਮੋਬਾਇਲ : 94175 86028



# ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ

ਸੰਤ ਸਿੰਘ ਸੰਧੂ

ਬਾਬਾ ਬਿਆਸ – ਮੁਰਸ਼ਦ ਦਾ ਦੀਦਾਰ ਹੈ ਬਾਹੂ, ਲੱਖ ਕ੍ਰੋੜਾਂ ਹੱਜਾਂ ਹੂ।

ਸੰਗਰਾਦ-ਅੱਸੂ – ਜੋ ਹਰਿ ਕੰਤਿ ਮਿਲਾਈਆ, ਸੇ ਵਿਛੁੜਿ ਕਤਹਿ ਨਾ ਜਾਇ।

ਪ੍ਰੋ. ਸਾਧੂ ਸਿੰਘ (M.P.) – ਇਕ ਵਾਰੀ ਮੇਲ ਵੇ ਰੱਬਾ, ਕਿਤੇ ਵਿਛੜੇ ਨਾ ਰਹਿ ਜਾਈਏ।

ਕੰਗਣਾ ਰਣੌਤ – ਵਾਰਸ ਸ਼ਾਹ ਹੁਨਰ, ਵਿਚ ਸਭ ਮਰਦਾਂ, ਅਤੇ ਮਹਿਰੀਆਂ ਵਿਚ ਨੇ ਐਬ ਸਾਰੇ।

ਭਾਜਪਾ – ਲੁੰਡੀ ਵਹਿੜਕੀ ਨੂੰ ਖੇਤ ਹੱਥ ਆਇਆ, ਪਈ ਉੱਪਰੋਂ ਉਪਰੋਂ ਮਰੁਛਦੀ ਏ।

ਬਾਬਾ ਸੀਚੇਵਾਲ – ਬੁਰਾ ਬੋਲਦੀ ਹੈ ਜੇਹੜੀ ਜੋਗੀਆਂ ਨੂੰ, ਸਿਰ ਮੁੰਨ ਕੇ ਗਧੇ ਚੜ੍ਹਾਵਨੇ ਹਾਂ।

ਵੰਡ ਸੰਤਾਲੀ – ਕਾਜੀ ਖੋਹ ਦਿੱਤੀ ਹੀਰ ਖੇੜਿਆਂ ਨੂੰ, ਇਹਨਾਂ ਹੱਕ ਦਾ ਰਾਹ ਨਕਾਰਿਆ ਏ।

ਰਾਕੇਸ਼ ਟਿਕੈਤ – ਪੱਕੀ ਚੌਂਤੜੀ ਸਿਰੇ 'ਤੇ ਘਰ ਮੇਰਾ, ਬਿਨਾ ਪੁੱਛੇ ਆ ਜਾ ਵੀਰਨਾ।

ਨਿਰਮਲ ਸਿੰਘ ਲਾਂਬੜਾ – ਕਾਦਰਯਾਰ ਦੀਦਾਰ ਨੂੰ ਅਸੀਂ ਆਏ, ਹੋਰ ਮੰਗਣੇ ਦੀ ਦਿਲ ਚਾਹ ਨਾਹੀਂ।

ਮੋਤਾ ਸਿੰਘ ਸਰਾਏ – ਮੁਖ ਹੀਰ ਦਾ ਡਿਠਿਆਂ ਪਾਪ ਝੜਦੇ, ਮੁਕਬਲ ਠੰਡ ਪਵੇ ਵਿਚ ਸੀਨਿਆਂ ਦੇ।

ਪਾਸ਼ ਯਾਦਗਾਰ – ਸੱਜਣ ਬਾਝ ਹੈਰਾਨ ਹਦਾਇਤੁਲਾ, ਲੋਕੀਂ ਕਰਨ ਗੱਲਾਂ ਖੋਚ ਖੋਚ ਸਈਓ।

ਪ੍ਰਵਾਸ – ਮੁਹੰਮਦ ਬੂਟਿਆ ਰੋਂਦਿਆਂ ਉਮਰ ਗੁਜਰੀ, ਕੇਹਾ ਧੁਰੋਂ ਨਸੀਬ ਖਰਾਬ ਮਿਲਿਆ।

ਪੱਛਮੀ ਪੰਜਾਬ – ਯਾਰੀ ਟੁੱਟ ਗਈ ਖੜਾਕ ਨਹੀਂ ਹੋਇਆ, ਰਾਮ ਸੱਤ ਹੋ ਗਈ ਮਿਤਰੋ।

ਸ਼ਹਿਬਾਜ਼ ਖ਼ਾਨ – ਪੁਤਰ ਵੀਰ ਦਾ, ਭਤੀਜਾ ਮੇਰਾ, ਜੜ੍ਹ ਹਰੀ ਮਾਪਿਆਂ ਦੀ।

ਰਾਮ ਮੂਰਤੀ (ਡਾ.) – ਤੂੰ ਵੀ ਬੂਟਿਆ ਇਸ਼ਕ ਦੇ ਰਾਹ ਉੱਤੇ, ਜ਼ਰਾ ਰੱਖਣਾ ਪੈਰ ਸੰਭਾਲਦੇ ਨਾਲ।

ਬਾਬਾ ਸੇਵਾ ਸਿੰਘ – ਸਾਡੀ ਆਸ਼ਕਾਂ ਦੀ ਛੰਨ ਨ ਛੱਪਰੀ ਏ, ਰੱਖਣ ਬੂਹੇ ਨੂੰ ਤਾਲ ਨਾ ਮਾਲ ਕੋਈ।

ਵੈਨਜ਼ੁਏਲਾ – ਪਾਤਸ਼ਾਹੀਓਂ ਸੁੱਟ ਕੰਗਾਲ ਕੀਤਾ, ਕਰ ਲੱਖ ਤੋਂ ਕੱਖ ਵਿਖਾਲਿਆ ਸੂ।

ਵਲਾਇਤ – ਕਰਾਂ ਕੀ ਤਾਰੀਫ ਮੈਂ ਖੇੜਿਆਂ ਦੀ, ਡਾਰ ਫਿਰਨ ਚੌਤਰਫ ਕੁਆਰੀਆਂ ਦੇ।

ਡੋਨਾਲਡ ਟ੍ਰੰਪ – ਸੈਦਾ ਪੁੱਤ ਕਿਸੇ ਬਰਖੁਰਦਾਰ ਦਾ ਏ, ਜਿਹਨੇ ਹੱਕ ਰੰਝੇਟੇ ਦਾ ਖੱਸਿਆ ਏ।

ਤਾਨਸ਼ਾਹੀ – ਵਾਰਸ ਸ਼ਾਹ ਇਹ ਜੱਟ ਨੇ ਠੱਗ ਸਭੇ, ਵੱਡੇ ਠੱਗ ਪਰ ਜੱਟ ਝੁਕਾਂਵਦੇ ਨੇ।

ਮੋਦੀ ਮੰਤਰੀ ਮੰਡਲ – ਕਾਓਂ ਬਾਗ ਦੇ ਵਿਚ ਕਲੋਲ ਕਰਦੇ, ਕੂੜਾ ਫੋਲਣੇ ਦੇ ਉੱਤੇ ਮੋਰ ਕੀਤੇ।

ਚੜ੍ਹਾਵਾ ਚੋਰੀ – ਮਹਿਰੀ ਖੰਡ ਮਲਾਈ ਦਾ ਥਾਲ ਭਰਿਆ, ਚਾਇ ਕੱਪੜੇ ਵਿਚ ਲੁਕਾਇਆ ਈ।

ਹਰਭਜਨ ਬਾਜਵਾ – ਰਜਾ ਰੱਬ ਦੀ ਵਾਰਸਾ ਨਹੀਂ ਟਲਦੀ, ਇਹ ਧੁਰੋ ਹੀ ਹੁੰਦੜਾ ਆਇਆ ਈ।

ਤਲਵੰਡੀ ਸਲੇਮ (ਜਲੰਧਰ)
97794-79169








TEACHER'S DAY











| Apni Aawaaz | Volume 5 | Issue 10 | October 2026 | RNI : PUNPUN/2022/82997 |
| --- | --- | --- | --- | --- |













Printer, Publisher & Owner Surinder Singh Sunner. Printed at Appu Art Press, Shahkot (Jalandhar) Punjab-144702 and Published at 693, G.T.B. Nagar, Jalandhar Punjab-144001
Editor - Dr. Ram Murti
*Publication Date : 01/10/2026*

ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ ਸੁਰਿੰਦਰ ਸਿੰਘ ਸੁੰਨੜ ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਪੰਜਾਬ -1447002 ਤੋਂ ਛਪਵਾ ਕੇ 693 ਜੀ.ਟੀ.ਬੀ. ਨਗਰ, ਜਲੰਧਰ ਪੰਜਾਬ-144001 ਤੋਂ ਪ੍ਰਕਾਸ਼ਿਤ ਕੀਤਾ।
ਸੰਪਾਦਕ - ਡਾ. ਰਾਮ ਮੂਰਤੀ
ਪ੍ਰਕਾਸ਼ਨ ਮਿਤੀ : 01/10/2026